Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Chief Editor: **Gurjatinder Singh Randhawa**
Punjab Mail USA

REALTYONEGROUP
FOR SALE & PURCHASE OF ANY KIND OF PROPERTY




ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR CA DRE licence # 01490567
916-320-9444

Vol. 18, Issue- 804, 30 May to 05 June, 2024, Ph: 916-320-9444, E-mail: punjabmailusa@yahoo.com, Web: punjabmailusa.com

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ 20ਵੀਂ ਅੰਤਰਰਾਸ਼ਟਰੀ ਕਾਨਫਰੰਸ ਕਾਮਯਾਬੀ ਨਾਲ ਸੰਪੰਨ

- ਕਾਨਫਰੰਸ ਸੁਰਜੀਤ ਪਾਤਰ, ਮਹਿੰਦਰ ਸਿੰਘ ਘੱਗ ਅਤੇ ਰਬਿੰਦਰ ਸਿੰਘ ਅਟਵਾਲ ਨੂੰ ਕੀਤੀ ਗਈ ਸਮਰਪਿਤ
- ਦੇਸ਼ਾਂ-ਵਿਦੇਸ਼ਾਂ ਤੋਂ ਪਹੁੰਚੇ ਸਾਹਿਤਕਾਰ



**ਸੈਕਰਾਮੈਂਟੋ, (ਪੰਜਾਬ ਮੇਲ)-** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ 20ਵੀਂ ਅੰਤਰਰਾਸ਼ਟਰੀ ਕਾਨਫਰੰਸ ਕਾਮਯਾਬੀ ਨਾਲ ਕਰਵਾਈ ਗਈ। ਪੂਜਾ ਰੈਸਟੋਰੈਂਟ, ਵੈਸਟ ਸੈਕਰਾਮੈਂਟੋ ਦੇ ਹਾਲ ਵਿਚ ਹੋਈ ਇਸ ਕਾਨਫਰੰਸ ਵਿਚ ਦੇਸ਼ਾਂ-ਵਿਦੇਸ਼ਾਂ ਤੋਂ ਸਾਹਿਤਕਾਰ ਅਤੇ ਬੁੱਧੀਜੀਵੀ ਪਹੁੰਚੇ। ਸਵੇਰੇ ਸ਼ੁਰੂ ਹੋ ਕੇ ਦੇਰ ਸ਼ਾਮ ਤੱਕ ਚੱਲੀ ਇਸ ਕਾਨਫਰੰਸ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਸੀ। ਇਹ ਕਾਨਫਰੰਸ ਮਰਹੂਮ ਕਵੀ ਸੁਰਜੀਤ ਪਾਤਰ, ਮਹਿੰਦਰ ਸਿੰਘ ਘੱਗ ਅਤੇ ਰਬਿੰਦਰ ਸਿੰਘ ਅਟਵਾਲ ਨੂੰ ਸਮਰਪਿਤ ਕੀਤੀ ਗਈ ਸੀ।

ਮੰਚ ਸੰਚਾਲਕ ਗੁਰਜਤਿੰਦਰ ਸਿੰਘ ਰੰਧਾਵਾ ਨੇ ਸਭ ਤੋਂ ਪਹਿਲਾਂ ਸਭਾ ਦੇ ਪ੍ਰਧਾਨ ਦਲਵੀਰ 'ਦਿਲ' ਨਿੱਜਰ ਨੂੰ ਸਟੇਜ 'ਤੇ ਆਉਣ ਦਾ ਸੱਦਾ ਦਿੱਤਾ। ਸ. ਨਿੱਜਰ ਨੇ ਸਮੂਹ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਕਿਹਾ। ਇਸ ਉਪਰੰਤ ਜੋਤੀ ਸਿੰਘ, ਰਮਨ ਅਤੇ ਜਸਵੰਤ ਸੈਦੋਕੇ ਵੱਲੋਂ ਸ਼ਬਦ ਗਾਇਨ ਕੀਤਾ ਗਿਆ।

ਪਹਿਲੇ ਸੈਸ਼ਨ ਵਿਚ ਕਵੀ ਸੰਮੇਲਨ ਆਯੋਜਿਤ ਕੀਤਾ ਗਿਆ, ਜਿਸ ਦਾ ਮੰਚ ਸੰਚਾਲਨ ਮਨਜੀਤ ਕੌਰ ਸੇਖੋਂ ਨੇ ਕੀਤਾ। ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਹਰਬੰਸ ਸਿੰਘ ਜਗਿਆਸੂ, ਹਰਦਿਆਲ ਸਿੰਘ ਚੀਮਾ, ਤਾਰਾ ਸਿੰਘ ਕੋਮਲ, ਹਰਭਜਨ ਸਿੰਘ ਢੇਰੀ ਅਤੇ ਸੇਵਾ ਸਿੰਘ ਨੂਰਪੁਰੀ ਸੁਸ਼ੋਭਿਤ ਸਨ। ਇਸ ਕਵੀ ਸੰਮੇਲਨ 'ਚ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਪੰਨੂੰ, ਜਗਜੀਤ ਨੌਸ਼ਹਿਰਵੀ, ਸੇਵਾ ਸਿੰਘ ਨੂਰਪੁਰੀ, ਜੀਵਨ ਰੱਤੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਦਿਲ ਨਿੱਜਰ, ਲਖਬੀਰ ਸਿੰਘ ਘੱਗ, ਹਰਪ੍ਰੀਤ ਕੌਰ ਧੂਤ, ਅਮਰਪਾਲ ਸਿੰਘ ਕੰਬੋਜ, ਡਾ. ਗੁਰਪਾਲ ਸਿੰਘ ਖਹਿਰਾ, ਰਮਨਜੀਤ, ਜੋਤੀ ਸਿੰਘ, ਗੁਰਜਤਿੰਦਰ ਸਿੰਘ ਰੰਧਾਵਾ, ਹਰਭਜਨ ਸਿੰਘ ਢੇਰੀ, ਹਰਬੰਸ ਸਿੰਘ ਜਗਿਆਸੂ ਨੇ ਆਪੋ-ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

ਮਹਿੰਦਰ ਸਿੰਘ ਘੱਗ ਦੇ ਸਪੁੱਤਰ ਮੇਅਰ ਲਖਬੀਰ ਸਿੰਘ ਘੱਗ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਪਾਕਿਸਤਾਨੀ ਲੇਖਕ ਮਕਸੂਦ ਅਲੀ ਅਤੇ ਇਮਤਿਆਜ਼ ਅਲੀ ਨੇ ਸਭਾ ਦੇ ਪ੍ਰਧਾਨ ਦਿਲ ਨਿੱਜਰ ਨੂੰ ਪਾਕਿਸਤਾਨੀ ਪੱਗ 'ਕੁੱਲ੍ਹਾ' ਸਿਰ 'ਤੇ ਸਜਾ ਕੇ ਸਨਮਾਨਿਤ ਕੀਤਾ।

ਪੰਜਾਬੀ ਸਾਹਿਤ ਸਭਾ ਵੱਲੋਂ ਸ਼ਾਨਦਾਰ ਸੋਵੀਨਰ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਵਿਚ ਵੱਖ-ਵੱਖ ਪੰਜਾਬੀ ਸਾਹਿਤ ਨਾਲ ਸੰਬੰਧਤ ਲੇਖ ਅਤੇ ਹੋਰ ਰਚਨਾਵਾਂ ਨੂੰ ਲੜੀਬੱਧ ਕੀਤਾ ਗਿਆ ਸੀ।

ਇਸ ਸੋਵੀਨਰ ਨੂੰ ਸਭਾ ਦੇ ਮੈਂਬਰਾਂ ਵੱਲੋਂ ਰਿਲੀਜ਼ ਕੀਤਾ ਗਿਆ, ਜਿਨ੍ਹਾਂ ਵਿਚ ਦਿਲ ਨਿੱਜਰ, ਗੁਰਜਤਿੰਦਰ ਸਿੰਘ ਰੰਧਾਵਾ, ਹਰਬੰਸ ਸਿੰਘ ਜਗਿਆਸੂ, ਰਾਠੇਸ਼ਵਰ ਸਿੰਘ ਸੂਰਾਪੁਰੀ, ਮਨਜੀਤ ਕੌਰ ਸੇਖੋਂ, ਮੇਜਰ ਭੁਪਿੰਦਰ ਦਲੇਰ, ਅਜੈਬ ਚੀਮਾ, ਡਾ. ਪਰਗਟ ਸਿੰਘ ਹੁੰਦਲ, ਹਰਭਜਨ ਸਿੰਘ ਢੇਰੀ, ਜੋਤੀ ਸਿੰਘ, ਜੀਵਨ ਰੱਤੂ, ਫਕੀਰ ਸਿੰਘ ਮੱਲ੍ਹੀ, ਗੁਰਦੀਪ ਕੌਰ, ਭਾਗ ਸਿੰਘ ਸਿੱਧੂ ਅਤੇ ਹਰਜਿੰਦਰ ਮੱਟੂ ਸ਼ਾਮਲ ਸਨ।

ਇਸ ਸਮੇਂ ਕੁੱਝ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਫਿਲਮ ਨਿਰਮਾਤਾ ਤੇ ਨਿਰਦੇਸ਼ਕ ਕਵੀ ਰਾਜ, ਡਾ. ਦਲਬੀਰ ਸਿੰਘ ਕਥੂਰੀਆ (ਟੋਰਾਂਟੋ), ਡਾ. ਪਰਗਟ ਸਿੰਘ ਬੱਗਾ (ਟੋਰਾਂਟੋ), ਪ੍ਰਿਤਪਾਲ ਸਿੰਘ ਚੱਗੜ (ਟੋਰਾਂਟੋ), ਅਮਰ ਸਿੰਘ ਸੂਫੀ (ਪੰਜਾਬ), ਪ੍ਰੀਤਮ ਸਿੰਘ ਭਰੋਵਾਲ (ਪੰਜਾਬ), ਹਰਦਿਆਲ ਸਿੰਘ ਚੀਮਾ (ਸਿਆਟਲ), ਡਾ. ਤਾਰਾ ਸਿੰਘ ਕਮਲ (ਪੰਜਾਬ, ਇੰਡੀਆ), ਸੁਖਦੇਵ ਸਿੰਘ ਢਿੱਲੋਂ (ਸਰੀ), ਇੰਦਰਬੀਰ ਸਿੰਘ ਲਾਲੀ ਸੰਧੂ (ਸਿਆਟਲ), ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ, ਮੇਅਰ ਬੌਬੀ ਸਿੰਘ ਐਲਨ, ਮੇਅਰ ਪਰਗਟ ਸਿੰਘ ਸੰਧੂ, ਦਵਿੰਦਰ ਸਿੰਘ ਬੈਂਸ, ਨਰਿੰਦਰਪਾਲ ਸਿੰਘ ਹੁੰਦਲ, ਵਰਿੰਦਰ ਸਿੰਘ ਸੇਖੋਂ ਅਤੇ ਹਰਮਿੰਦਰ ਸਿੰਘ ਕਾਹਲੋਂ ਸ਼ਾਮਲ ਸਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਡਸਵੈਲੀ ਚੈਂਬਰ ਆਫ ਕਾਮਰਸ ਦੇ ਸੁਖਚੈਨ ਸਿੰਘ, ਦਲਜੀਤ ਸਿੰਘ ਸੰਧੂ, ਜਗਰੂਪ ਸਿੰਘ ਮਾਂਗਟ, ਮੁਖਤਾਰ ਸਿੰਘ ਗਿੱਲ, ਮਾਈਕ ਬੋਪਾਰਾਏ ਵੀ ਹਾਜ਼ਰ ਸਨ।

ਦੁਪਹਿਰ ਦੇ ਖਾਣੇ ਤੋਂ ਬਾਅਦ ਕਾਨਫਰੰਸ ਦਾ ਦੂਜਾ ਸੈਸ਼ਨ ਸ਼ੁਰੂ ਹੋਇਆ, ਜਿਸ ਵਿਚ ਪੰਜਾਬੀ ਮਾਂ ਬੋਲੀ 'ਤੇ ਵਿਚਾਰ-ਵਟਾਂਦਰੇ ਕੀਤੇ ਗਏ। ਪ੍ਰਧਾਨਗੀ ਮੰਡਲ ਵਿਚ ਦਲਵੀਰ 'ਦਿਲ' ਨਿੱਜਰ, ਡਾ. ਦਲਬੀਰ ਸਿੰਘ ਕਥੂਰੀਆ, ਡਾ. ਪਰਗਟ ਸਿੰਘ ਬੱਗਾ, ਹਰਜਿੰਦਰ ਪੰਧੇਰ, ਸੁਖਵਿੰਦਰ ਕੰਬੋਜ ਸੁਸ਼ੋਭਿਤ ਸਨ। ਇਸ ਦੌਰਾਨ ਕੁੱਝ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ। ਸਭਾ ਦੇ ਪ੍ਰਧਾਨ ਦਲਵੀਰ 'ਦਿਲ' ਨਿੱਜਰ ਦੀ ਕਿਤਾਬ 'ਰੂਹਾਂ ਦਾ ਸੰਗਰਾਮ' ਉਨ੍ਹਾਂ ਦੀ ਸਤਿਕਾਰਯੋਗ ਮਾਤਾ ਜੀ ਵੱਲੋਂ ਰਿਲੀਜ਼ ਕੀਤੀ ਗਈ। ਜੀਵਨ ਰੱਤੂ ਨੇ ਦਿਲ ਨਿੱਜਰ ਦੀ ਇਸ ਨਵੀਂ ਕਿਤਾਬ ਵਿਚੋਂ ਇਕ ਗੀਤ ਵੀ ਗਾ ਕੇ ਸੁਣਾਇਆ।

ਇਸ ਦੇ ਨਾਲ ਹੀ ਹਰਨੇਕ ਸਿੰਘ ਸਟਾਕਟਨ ਦੀ ਕਿਤਾਬ 'ਇਕੋ ਰੈਂਕ' ਜਿਹੜੀ ਕਿ 'ਮਿੰਨੀ ਕਹਾਣੀਆਂ' ਦਾ ਸੰਗ੍ਰਹਿ ਸੀ, ਵੀ ਰਿਲੀਜ਼ ਕੀਤੀ ਗਈ। ਹਰਪ੍ਰੀਤ ਕੌਰ ਧੂਤ ਦੀ ਕਹਾਣੀਆਂ ਦੀ ਕਿਤਾਬ 'ਸੂਰਜ ਹਾਰ ਗਿਆ' ਵੀ ਰਿਲੀਜ਼ ਕੀਤੀ ਗਈ। ਇਸ ਤੋਂ ਇਲਾਵਾ ਡਾ. ਦਲਬੀਰ ਕਥੂਰੀਆ ਅਤੇ ਸੁਖਿੰਦਰ ਵੱਲੋਂ ਸੰਪਾਦਿਤ ਕੀਤੀ ਗਈ ਕਿਤਾਬ 'ਪੰਜਾਬੀ ਸਾਹਿਤ ਅਤੇ ਸੱਭਿਆਚਾਰ' ਵੀ ਰਿਲੀਜ਼ ਕੀਤੀ ਗਈ।

ਤੀਜੇ ਸੈਸ਼ਨ ਵਿਚ ਇਕ ਵਾਰ ਫਿਰ ਕਵੀ ਸੰਮੇਲਨ ਕਰਵਾਇਆ ਗਿਆ। ਮੇਜਰ ਭੁਪਿੰਦਰ ਦਲੇਰ ਨੇ ਇਸ ਦੀ ਕਮਾਂਡ ਸੰਭਾਲੀ। ਪ੍ਰਧਾਨਗੀ ਮੰਡਲ ਵਿਚ ਅਮਰ ਸਿੰਘ ਸੂਫੀ, ਪ੍ਰੀਤਮ ਸਿੰਘ ਭਰੋਵਾਲ, ਹਰਜਿੰਦਰ ਕੰਗ, ਪ੍ਰਿਤਪਾਲ ਸਿੰਘ ਚੱਗੜ, ਸਾਧੂ ਸਿੰਘ ਸੰਘਾ ਵੀ ਸ਼ਾਮਲ ਹੋਏ।

ਇਸ ਦੌਰਾਨ ਕਵੀ ਸੰਮੇਲਨ ਦਾ ਆਗਾਜ਼ ਗੁਰਜਤਿੰਦਰ ਸਿੰਘ ਰੰਧਾਵਾ ਨੇ ਮਰਹੂਮ ਸੁਰਜੀਤ ਪਾਤਰ 'ਤੇ ਲਿਖੀ ਕਵਿਤਾ ਸੁਣਾ ਕੇ ਕੀਤਾ। ਇਸ ਉਪਰੰਤ ਸਾਧੂ ਸਿੰਘ ਸੰਘਾ, ਰਣਜੀਤ ਗਿੱਲ, ਇਨਾਇਤ ਅਲੀ, ਸੁਰਿੰਦਰ ਸ਼ੀਮਾਰ, ਹਰਜਿੰਦਰ ਮੱਟੂ, ਮੱਖਣ ਲੁਹਾਰ, ਅਮਰਜੀਤ ਕੌਰ ਪਨੂੰ, ਮਨਦੀਪ ਗੋਰਾ, ਪ੍ਰੀਤਮ ਸਿੰਘ ਭਰੋਵਾਲ, ਜਗਜੀਤ ਨੌਸ਼ਹਿਰਵੀ, ਦਿਲ ਨਿੱਜਰ, ਲਖਵਿੰਦਰ ਲੱਖੀ, ਇਕਵਿੰਦਰ ਢੱਟ, ਮਾਈਕਲ ਬਾਠਲਾ, ਹਰਜਿੰਦਰ ਕੰਗ, ਅਮਰ ਸੂਫੀ, ਪ੍ਰਿਤਪਾਲ ਚੱਗੜ, ਮਨਗੀਤ ਗਰੇਵਾਲ, ਬਲਦੇਵ ਬਾਵਾ, ਰੁਪਿੰਦਰ ਸੰਧੂ, ਜਸਪਾਲ ਨਾਗਰਾ, ਫੱਗਣ ਸਿੰਘ, ਜਵਾਹਰ ਧਵਨ ਅਤੇ ਜੀਵਨ ਰੱਤੂ ਵੀ ਸ਼ਾਮਲ ਹੋਏ।

ਚੌਥੇ ਸੈਸ਼ਨ ਵਿਚ ਗੀਤ-ਸੰਗੀਤ ਹੋਇਆ, ਜਿਸ ਵਿਚ ਵੱਖ-ਵੱਖ ਗਾਇਕਾਂ ਨੇ ਆਪਣੀ ਹਾਜ਼ਰੀ ਲੁਆਈ। ਕੁੱਲ ਮਿਲਾ ਕੇ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੀ ਇਹ 20ਵੀਂ ਸਾਲਾਨਾ ਕਾਨਫਰੰਸ ਕਾਮਯਾਬ ਹੋ ਨਿਬੜੀ।

■ ਬਾਕੀ ਫੋਟੋਆਂ ਸਫਾ 2 ਅਤੇ 3 'ਤੇ

## ਪੰਜਾਬ 'ਚ 1 ਜੂਨ ਨੂੰ ਹੋ ਰਹੀਆਂ ਚੋਣਾਂ ਲਈ ਤਿਆਰੀਆਂ ਮੁਕੰਮਲ

- ਮੁੱਖ ਚੋਣ ਅਫ਼ਸਰ ਵੱਲੋਂ ਵੋਟਰਾਂ ਨੂੰ "ਇਸ ਵਾਰ 70 ਪਾਰ" ਦੀ ਪ੍ਰਾਪਤੀ ਲਈ 1 ਜੂਨ ਨੂੰ ਹੁੰਮ-ਹੁਮਾ ਕੇ ਚੋਣ ਬੂਥਾਂ 'ਤੇ ਜਾਣ ਦੀ ਅਪੀਲ
- ਬੂਥਾਂ 'ਤੇ ਗਰਮੀ ਅਤੇ ਲੂ ਪ੍ਰਬੰਧਨ ਲਈ ਢੁਕਵੇਂ ਉਪਾਅ



**ਐੱਸ.ਏ.ਐੱਸ. ਨਗਰ, (ਪੰਜਾਬ ਮੇਲ)-** ਪੰਜਾਬ 'ਚ 1 ਜੂਨ ਨੂੰ ਹੋਣ ਜਾ ਰਹੀਆਂ ਚੋਣਾਂ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ (ਸੀ.ਈ.ਓ.), ਸਿਬਿਨ ਸੀ ਵੱਲੋਂ ਇਨ੍ਹਾਂ ਚੋਣਾਂ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਲਈ ਮੁੱਖ ਅਫਸਰਾਂ ਅਤੇ ਅਧਿਕਾਰੀਆਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਸੁਰੱਖਿਆ ਕਰਮੀਆਂ ਦੀ ਗਸ਼ਤ ਵੀ ਵਧਾ ਦਿੱਤੀ ਗਈ ਹੈ। ਚੋਣ ਪ੍ਰਚਾਰ ਕਰਨ ਦਾ ਸਮਾਂ ਖਤਮ ਹੋ ਗਿਆ ਹੈ ਅਤੇ ਹੁਣ ਸਿਰਫ ਨੁੱਕੜ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ, ਜਿਸ ਕਰਕੇ ਸ਼ਹਿਰ ਵਿਚ ਰੌਲਾ-ਰੱਪਾ ਖਤਮ ਹੋ ਗਿਆ ਹੈ।

ਮੁੱਖ ਚੋਣ ਅਧਿਕਾਰੀ ਵੱਲੋਂ ਵੋਟਰਾਂ ਨੂੰ ਸੂਬੇ ਚ "ਇਸ ਵਾਰ 70 ਪਾਰ" ਦੇ ਟੀਚੇ ਨੂੰ ਪ੍ਰਾਪਤ ਕਰਨ ਲਈ 1 ਜੂਨ ਨੂੰ ਪੂਰੇ ਜੋਸ਼ ਨਾਲ ਪੋਲਿੰਗ ਬੂਥਾਂ 'ਤੇ ਜਾਣ ਲਈ ਅਪੀਲ ਵੀ ਕੀਤੀ ਹੈ।


ਐਤਵਾਰ ਸਵੇਰੇ ਸਥਾਨਕ ਕਮਿਊਨਿਟੀ ਕਲੱਬਾਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਸਹਿਯੋਗ ਨਾਲ ਆਯੋਜਿਤ ਇੱਕ ਵਾਕਾਥਨ ਨੂੰ ਬੋਗਨਵਿਲੀਆ ਗਾਰਡਨ, ਫੇਜ਼ 4, ਮੋਹਾਲੀ ਤੋਂ ਹਰੀ ਝੰਡੀ ਦਿਖਾਉਂਦੇ ਹੋਏ, ਸੀ.ਈ.ਓ. ਸਿਬਿਨ ਸੀ ਨੇ ਕਿਹਾ ਕਿ ਵਾਕਾਥਨ ਦਾ ਉਦੇਸ਼ ਚੋਣਾਂ ਵਿਚ ਸਰਗਰਮ ਭਾਗੀਦਾਰੀ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ। ਇਸ ਪ੍ਰੋਗਰਾਮ ਵਿਚ ਸਮਾਜ ਦੇ ਵੱਖ-ਵੱਖ ਖੇਤਰਾਂ ਦੇ ਭਾਗੀਦਾਰ ਸ਼ਾਮਲ ਹੋਏ, ਜਿਨ੍ਹਾਂ ਨੇ ਇਸ ਨੂੰ ਸਿਸਟਮੈਟਿਕ ਵੋਟਰ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ (ਸਵੀਪ) ਗਤੀਵਿਧੀ ਦੇ ਹਿੱਸੇ ਵਜੋਂ ਲੋਕਾਂ ਨਾਲ ਜੁੜਨ ਅਤੇ ਉਨ੍ਹਾਂ ਨੂੰ ਵੋਟ ਪਾਉਣ ਲਈ ਪ੍ਰੇਰਿਆ।

ਵਾਕਾਥਨ ਵਿਚ ਵੋਟਿੰਗ ਅਤੇ ਗ੍ਰੀਨ ਚੋਣਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਗਿਆ, ਜਿਸ ਵਿਚ ਭਾਗ ਲੈਣ ਵਾਲਿਆਂ ਨੇ ਹਰੇ ਰੰਗ ਦੀਆਂ ਟੀ-ਸ਼ਰਟਾਂ ਅਤੇ ਟੋਪੀਆਂ ਪਹਿਨੀਆਂ ਹੋਈਆਂ ਸਨ, ਜਿਨ੍ਹਾਂ 'ਤੇ 'ਸਾਡਾ ਮਿਸ਼ਨ-ਗ੍ਰੀਨ ਚੋਣ' ਨਾਅਰਾ ਲਿਖਿਆ ਸੀ। ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) ਵੱਲੋਂ ਗ੍ਰੀਨ ਚੋਣਾਂ ਦੇ ਸੰਦੇਸ਼ ਨੂੰ ਪ੍ਰਫੁੱਲਤ ਕਰਨ ਲਈ ਭਾਗ ਲੈਣ ਵਾਲਿਆਂ ਨੂੰ ਬੂਟੇ ਵੀ ਵੰਡੇ ਗਏ। ਸੀ.ਈ.ਓ. ਸਿਬਿਨ ਸੀ ਨੇ ਗ੍ਰੀਨ ਚੋਣ ਸੁਨੇਹੇ ਨੂੰ

■ ਬਾਕੀ ਖਬਰ ਸਫਾ 16 'ਤੇ

## ਟੀ-20 ਵਿਸ਼ਵ ਕੱਪ: ਟੀਮ ਇੰਡੀਆ ਵੱਲੋਂ ਨਿਊਯਾਰਕ 'ਚ ਆਪਣਾ ਅਭਿਆਸ ਸ਼ੁਰੂ

- 1 ਤੋਂ 29 ਜੂਨ ਤੱਕ ਵੈਸਟਇੰਡੀਜ਼ ਅਤੇ ਅਮਰੀਕਾ 'ਚ ਖੇਡਿਆ ਜਾਵੇਗਾ ਟੀ-20 ਵਿਸ਼ਵ ਕੱਪ




**ਨਿਊਯਾਰਕ, (ਪੰਜਾਬ ਮੇਲ)** ਟੀਮ ਇੰਡੀਆ ਨੇ 5 ਜੂਨ ਨੂੰ ਆਇਰਲੈਂਡ ਦੇ ਖ਼ਿਲਾਫ਼ ਆਈ.ਸੀ.ਸੀ. ਟੀ-20 ਵਿਸ਼ਵ ਕੱਪ ਦੇ ਸ਼ੁਰੂਆਤੀ ਮੁਕਾਬਲੇ ਤੋਂ ਪਹਿਲਾਂ ਨਿਊਯਾਰਕ ਵਿਚ ਆਪਣਾ ਅਭਿਆਸ ਸ਼ੁਰੂ ਕੀਤਾ। ਆਈ.ਸੀ.ਸੀ. ਟੀ-20 ਵਿਸ਼ਵ ਕੱਪ 1 ਤੋਂ 29 ਜੂਨ ਤੱਕ ਵੈਸਟਇੰਡੀਜ਼ ਅਤੇ ਅਮਰੀਕਾ 'ਚ ਖੇਡਿਆ ਜਾਵੇਗਾ। ਟੀਮ ਇੰਡੀਆ 1 ਜੂਨ ਨੂੰ ਨਿਊਯਾਰਕ ਦੇ ਨਸਾਊ ਕਾਊਂਟੀ ਇੰਟਰਨੈਸ਼ਨਲ ਕ੍ਰਿਕਟ ਸਟੇਡੀਅਮ 'ਚ ਆਪਣੇ ਇਕਲੌਤੇ ਅਭਿਆਸ ਮੈਚ ਵਿਚ ਬੰਗਲਾਦੇਸ਼ ਨਾਲ ਭਿੜੇਗੀ।

## ਰਣਜੀਤ ਕਤਲ ਕੇਸ: ਹਾਈਕੋਰਟ ਵੱਲੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਬਰੀ

- 20 ਸਾਲ ਪੁਰਾਣੇ ਮਾਮਲੇ ਵਿੱਚ ਸੁਣਾਇਆ ਫ਼ੈਸਲਾ
- ਇਸ ਸਮੇਂ ਰੋਹਤਕ ਦੀ ਜੇਲ੍ਹ ਵਿੱਚ ਬੰਦ ਹੈ ਡੇਰਾ ਮੁਖੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈ ਕੋਰਟ



ਨੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਤੇ ਚਾਰ ਹੋਰਾਂ ਨੂੰ ਡੇਰੇ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਦੀ 2002 ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਬਰੀ ਕਰ ਦਿੱਤਾ ਹੈ।

ਸਿਰਸਾ ਦੇ ਸੱਚਾ ਸੌਦਾ ਡੇਰੇ ਦਾ ਮੁਖੀ ਇਸ ਸਮੇਂ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਹੈ। ਉਹ ਆਪਣੀਆਂ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਦੋਸ਼ ਹੇਠ 20 ਸਾਲ ਦੀ ਸਜ਼ਾ ਕੱਟ ਰਿਹਾ ਹੈ। ਡੇਰਾ ਮੁਖੀ ਦੇ ਵਕੀਲ ਜਿਤੇਂਦਰ ਖੁਰਾਣਾ ਨੇ ਕਿਹਾ, "ਹਾਈ ਕੋਰਟ ਨੇ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਮੇਰੇ ਮੁਵੱਕਿਲ ਅਤੇ ਚਾਰ ਹੋਰਾਂ ਨੂੰ ਬਰੀ ਕਰ ਦਿੱਤਾ ਹੈ।" ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਦਲੀਲਾਂ ਪਹਿਲਾਂ ਹੀ ਮੁਕੰਮਲ ਹੋ ਗਈਆਂ ਸਨ ਅਤੇ ਹਾਈ ਕੋਰਟ ਨੇ ਫੈਸਲਾ ਸੁਣਾਇਆ ਹੈ।

■ ਬਾਕੀ ਖਬਰ ਸਫਾ 16 'ਤੇ

### ਰਾਮ ਰਹੀਮ ਨੂੰ ਕਤਲ ਮਾਮਲੇ 'ਚ ਬਰੀ ਕਰਨਾ ਅਸੰਤੁਸ਼ਟੀਜਨਕ ਫੈਸਲਾ : ਐਡਵੋਕੇਟ ਧਾਮੀ

**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਡੇਰੇ ਦੇ ਪ੍ਰਬੰਧਕ ਰਣਜੀਤ ਸਿੰਘ ਦੇ ਕਤਲ ਮਾਮਲੇ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਬਰੀ ਕੀਤੇ ਜਾਣ ਨੂੰ ਦੁੱਖਦਾਈ ਕਰਾਰ ਦਿੰਦਿਆਂ ਕਿਹਾ ਕਿ ਆਚਰਣਹੀਣ ਅਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਵਾਲੇ ਇਸ ਵਿਅਕਤੀ ਨੂੰ ਕਿਸੇ ਕਿਸਮ ਦੀ ਰਾਹਤ ਨਹੀਂ ਮਿਲਣੀ ਚਾਹੀਦੀ। ਐਡਵੋਕੇਟ ਧਾਮੀ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਮਾਮਲੇ ਦੇ ਮੁੱਖ ਦੋਸ਼ੀ ਗੁਰਮੀਤ ਰਾਮ ਰਹੀਮ 'ਤੇ ਪਹਿਲਾਂ ਹੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਨਿਯਮਾਂ ਨੂੰ ਨਜ਼ਰਅੰਦਾਜ਼ ਕਰਕੇ ਪੂਰੀ ਤਰ੍ਹਾਂ ਮਿਹਰਬਾਨ ਹੈ ਅਤੇ ਹੁਣ ਰਣਜੀਤ ਸਿੰਘ ਕਤਲ ਕੇਸ ਵਿਚ ਆਇਆ ਫੈਸਲਾ ਵੀ ਅਸੰਤੁਸ਼ਟੀਜਨਕ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਅਸੀਂ ਅਦਾਲਤਾਂ ਦਾ ਸਤਿਕਾਰ ਕਰਦੇ ਹਾਂ। ਉਨ੍ਹਾਂ ਕਿਹਾ ਕਿ ਰਾਮ ਰਹੀਮ ਕਈ ਸੰਗੀਨ ਅਪਰਾਧਾਂ ਤਹਿਤ ਸਜ਼ਾ ਕੱਟ ਰਿਹਾ ਹੈ ਅਤੇ ਸੀ.ਬੀ.ਆਈ. ਦਾ ਇਹ ਫਰਜ਼ ਹੈ ਕਿ ਉਹ ਰਣਜੀਤ ਸਿੰਘ ਕਤਲ ਕੇਸ ਦੀ ਅੱਗੇ ਠੋਸ ਪੈਰਵਾਈ ਯਕੀਨੀ ਬਣਾਵੇ, ਤਾਂ ਜੋ ਜਾਂਚ ਪ੍ਰਣਾਲੀ ਤੋਂ ਲੋਕਾਂ ਦਾ ਭਰੋਸਾ ਨਾ ਟੁੱਟੇ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ
# 20ਵੀਂ ਅੰਤਰਰਾਸ਼ਟਰੀ ਕਾਨਫਰੰਸ ਕਾਮਯਾਬੀ ਨਾਲ ਸੰਪੰਨ

























# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵੱਲੋਂ
# 20ਵੀਂ ਅੰਤਰਰਾਸ਼ਟਰੀ ਕਾਨਫਰੰਸ ਕਾਮਯਾਬੀ ਨਾਲ ਸੰਪੰਨ






























VALLEJO TEEYAN
VALLEJO TEEYAN
MELA 2024
Sunday, July 21st, 2024 from 12-6pm
Hosted By
Asha Sharma
Organizer
Sunita Verma
Only for Ladies and Children
At Dan Foley Cultural Center
(Behind Sutter Solano Hospital)
1498 N Camino Alto, Vallejo, CA 94589
Special Attractions include Mehndi, Indian Clothing and Jewelry Booths.
Come and enjoy a day filled with entertainment and festiveties, including Punjabi Folk songs and dances, Gidha, Boliyan and much more...
Copyright@Punjab Mail USA
To Participate Rent Space for a booth, or Sponsor, Please Contact:
SUNITA VERMA : 707-853-9006
Email: sonalideep@gmail.com
"Let us make your event a dream come true"
Flamingo
(916) 334-6000
(707) 645-1700
ARIA
FINE DINING, BAR, CATERING & BANQUET HALLS
(408) 941-1700
TOUCH OF ELEGANCE DECOR
Pardeep - Paul
(510) 325-8433
D D Sharma
Real Estate Consultant
DRE #01744678
707-365-9385(cell)
Din D Sharma
REAL ESTATE
Specialize in:
Residential, Hotel, Motel, Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com
Residential, Loan Mod, Short Sale & Commercial Real Estate
GOLD, DIAMOND, PLATINUM JEWELRY
CHINNA JEWELLERS INC
(916) 956-3094
7454 STOCKTON BLVD, SUITE-A
SACRAMENTO, CA 95823


International Punjabi Culture Academy (Non Profit)
(Non Profit Tax Deductive (IRC) section 501 (c) (3) # 82-1268411)
Tiyaan Teej Diyan
16th Annual Women Festival
August 11th, Sunday, 2024
(3.00pm to 6.30 pm)
Free Entry
Only For Ladies
ਤੀਆਂ ਤੀਜ਼ ਦੀਆਂ
ਐਲਕ ਗਰੋਵ ਪਾਰਕ ਵਿਚ
11 ਅਗਸਤ 2024, ਦਿਨ ਐਤਵਾਰ
(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)
ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ
Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.
Team Enter and Information
916-240-6969, 916-753-5933, 916-897-4414
TV Coverage by
PUNJAB MAIL USA
TV Channel
Elk Grove Regional Park, 9950 Elk Grove Florin Rd, Elk Grove CA 95624
Copyright @ Punjab Mail USA

# ਮਿਸ਼ੀਗਨ ਪੁਲਿਸ ਵੱਲੋਂ ਗੁਜਰਾਤੀ ਭਾਰਤੀ ਜੈਨਵ ਪਟੇਲ ਘੁਟਾਲੇ ਦੇ ਦੋਸ਼ 'ਚ ਗ੍ਰਿਫਤਾਰ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਇਲੀਨੋਇਸ ਸੂਬੇ 'ਚ ਰਹਿਣ ਵਾਲੇ ਭਾਰਤੀ ਜੈਨਵ ਪਟੇਲ ਨਾਂ ਦੇ 25 ਸਾਲਾ ਗੁਜਰਾਤੀ ਨੂੰ ਮਿਸ਼ੀਗਨ ਸੂਬੇ ਦੇ ਆਇਓਨੀਆ ਕਾਊਂਟੀ ਸ਼ੈਰਿਫ਼ ਦਫ਼ਤਰ ਨੇ ਗ੍ਰਿਫ਼ਤਾਰ ਕੀਤਾ ਹੈ। ਜੈਨਵ ਪਟੇਲ 'ਤੇ ਤਕਨੀਕੀ ਸਹਾਇਤਾ ਦੇ ਨਾਂ 'ਤੇ 72 ਸਾਲਾ ਦੀ ਇਕ ਔਰਤ ਤੋਂ 40 ਹਜ਼ਾਰ ਡਾਲਰ ਦੀ ਫਿਰੌਤੀ ਲੈਣ ਦਾ ਦੋਸ਼ ਹੈ, ਇਸ ਮਾਮਲੇ 'ਚ ਉਸ ਦੇ ਨਾਲ ਵਹੀਦ ਨਾਂ ਦੇ ਇਕ ਹੋਰ ਵਿਅਕਤੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਧੋਖਾਧੜੀ ਕਰਨ ਵਾਲੇ ਗਿਰੋਹ ਨੇ ਸਭ ਤੋਂ ਪਹਿਲਾਂ 8 ਮਈ ਨੂੰ ਜੈਨਵ ਪਟੇਲ ਦੇ ਨਾਲ ਗੱਲ ਕੀਤੀ, ਜਿਸ 'ਤੇ ਉਸ 'ਤੇ ਧੋਖਾਧੜੀ ਦਾ ਦੋਸ਼ ਹੈ। ਆਇਓਨੀਆ ਕਾਉਂਟੀ ਸ਼ੈਰਿਫ ਦੇ ਦਫਤਰ ਦੇ ਅਨੁਸਾਰ, ਜਦੋਂ ਪੀੜਤ ਨੇ ਆਪਣੀ ਟੈਬਲੇਟ ਨੂੰ ਲਾਕ ਕੀਤਾ, ਤਾਂ ਉਸਦੀ ਸਕ੍ਰੀਨ 'ਤੇ ਤਕਨੀਕੀ ਸਹਾਇਤਾ ਲਈ ਇੱਕ ਨੋਟੀਫਿਕੇਸ਼ਨ ਦਿਖਾਈ ਦਿੱਤਾ, ਜਿਸ ਵਿਚ ਇੱਕ ਫੋਨ ਨੰਬਰ ਵੀ ਸ਼ਾਮਲ ਸੀ। ਜਦੋਂ ਪੀੜਤ ਨੇ ਨੰਬਰ 'ਤੇ ਕਾਲ ਕੀਤੀ, ਤਾਂ ਇੱਕ ਵਿਅਕਤੀ ਨੇ ਆਪਣੀ ਪਛਾਣ ਫੈਡਰਲ ਟਰੇਡ ਕਮਿਸ਼ਨ ਦੇ ਏਜੰਟ ਵਜੋਂ ਉਸ ਨੂੰ ਦਿੱਤੀ ਅਤੇ ਔਰਤ ਨੂੰ ਦੱਸਿਆ ਕਿ ਪਛਾਣ ਚੋਰੀ ਹੋਣ ਕਾਰਨ ਉਸ ਦੇ ਬੈਂਕ ਦੇ ਖਾਤੇ ਸਮੇਤ ਉਸ ਦੇ ਬੈਂਕ ਖਾਤੇ ਦੀ ਜਾਣਕਾਰੀ ਨਾਲ ਸਮਝੌਤਾ ਹੋ ਗਿਆ ਹੈ। ਪੀੜਤ ਨੂੰ ਇਹ ਦੱਸਣ ਤੋਂ ਬਾਅਦ ਕਿ ਬੈਂਕ ਖਾਤੇ ਵਿਚ ਪੈਸੇ ਸੁਰੱਖਿਅਤ ਨਹੀਂ ਹਨ, ਫੋਨ ਕਰਨ ਵਾਲੇ ਨੇ ਉਸ ਨੂੰ ਬੈਂਕ ਖਾਤੇ ਵਿਚ ਸਾਰੇ ਪੈਸੇ ਕਢਵਾਉਣ ਦੀ ਸਲਾਹ ਦਿੱਤੀ ਅਤੇ ਇਹ ਵੀ ਕਿਹਾ ਕਿ ਇੱਕ ਸੰਘੀ ਏਜੰਟ ਉਸ ਦੇ ਘਰੋਂ ਪੈਸੇ ਇਕੱਠੇ ਕਰੇਗਾ। ਫੋਨ 'ਤੇ ਦਿੱਤੀਆਂ ਹਦਾਇਤਾਂ ਅਨੁਸਾਰ 72 ਸਾਲਾ ਵਿਅਕਤੀ ਨੇ 40 ਹਜ਼ਾਰ ਡਾਲਰ ਤੋਂ ਵੱਧ ਦੀ ਨਕਦੀ ਕਢਵਾ ਕੇ ਇਕ ਬਕਸੇ 'ਚ ਪਾ ਦਿੱਤੀ ਸੀ, ਇਹ ਬਕਸਾ ਉਸ ਕੋਲੋਂ 09 ਮਈ ਨੂੰ ਲਿਆ ਗਿਆ ਸੀ। ਹਾਲਾਂਕਿ 40 ਹਜ਼ਾਰ ਡਾਲਰ ਲੈਣ ਤੋਂ ਬਾਅਦ ਪੀੜਤ ਨੂੰ ਦੁਬਾਰਾ ਬੁਲਾਇਆ ਗਿਆ ਅਤੇ ਕਿਹਾ ਗਿਆ ਕਿ ਉਸ ਨੂੰ ਉਸ ਦੇ ਪੈਸੇ ਸੁਰੱਖਿਅਤ ਰੱਖਣ ਲਈ ਹੋਰ ਡਾਲਰ ਦੇਣੇ ਪੈਣਗੇ। ਇਸ ਦੌਰਾਨ ਜਦੋਂ ਬਜ਼ੁਰਗ ਦੇ ਰਿਸ਼ਤੇਦਾਰ ਨੂੰ ਇਸ ਗੱਲ ਦਾ ਪਤਾ ਲੱਗਾ, ਤਾਂ ਉਸ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ। ਫਿਰ ਪੁਲਿਸ ਨੇ ਪੀੜਤ ਤੋਂ ਪੈਸੇ ਦੀ ਜਬਰੀ ਵਸੂਲੀ ਕਰਨ ਵਾਲੇ ਨੂੰ ਫੜਨ ਲਈ ਜਾਲ ਵਿਛਾਇਆ ਅਤੇ ਧੋਖੇਬਾਜ਼ ਗਿਰੋਹ ਨੂੰ ਹੋਰ ਡਾਲਰ ਇਕੱਠੇ ਕਰਨ ਲਈ ਉਸਦੇ ਘਰ ਬੁਲਾਇਆ ਗਿਆ। ਘੁਟਾਲੇਬਾਜ਼ਾਂ ਨੇ ਬਜ਼ੁਰਗ ਵਿਅਕਤੀ ਦੇ ਵੇਰਵੇ ਸਾਂਝੇ ਕੀਤੇ ਕਿ ਕਿਸ ਰੰਗ ਦੀ ਕਾਰ ਵਿਚ ਅਤੇ ਕਿਸ ਸਮੇਂ ਇਕ ਸੰਘੀ ਏਜੰਟ ਨਕਦੀ ਲੈਣ ਲਈ ਉਸ ਦੇ ਘਰ ਆਵੇਗਾ, ਜਿਸ ਦੇ ਆਧਾਰ 'ਤੇ ਉਸ ਦੇ ਘਰ ਦੇ ਆਲੇ-ਦੁਆਲੇ ਪੁਲਿਸ ਕਰਮਚਾਰੀ ਸਿਵਲ ਵਰਦੀ ਵਿਚ ਤਾਇਨਾਤ ਕੀਤੇ ਗਏ ਸਨ ਅਤੇ ਨਕਦੀ ਲੈਣ ਆਏ ਵਿਅਕਤੀ ਨੂੰ ਫਿਰ ਗ੍ਰਿਫਤਾਰ ਕੀਤਾ ਗਿਆ। ਹਾਲਾਂਕਿ ਪੁਲਿਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਜੈਨਵ ਪਟੇਲ ਨਕਦੀ ਲੈਣ ਆਇਆ ਸੀ ਜਾਂ ਉਸ ਦੇ ਨਾਲ ਫੜੇ ਗਏ ਹੋਰ ਦੋਸ਼ੀ। ਜੈਨਵ ਪਟੇਲ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਅਤੇ ਉਸ 'ਤੇ 25 ਹਜ਼ਾਰ ਡਾਲਰ ਦਾ ਬਾਂਡ ਪਾਇਆ ਗਿਆ। ਉਸ 'ਤੇ ਝੂਠੀ ਪਛਾਣ ਦੇ ਨਾਲ 20,000 ਤੋਂ ਵੱਧ ਅਤੇ 50,000 ਤੋਂ ਘੱਟ ਡਾਲਰ ਦੀ ਲੁੱਟ ਜਾਂ ਚੋਰੀ ਦਾ ਦੋਸ਼ ਹੈ। ਜੈਨਵ ਦੇ ਇਲੈਕਟ੍ਰਾਨਿਕ ਡੇਟਾ ਦੀ ਵੀ ਜਾਂਚ ਕੀਤੀ ਜਾ ਰਹੀ ਹੈ ਅਤੇ ਉਸਦੇ ਖਿਲਾਫ ਹੋਰ ਦੋਸ਼ ਵੀ ਲਗਾਏ ਜਾ ਸਕਦੇ ਹਨ। ਇਸ ਮਾਮਲੇ ਦੀ ਜਾਂਚ ਵਿਚ ਲੱਗੇ ਅਧਿਕਾਰੀਆਂ ਅਨੁਸਾਰ ਜਦੋਂ ਤੋਂ ਧੋਖੇਬਾਜ਼ ਅਜਿਹੇ ਮਾਮਲੇ ਵਿਚ ਨਕਦੀ ਇਕੱਠੀ ਕਰ ਲੈਂਦੇ ਹਨ, ਤਾਂ ਇਹ ਪਤਾ ਲਗਾਉਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਕਿ ਪੀੜਤ ਵਿਅਕਤੀ ਤੋਂ ਲਈ ਗਈ ਨਕਦੀ ਦਾ ਪ੍ਰਬੰਧ ਕਿਵੇਂ ਕੀਤਾ ਜਾਂਦਾ ਹੈ। ਪੁਲਿਸ ਦਾ ਇਹ ਵੀ ਮੰਨਣਾ ਹੈ ਕਿ ਜਿਸ ਬਜ਼ੁਰਗ ਵਿਅਕਤੀ ਤੋਂ ਜੈਨੇਵ ਪਟੇਲ ਨੇ ਪੈਸੇ ਲਏ ਸਨ, ਉਹ ਵਿਅਕਤੀ ਅਮਰੀਕਾ ਤੋਂ ਬਾਹਰ ਸਥਿਤ ਸੀ, ਅਜਿਹੇ ਅਨਸਰ ਵੱਖ-ਵੱਖ ਐਪਾਂ ਰਾਹੀਂ ਆਪਣਾ ਟਿਕਾਣਾ ਅਤੇ ਪਛਾਣ ਛੁਪਾ ਕੇ ਪੀੜਤ ਨੂੰ ਕਾਲ ਕਰਦੇ ਹਨ।

# ਜਨ ਸਿਹਤ ਦੇ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਲਈ ਤੇਲਗੂ ਵਿਗਿਆਨੀ ਡਾ. ਕ੍ਰਿਸ਼ਨਾ ਐਲਾ ਦਾ ਸਨਮਾਨ



**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਭਾਰਤ ਦੇ ਬਾਇਓਟੈਕ ਤੇਲਗੂ ਡਾ: ਕ੍ਰਿਸ਼ਨਾ ਐਲਾ ਨੂੰ ਬਲੂਮਬਰਗ ਸਕੂਲ ਕਨਵੋਕੇਸ਼ਨ ਵਿਚ ਹੋਏ ਇਕ ਸਮਾਰੋਹ ਵਿਚ ਸਨਮਾਨ ਦਿੱਤਾ ਗਿਆ। ਇਹ ਪੁਰਸਕਾਰ ਭਾਰਤ ਦੇ ਬਾਇਓਟੈਕ ਦੇ ਕਾਰਜਕਾਰੀ ਚੇਅਰਮੈਨ ਕ੍ਰਿਸ਼ਨਾ ਐਲਾ ਦੇ ਜਨਤਕ ਸਿਹਤ ਵਿਚ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ ਦਿੱਤਾ ਗਿਆ ਹੈ। ਕੋਰੋਨਾ ਦੇ ਦੌਰਾਨ ਉਨ੍ਹਾਂ ਵੱਲੋ ਇਕ ਟੀਕਾ ਵਿਕਸਿਤ ਕੀਤਾ ਗਿਆ ਸੀ, ਜਿਸ ਨੇ ਕੋਵਿਡ ਦੀ ਗੰਭੀਰਤਾ ਨੂੰ ਉਸ ਟੀਕੇ ਨੇ ਘੱਟ ਕੀਤਾ ਸੀ। ਪੁਰਸਕਾਰ ਪ੍ਰਾਪਤ ਕਰਨ ਵਾਲੇ ਕ੍ਰਿਸ਼ਨਾ ਐਲਾ ਨੇ ਕਿਹਾ ਕਿ ਇਹ ਵੱਕਾਰੀ ਪੁਰਸਕਾਰ ਭਾਰਤ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਜਿਸ ਨੇ ਵਿਸ਼ਵ ਵਿਚ ਵਿਗਿਆਨ ਅਤੇ ਖੋਜ ਵਿਚ ਬਹੁਤ ਸਾਰੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪੁਰਸਕਾਰ ਭਾਰਤੀ ਵਿਗਿਆਨੀਆਂ ਦੀ ਟੀਮ ਲਈ ਇੱਕ ਦੁਰਲੱਭ ਸਨਮਾਨ ਹੈ। ਉਨ੍ਹਾਂ ਕਿਹਾ ਕਿ ਭਾਰਤ ਬਾਇਓਟੈਕ ਨੇ ਮੋਨੋਕਲੋਨਲ ਐਂਟੀਬਾਡੀਜ਼ ਦੇ ਵਿਕਾਸ ਲਈ ਕਾਫੀ ਖੋਜ ਕੀਤੀ ਹੈ ਅਤੇ ਵੈਕਸੀਨ ਵੀ ਬਣਾਈ ਹੈ। ਜੋ ਭਾਰਤ ਨੇ 125 ਦੇਸ਼ਾਂ ਲਈ ਵੈਕਸੀਨ ਭੇਜੀ ਸੀ। ਇਸ ਦੌਰਾਨ ਡਾ. ਮਏਲਾ ਦੀ ਅਗਵਾਈ ਵਾਲੀ ਭਾਰਤ ਬਾਇਓਟੈਕ ਕੋਲ 220 ਪੇਟੈਂਟ, 20 ਟੀਕੇ ਅਤੇ ਬਾਇਓ ਥੈਰੇਪਿਊਟਿਕਸ ਹਨ। ਕੋਵੈਕਸਿਨ ਨੇ ਕੋਵਿਡ ਦੌਰਾਨ ਟੀਕੇ ਤਿਆਰ ਕੀਤੇ ਸਨ। ਕੋਵਿਡ ਦੇ ਨਿਯੰਤਰਣ ਅਧੀਨ ਘਰੇਲੂ ਤੌਰ 'ਤੇ ਤਿਆਰ ਕੀਤਾ ਗਿਆ ਇਹ ਟੀਕਾ ਸੀ। ਭਾਰਤ ਦੇ ਹੈਦਰਾਬਾਦ ਨੇ 125 ਦੇਸ਼ਾਂ ਨੂੰ ਵੈਕਸੀਨ ਦੀ ਉਸ ਸਮੇਂ ਸਪਲਾਈ ਕੀਤੀ ਸੀ ਅਤੇ ਦੁਨੀਆਂ ਭਰ ਵਿਚ ਵੈਕਸੀਨ ਦੀਆਂ 9 ਬਿਲੀਅਨ ਖੁਰਾਕਾਂ ਵੀ ਵੰਡੀਆਂ ਗਈਆਂ ਸਨ।

## ਅਮਰੀਕੀ ਡਰਾਈਵਰ ਦਾ 5 ਲੱਖ ਡਾਲਰ ਦਾ ਜੈਕਪਾਟ ਲੱਗਾ; ਕਰੋੜਪਤੀ ਬਣ ਪਰਤਿਆ ਘਰ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਇੱਕ ਟਰੱਕ ਡਰਾਈਵਰ ਘਰੋ ਚਿਕਨ ਖਰੀਦਣ ਲਈ ਗਰੌਸਰੀ ਸਟੋਰ, ਸਾਊਥ ਬੋਸਟਨ, ਵੈਸਟ ਵਰਜੀਨੀਆ 'ਤੇ ਗਿਆ ਅਤੇ ਗਰੌਸਰੀ ਦੇ ਨਾਲ ਇਕ ਲਾਟਰੀ ਵੀ ਖਰੀਦੀ ਅਤੇ ਉਹ ਕਰੋੜਪਤੀ ਬਣ ਕੇ ਘਰ ਵਾਪਸ ਆਇਆ। ਇਸ ਲਾਟਰੀ ਟਿਕਟ ਨੇ ਇੱਕ ਟਰੱਕ ਡਰਾਈਵਰ ਦੀ ਕਿਸਮਤ ਬਦਲ ਕੇ ਰੱਖ ਦਿੱਤੀ ਅਤੇ ਉਸ ਨੇ 4 ਕਰੋੜ ਰੁਪਏ ਦੀ ਲਾਟਰੀ ਜਿੱਤੀ। ਜੇਤੂ ਰਸਲ ਗੋਮਸ ਨਾਮੀਂ ਵਿਅਕਤੀ ਨੇ ਸਾਰੀ ਖਰੀਦਦਾਰੀ ਪੂਰੀ ਕਰਨ ਤੋਂ ਬਾਅਦ ਲਾਟਰੀ ਟਿਕਟ ਸਕ੍ਰੈਚ ਕਰਨ ਦਾ ਫੈਸਲਾ ਕੀਤਾ। ਰਸੇਲ ਗੋਮਸ ਖਰੀਦਦਾਰੀ ਕਰਨ ਤੋਂ ਬਾਅਦ ਪਾਰਕਿੰਗ ਵਿਚ ਗਿਆ, ਉਸ ਨੇ ਲਾਟਰੀ ਦੀ ਟਿਕਟ ਨੂੰ ਖੁਰਚਿਆ ਅਤੇ ਹੈਰਾਨ ਹੋ ਗਿਆ। ਉਸ ਲਾਟਰੀ 'ਚ ਉਸ ਦਾ 5 ਲੱਖ ਡਾਲਰ ਦਾ ਇਨਾਮ ਨਿਕਲ ਆਇਆ, ਜੋ ਕਿ ਭਾਰਤੀ ਮੁਦਰਾ ਮੁਤਾਬਕ 4 ਕਰੋੜ ਰੁਪਿਆ ਬਣਦਾ ਹੈ।

## ਕੈਨੇਡਾ 'ਚ ਜਾਅਲੀ ਚੈੱਕਾਂ ਰਾਹੀਂ ਡੇਢ ਕਰੋੜ ਡਾਲਰ ਦੀ ਠੱਗੀ ਮਾਮਲੇ 'ਚ ਦੋ ਪੰਜਾਬੀ ਗ੍ਰਿਫ਼ਤਾਰ

**ਵੈਨਕੂਵਰ, (ਪੰਜਾਬ ਮੇਲ)**- ਪੀਲ ਪੁਲਿਸ ਨੇ ਬੈਂਕਾਂ ਵਿਚ ਜਾਅਲੀ ਵਪਾਰਕ ਖਾਤੇ ਖੋਲ੍ਹ ਕੇ ਉਨ੍ਹਾਂ ਵਿਚ ਜਾਅਲੀ ਚੈੱਕ ਜਮ੍ਹਾਂ ਕਰਵਾ ਕੇ ਰਕਮਾਂ ਹੜੱਪਣ ਵਾਲੇ ਦੋ ਪੰਜਾਬੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਬੀਤੇ ਦੋ ਮਹੀਨਿਆਂ ਵਿਚ ਇੰਜ ਕਰ ਕੇ ਬੈਂਕਾਂ ਨਾਲ ਢਾਈ ਲੱਖ ਡਾਲਰ ਤੋਂ ਵੱਧ ਦੀ ਠੱਗੀ ਮਾਰੀ ਹੈ। ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਹਰਕੋਮਲ ਗਰੇਵਾਲ (35) ਵਾਸੀ ਬਰੈਂਪਟਨ ਅਤੇ ਅਵੀਰਾਜ ਸਲੋਤਾ (26) ਵਾਸੀ ਨਿਆਗਰਾ ਫਾਲ ਵਜੋਂ ਹੋਈ ਹੈ, ਜਿਨ੍ਹਾਂ ਨੂੰ ਬਰੈਂਪਟਨ ਦੀ ਅਦਾਲਤ ਵਿਚ ਪੇਸ਼ ਕੀਤਾ ਜਾਏਗਾ। ਮਾਮਲੇ ਦਾ ਤੀਜਾ ਮੁਲਜ਼ਮ ਸਈਅਦ ਕਿਰਮਾਨੀ (48) ਵਾਸੀ ਬਰੈਂਪਟਨ ਅਜੇ ਫ਼ਰਾਰ ਹੈ, ਜਿਸ ਦੀ ਭਾਲ ਜਾਰੀ ਹੈ।

ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ ਮੁਲਜ਼ਮਾਂ ਨੇ ਕੈਨੇਡਾ ਵਿਚ ਕਈ ਹੋਰ ਥਾਵਾਂ 'ਤੇ ਵੀ ਇਸੇ ਤਰ੍ਹਾਂ ਦੀਆਂ ਠੱਗੀਆਂ ਮਾਰੀਆਂ ਹੋਣਗੀਆਂ, ਜਿਸ ਸਬੰਧੀ ਦੇਸ਼ ਭਰ ਵਿਚ ਲੋਕਾਂ ਕੋਲੋਂ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ ਅਤੇ ਸਹਿਯੋਗ ਮੰਗਿਆ ਗਿਆ ਹੈ।

## ਅਮਰੀਕਾ 'ਚ ਤਕਰੀਬਨ ਡੇਢ ਮਹੀਨਾ ਪਹਿਲਾਂ ਲਾਪਤਾ ਹੋਈਆਂ 2 ਔਰਤਾਂ ਦੀਆਂ ਲਾਸ਼ਾਂ ਫਰੀਜ਼ਰ 'ਚੋਂ ਮਿਲੀਆਂ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਕੰਸਾਸ ਤੇ ਓਕਲਾਹੋਮਾ ਵਿਚਾਲੇ ਇਸ ਸਾਲ 30 ਮਾਰਚ ਨੂੰ ਲਾਪਤਾ ਹੋਈਆਂ ਦੋ ਔਰਤਾਂ ਦੀਆਂ ਲਾਸ਼ਾਂ ਇਕ ਫਰੀਜ਼ਰ ਵਿਚੋਂ ਮਿਲਣ ਦਾ ਹੈਰਾਨੀਜਨਕ ਖੁਲਾਸਾ ਹੋਇਆ ਹੈ। ਨਵੇਂ ਜਾਰੀ ਤਲਾਸ਼ੀ ਵਾਰੰਟਾਂ ਅਨੁਸਾਰ ਇਹ ਲਾਸ਼ਾਂ ਇਕ ਪਸ਼ੂਆਂ ਦੀ ਚਰਾਗਾਹ ਜੋ 5 ਸ਼ੱਕੀ ਦੋਸ਼ੀਆਂ ਵਿਚੋਂ ਇਕ ਨੇ ਪਟੇ ਉਪਰ ਲਈ ਹੋਈ ਸੀ, ਵਿਚ ਦੱਬੇ ਇਕ ਫਰੀਜ਼ਰ ਵਿਚੋਂ ਬਰਾਮਦ ਕੀਤੀਆਂ ਗਈਆਂ ਹਨ। ਅਧਿਕਾਰੀਆਂ ਵੱਲੋਂ ਮਾਮਲੇ ਵਿਚ ਦਾਇਰ ਹਲਫੀਆ ਬਿਆਨ ਵਿਚ ਕਿਹਾ ਗਿਆ ਹੈ ਕਿ ਵੇਰੋਨੀਕਾ ਬਟਲਰ (27) ਤੇ ਜਿਲੀਅਨ ਕੈਲੀ (39) ਦੀਆਂ ਲਾਸ਼ਾਂ ਉਸ ਵੇਲੇ ਬਰਾਮਦ ਹੋਈਆਂ, ਜਦੋਂ ਜਾਂਚ ਅਧਿਕਾਰੀਆਂ ਵੱਲੋਂ 14 ਅਪ੍ਰੈਲ, 2024 ਨੂੰ ਟੈਡ ਕੁਲਮ ਨਾਮੀ ਸ਼ੱਕੀ ਦੋਸ਼ੀ ਦੁਆਰਾ ਪਟੇ ਉਪਰ ਲਈ ਗਈ ਜਾਇਦਾਦ ਚਰਾਗਾਹ ਦੀ ਤਲਾਸ਼ੀ ਲਈ ਗਈ। ਤਾਜ਼ਾ ਮਿੱਟੀ ਦੇ ਢੇਰ ਉਪਰ ਸ਼ੱਕ ਪੈਣ 'ਤੇ ਉਸ ਨੂੰ ਪੁੱਟਿਆ ਗਿਆ ਤੇ ਉਸ ਵਿਚ ਦੱਬੇ ਇਕ ਫਰੀਜ਼ਰ ਨੂੰ ਖੋਲ੍ਹਿਆ ਗਿਆ, ਤਾਂ ਸਾਰਾ ਮਾਮਲਾ ਹੱਲ ਹੋ ਗਿਆ। ਟੈਡ ਕੁਲਮ ਸਮੇਤ 5 ਦੋਸ਼ੀਆਂ ਵਿਰੁੱਧ ਪਹਿਲਾ ਦਰਜਾ ਹੱਤਿਆਵਾਂ, ਅਗਵਾ ਤੇ ਹੱਤਿਆਵਾਂ ਕਰਨ ਲਈ ਸਾਜਿਸ਼ ਰਚਣ ਦੇ ਦੋਸ਼ ਲਾਏ ਗਏ ਹਨ। ਅਦਾਲਤੀ ਦਸਤਾਵੇਜ਼ਾਂ ਵਿਚ ਇਹ ਨਹੀਂ ਦੱਸਿਆ ਗਿਆ ਕਿ ਔਰਤਾਂ ਦੀਆਂ ਹੱਤਿਆਵਾਂ ਕਿਸ ਢੰਗ ਨਾਲ ਕੀਤੀਆਂ ਗਈਆਂ। ਪੁਲਿਸ ਨੇ ਕੁਲਮ ਦੇ ਨਾਲ ਬਟਲਰ ਦੇ ਬੱਚਿਆਂ ਦੀ ਦਾਦੀ ਟਿਫੈਨੀ ਐਡਮਜ (54), ਵਿਆਹੁਤਾ ਜੋੜਾ ਕੋਲ ਟੋਮਬਲਾਈ (50), ਕੋਰਾ ਟੋਮਬਲਾਈ (44) ਤੇ ਪੌਲ ਗਰਾਈਸ (31) ਵਿਰੁੱਧ ਦੋਸ਼ ਆਇਦ ਕੀਤੇ ਹਨ। ਦੋਸ਼ ਲਾਇਆ ਗਿਆ ਹੈ ਕਿ ਬਟਲਰ ਤੇ ਐਡਮਜ ਵਿਚਾਲੇ ਬੱਚਿਆਂ ਦੀ ਸਪੁਰਦਗੀ ਨੂੰ ਲੈ ਕੇ ਚੱਲ ਰਹੀ ਕਸ਼ਮਕਸ਼ ਦਰਮਿਆਨ ਦਾਦੀ ਐਡਮਜ਼ ਤੇ ਕੁਲਮ ਨੇ ਟੋਮਬਲਾਈ ਜੋੜੇ ਨਾਲ ਮਿਲ ਕੇ ਹੱਤਿਆਵਾਂ ਦੀ ਸਾਜਿਸ਼ ਰਚੀ। ਓਕਲਾਹੋਮਾ ਸਟੇਟ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਵਿਸ਼ੇਸ਼ ਏਜੰਟ ਜੈਸਨ ਓਟ ਅਨੁਸਾਰ ਸਾਰੇ ਸ਼ੱਕੀ ਦੋਸ਼ ਇਕ ਸਰਕਾਰ ਵਿਰੋਧੀ ਗਰੁੱਪ ਜਿਸ ਦੀ ਧਾਰਮਿਕ ਪ੍ਰਤੀਬੱਧਤਾ ਹੈ, ਰਾਹੀਂ ਇਕ ਦੂਸਰੇ ਨੂੰ ਜਾਣਦੇ ਹਨ। ਇਸ ਮਾਮਲੇ ਵਿਚ ਅਜੇ ਤੱਕ ਸ਼ੱਕੀ ਦੋਸ਼ੀਆਂ ਨੇ ਕਿਸੇ ਕਿਸਮ ਦੀ ਦਰਖਾਸਤ ਦਾਇਰ ਨਹੀਂ ਕੀਤੀ ਹੈ।

## ਭਾਰਤੀ ਵਿਦਿਆਰਥਣਾਂ ਵੱਲੋਂ ਬਾਇਡਨ ਨੂੰ ਗਾਜ਼ਾ ਬਾਰੇ ਅਪੀਲ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਨਿਊਯਾਰਕ 'ਚ ਇਕ ਭਾਰਤੀ ਮੂਲ ਦੇ ਵਿਦਿਆਰਥੀ ਦੀ ਇਕ ਬਾਈਕ ਹਾਦਸੇ ਵਿਚ ਮੌਤ ਹੋ ਜਾਣ ਦੀ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਇਸ ਸਬੰਧ 'ਚ ਭਾਰਤ ਦੇ ਕੌਂਸਲੇਟ ਜਨਰਲ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਮ੍ਰਿਤਕ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਸੀ, ਜਿਸ ਦੀ ਪਛਾਣ ਬੇਲੇਮ ਅਚਯੁਥ ਦੇ ਵਜੋਂ ਹੋਈ ਹੈ, ਜੋ ਨਿਊਯਾਰਕ ਦੀ ਸਟੇਟ ਯੂਨੀਵਰਸਿਟੀ ਦਾ ਵਿਦਿਆਰਥੀ ਸੀ। ਪੋਸਟ ਵਿਚ ਕਿਹਾ ਗਿਆ ਕਿ, ਭਾਰਤੀ ਵਿਦਿਆਰਥੀ, ਸ਼੍ਰੀ ਬੇਲੇਮ ਅਚਯੁਥ ਦੀ ਬੇਵਕਤੀ ਮੌਤ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ ਹੈ। ਉਸਦੇ ਪਰਿਵਾਰ ਪ੍ਰਤੀ "ਡੂੰਘੀ ਸੰਵੇਦਨਾ" ਜ਼ਾਹਰ ਕਰਦੇ ਹੋਏ ਕੌਂਸਲੇਟ ਨੇ ਕਿਹਾ ਕਿ ਉਹ "ਦੁਖੀ ਪਰਿਵਾਰ ਅਤੇ ਸਥਾਨਕ ਏਜੰਸੀਆਂ ਦੇ ਸੰਪਰਕ ਦੇ ਵਿਚ ਹਨ। ਤਾਂ ਜੋ ਮ੍ਰਿਤਕ ਦੇ ਸਰੀਰ ਨੂੰ ਭਾਰਤ ਵਾਪਸ ਭੇਜਣ ਸਮੇਤ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।"

## ਅਮਰੀਕਾ 'ਚ ਪੰਜਾਬੀਆਂ ਨੂੰ ਜਬਰੀ ਵਸੂਲੀ ਲਈ ਮਿਲ ਰਹੀਆਂ ਨੇ ਗੈਂਗਸਟਰਾਂ ਦੀਆਂ ਧਮਕੀਆਂ

**ਸੈਕਰਾਮੈਂਟੋ, (ਪੰਜਾਬ ਮੇਲ)**- ਅਮਰੀਕਾ 'ਚ ਅਮੀਰ ਭਾਰਤੀ ਜਬਰੀ ਵਸੂਲੀ ਕਰਨ ਵਾਲੇ ਗੈਂਗਸਟਰਾਂ ਦੇ ਨਿਸ਼ਾਨੇ 'ਤੇ ਹਨ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਦੇ ਸੈਕਰਾਮੈਂਟੋ ਫੀਲਡ ਆਫਿਸ ਨੇ ਭਾਰਤ ਨਾਲ ਪਰਿਵਾਰਕ ਜਾਂ ਵਪਾਰਕ ਸਬੰਧ ਰੱਖਣ ਵਾਲੇ ਵਿਅਕਤੀਆਂ ਨੂੰ ਜਬਰੀ ਵਸੂਲੀ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ। ਐੱਫ.ਬੀ.ਆਈ. ਨੇ ਚਿਤਾਵਨੀ 'ਚ ਕਿਸੇ ਗੈਂਗ ਜਾਂ ਗੈਂਗਸਟਰ ਦਾ ਵਰਣਨ ਨਹੀਂ ਕੀਤਾ ਹੈ।

ਰਿਪੋਰਟ 'ਚ ਐੱਫ.ਬੀ.ਆਈ. ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਉਨ੍ਹਾਂ ਨੂੰ ਅਜਿਹੀ ਜਾਣਕਾਰੀ ਮਿਲੀ ਹੈ ਕਿ ਸ਼ਹਿਰ 'ਚ ਇਕ ਵੱਡਾ ਫਿਰੌਤੀ ਰੈਕੇਟ ਚੱਲ ਰਿਹਾ ਹੈ, ਜੋ ਭਾਰਤੀ ਮੂਲ ਦੇ ਲੋਕਾਂ ਨੂੰ ਡਰਾ-ਧਮਕਾ ਕੇ ਮੋਟੀ ਰਕਮ ਵਸੂਲ ਰਿਹਾ ਹੈ। ਪੈਸੇ ਨਾ ਦੇਣ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ ਤੇ ਕਈ ਥਾਵਾਂ 'ਤੇ ਗੋਲੀਆਂ ਵੀ ਚਲਾਈਆਂ ਗਈਆਂ ਹਨ। ਐੱਫ.ਬੀ.ਆਈ. ਨੇ ਇਕ ਹੈਲਪਲਾਈਨ ਨੰਬਰ ਜਾਰੀ ਕਰਕੇ ਉਥੇ ਰਹਿ ਰਹੇ ਸਾਰੇ ਭਾਰਤੀ ਮੂਲ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੁਲਿਸ ਨੂੰ ਵੱਧ ਤੋਂ ਵੱਧ ਅਜਿਹੇ ਮਾਮਲਿਆਂ ਬਾਰੇ ਜਾਣਕਾਰੀ ਦੇਣ ਤੇ ਮਾਮਲੇ ਦੀ ਰਿਪੋਰਟ ਕਰਨ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ 'ਚ ਭਾਰਤੀ ਮੂਲ ਦੇ ਲੋਕਾਂ ਨੂੰ ਐੱਫ.ਬੀ.ਆਈ. ਵਲੋਂ ਜਾਰੀ ਕੀਤੀ ਗਈ ਇਸ ਚਿਤਾਵਨੀ 'ਤੇ ਭਾਰਤੀ ਖ਼ੁਫ਼ੀਆ ਏਜੰਸੀਆਂ ਵੀ ਨਜ਼ਰ ਰੱਖ ਰਹੀਆਂ ਹਨ।

ਭਾਰਤੀ ਜਾਂਚ ਏਜੰਸੀਆਂ ਦੇ ਅਨੁਸਾਰ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਜਿਵੇਂ ਫਰਿਜ਼ਨੋ, ਕੈਲੀਫੋਰਨੀਆ ਤੇ ਲੇਕ ਸਿਟੀ 'ਚ ਭਾਰਤ ਤੋਂ ਫਰਾਰ ਮੋਸਟ ਵਾਂਟੇਡ ਗੈਂਗਸਟਰ ਫੈਲੇ ਹੋਏ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $25000.00 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system, with two sources of water and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $25000.00 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com
Web Page: gurneknagra.com

# ਸੁਪਰੀਮ ਕੋਰਟ ਵੱਲੋਂ ਕੇਜਰੀਵਾਲ ਦੀ ਜ਼ਮਾਨਤ ਵਧਾਉਣ ਤੋਂ ਇਨਕਾਰ !

- ਡਾਕਟਰੀ ਆਧਾਰ 'ਤੇ ਅੰਤਰਿਮ ਜ਼ਮਾਨਤ ਦੀ ਕੀਤੀ ਸੀ ਬੇਨਤੀ
- 2 ਜੂਨ ਨੂੰ ਕਰਨਾ ਹੋਵੇਗਾ ਆਤਮਸਮਰਪਣ



**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਰਾਹਤ ਮਿਲਦੀ ਨਜ਼ਰ ਨਹੀਂ ਆ ਰਹੀ ਹੈ। ਸੁਪਰੀਮ ਕੋਰਟ ਦੀ ਰਜਿਸਟਰੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਦਿੱਲੀ ਆਬਕਾਰੀ ਨੀਤੀ ਕੇਸ ਵਿਚ ਡਾਕਟਰੀ ਆਧਾਰ 'ਤੇ ਆਪਣੀ ਅੰਤਰਿਮ ਜ਼ਮਾਨਤ ਨੂੰ ਸੱਤ ਦਿਨ ਵਧਾਉਣ ਦੀ ਬੇਨਤੀ ਦੀ ਤੁਰੰਤ ਸੂਚੀਬੱਧ ਕਰਨ ਤੋਂ ਇਨਕਾਰ ਕਰ ਦਿੱਤਾ। ਹੁਣ ਉਨ੍ਹਾਂ ਨੂੰ 2 ਜੂਨ ਨੂੰ ਕੋਰਟ ਸਾਹਮਣੇ ਆਤਮਸਮਰਪਣ ਕਰਨਾ ਹੋਵੇਗਾ। ਰਜਿਸਟਰੀ ਦਾ ਕਹਿਣਾ ਹੈ ਕਿ ਸੁਪਰੀਮ ਕੋਰਟ ਨੇ ਮੁੱਖ ਮੰਤਰੀ ਨੂੰ ਟਰਾਇਲ ਕੋਰਟ 'ਚ ਜ਼ਮਾਨਤ ਪਟੀਸ਼ਨ ਦਾਇਰ ਕਰਨ ਦੀ ਛੋਟ ਦਿੱਤੀ ਹੈ। ਇਸ ਦਾ ਮਤਲਬ ਸਾਫ ਹੈ ਕਿ ਕੇਜਰੀਵਾਲ ਨੂੰ 2 ਜੂਨ ਨੂੰ ਆਤਮਸਮਰਪਣ ਕਰਨਾ ਹੀ ਹੋਵੇਗਾ।

ਦੱਸ ਦੇਈਏ ਕਿ ਹਾਲ ਹੀ 'ਚ ਕੇਜਰੀਵਾਲ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ, ਜਿਸ 'ਚ ਮੁੱਖ ਮੰਤਰੀ ਨੇ ਆਪਣੀ ਅੰਤਰਿਮ ਜ਼ਮਾਨਤ 7 ਦਿਨਾਂ ਤੱਕ ਵਧਾਉਣ ਦੀ ਮੰਗ ਕੀਤੀ ਸੀ। ਆਮ ਆਦਮੀ ਪਾਰਟੀ ਮੁਤਾਬਕ ਮੁੱਖ ਮੰਤਰੀ ਕੇਜਰੀਵਾਲ ਨੂੰ ਪੀ.ਈ.ਟੀ.-ਸੀਟੀ ਸਕੈਨ ਦੇ ਨਾਲ-ਨਾਲ ਕਈ ਹੋਰ ਟੈਸਟ ਵੀ ਕਰਵਾਉਣੇ ਪੈਣਗੇ। ਇਸੇ ਲਈ ਉਨ੍ਹਾਂ ਨੇ ਜਾਂਚ ਲਈ ਸੁਪਰੀਮ ਕੋਰਟ ਤੋਂ 7 ਦਿਨਾਂ ਦਾ ਸਮਾਂ ਮੰਗਿਆ ਸੀ।

ਦੱਸਣਯੋਗ ਹੈ ਕਿ 10 ਮਈ ਨੂੰ ਸੁਪਰੀਮ ਕੋਰਟ ਨੇ ਕੇਜਰੀਵਾਲ ਨੂੰ ਲੋਕ ਸਭਾ ਚੋਣ ਪ੍ਰਚਾਰ ਲਈ 1 ਜੂਨ ਤੱਕ ਲਈ ਅੰਤਰਿਮ ਜ਼ਮਾਨਤ ਦਿੱਤੀ ਸੀ। ਦਿੱਲੀ ਸ਼ਰਾਬ ਘਪਲੇ ਮਾਮਲੇ ਵਿਚ ਈ.ਡੀ. ਨੇ ਮੁੱਖ ਮੰਤਰੀ ਕੇਜਰੀਵਾਲ ਨੂੰ 21 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਸੀ। ਈ.ਡੀ. ਨੇ ਉਨ੍ਹਾਂ ਨੂੰ ਇਸ ਮਾਮਲੇ 'ਚ ਪੁੱਛਗਿੱਛ ਲਈ 9 ਸੰਮਨ ਜਾਰੀ ਕੀਤੇ ਸਨ। ਹਾਲਾਂਕਿ ਕੇਜਰੀਵਾਲ ਕਿਸੇ ਵੀ ਸੰਮਨ 'ਤੇ ਪੇਸ਼ ਨਹੀਂ ਹੋਏ ਸਨ। ਕੇਜਰੀਵਾਲ ਖਿਲਾਫ ਮਾਮਲਾ 2021-22 ਲਈ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ ਬਣਾਉਣ ਅਤੇ ਲਾਗੂ ਕਰਨ ਵਿਚ ਕਥਿਤ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਨਾਲ ਸਬੰਧਤ ਹੈ। ਇਹ ਨੀਤੀ ਹੁਣ ਰੱਦ ਕਰ ਦਿੱਤੀ ਗਈ ਹੈ।

## ਸੁਪਰੀਮ ਕੋਰਟ ਵੱਲੋਂ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਦੌਰਾਨ ਵੋਟ ਫ਼ੀਸਦੀ ਅੰਕੜਿਆਂ ਨੂੰ ਅਪਲੋਡ ਕਰਨ ਬਾਰੇ ਹੁਕਮ ਦੇਣ ਤੋਂ ਇਨਕਾਰ



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਐੱਨ.ਜੀ.ਓ. ਦੀ ਪਟੀਸ਼ਨ 'ਤੇ ਚੋਣ ਕਮਿਸ਼ਨ ਨੂੰ ਲੋਕ ਸਭਾ ਚੋਣਾਂ ਦੌਰਾਨ ਵੋਟ ਫ਼ੀਸਦੀ ਦੇ ਅੰਕੜਿਆਂ ਨੂੰ ਆਪਣੀ ਵੈੱਬਸਾਈਟ 'ਤੇ ਅਪਲੋਡ ਕਰਨ ਬਾਰੇ ਕੋਈ ਨਿਰਦੇਸ਼ ਦੇਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸਤੀਸ਼ ਚੰਦਰ ਸ਼ਰਮਾ ਦੇ ਛੁੱਟੀ ਵਾਲੇ ਬੈਂਚ ਨੇ ਕਿਹਾ ਕਿਹਾ ਕਿ ਵੋਟਿੰਗ ਦੇ ਪੰਜ ਪੜਾਅ ਪੂਰੇ ਹੋ ਚੁੱਕੇ ਹਨ, ਦੋ ਬਾਕੀ ਹਨ। ਚੋਣ ਕਮਿਸ਼ਨ ਲਈ ਵੈੱਬਸਾਈਟ 'ਤੇ ਵੋਟ ਫ਼ੀਸਦੀ ਦੇ ਅੰਕੜੇ ਅਪਲੋਡ ਕਰਨ ਦੇ ਕੰਮ 'ਚ ਲੋਕਾਂ ਨੂੰ ਸ਼ਾਮਲ ਕਰਨਾ ਮੁਸ਼ਕਲ ਹੈ। ਸਿਖਰਲੀ ਅਦਾਲਤ ਨੇ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ.ਡੀ.ਆਰ.) ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ, ਜਿਸ ਵਿਚ ਚੋਣ ਕਮਿਸ਼ਨ ਨੂੰ ਮਤਦਾਨ ਕੇਂਦਰ ਵਾਰ ਵੋਟ ਫੀਸਦੀ ਦੇ ਅੰਕੜੇ ਵੈੱਬਸਾਈਟ 'ਤੇ ਅਪਲੋਡ ਕਰਨ ਲਈ ਨਿਰਦੇਸ਼ ਦੇਣ ਲਈ ਕਿਹਾ ਸੀ।

## ਲਾਪਤਾ ਪੰਜਾਬੀ ਮੁਟਿਆਰ ਦੀ ਮ੍ਰਿਤਕ ਦੇਹ ਬਰਾਮਦ

- ਹੁਣ ਇਕ ਹੋਰ ਪੰਜਾਬੀ ਨੌਜਵਾਨ ਹੋਇਆ ਲਾਪਤਾ



**ਸਰੀ, (ਪੰਜਾਬ ਮੇਲ)-** 19 ਸਾਲਾ ਸਿਮਰਨ ਕੌਰ ਖੱਟੜਾ, ਜੋ ਕਿ 27 ਅਪ੍ਰੈਲ, 2024 ਤੋਂ ਸਰੀ ਵਿਚ 88 ਐਵੇਨਿਊ ਅਤੇ 133 ਸਟਰੀਟ ਨੇੜਿਓਂ ਲਾਪਤਾ ਹੋ ਗਈ ਸੀ, ਉਸ ਦੀ ਮ੍ਰਿਤਕ ਦੇਹ ਬਰਾਮਦ ਹੋਈ ਹੈ। ਪਰਿਵਾਰ ਲਈ ਬਹੁਤ ਦੁਖਦਾਈ ਪਲ ਹਨ। ਮੌਤ ਦੇ ਕਾਰਨਾਂ ਬਾਰੇ ਅਜੇ ਖੁਲਾਸੇ ਨਹੀਂ ਹੋ ਸਕੇ। ਇਹ ਸਦਮਾ ਭਾਈਚਾਰੇ ਲਈ ਵੀ ਦੁਖਦਾਈ ਹੈ।

ਇਸ ਦੌਰਾਨ ਇਹ ਵੀ ਪਤਾ ਲੱਗਿਆ ਹੈ ਕਿ ਇੱਕ ਹੋਰ ਨੌਜਵਾਨ 20 ਸਾਲਾਂ ਪਲਵਿੰਦਰ ਸਿੰਘ ਵੈਨਕੂਵਰ ਤੋਂ ਗੁੰਮ ਹੈ, ਜਿਸ ਬਾਰੇ ਸਥਾਨਕ ਪੁਲਿਸ ਮਦਦ ਮੰਗ ਰਹੀ ਹੈ। ਅਜਿਹੀਆਂ ਘਟਨਾਵਾਂ ਚਿੰਤਾਜਨਕ ਹਨ। ਵਾਹਿਗੁਰੂ ਭਲੀ ਕਰੇ। ਭਾਈਚਾਰੇ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੈ।

## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਵੋਟਿੰਗ ਪ੍ਰਤੀਸ਼ਤ ਵਧਾਉਣ ਵਾਲੇ ਬੀ.ਐੱਲ.ਓਜ਼ ਲਈ ਇਨਾਮੀ ਰਾਸ਼ੀ ਦਾ ਐਲਾਨ

- ਸਿਬਿਨ ਸੀ ਨੇ ਸਵੀਪ ਟੀਮਾਂ ਅਤੇ ਸੋਸ਼ਲ ਮੀਡੀਆ ਨੋਡਲ ਅਫਸਰਾਂ ਨੂੰ "ਇਸ ਵਾਰ 70 ਪਾਰ" ਦੀ ਪ੍ਰਾਪਤੀ ਨੂੰ ਯਕੀਨੀ ਬਣਾਉਣ ਲਈ ਕੀਤਾ ਉਤਸ਼ਾਹਿਤ



**ਚੰਡੀਗੜ੍ਹ, (ਪੰਜਾਬ ਮੇਲ)-** ਸਵੀਪ (ਸਿਸਟੇਮੈਟਿਕ ਵੋਟਰ ਐਜੂਕੇਸ਼ਨ ਐਂਡ ਇਲੈਕਟੋਰਲ ਪਾਰਟੀਸੀਪੇਸ਼ਨ) ਟੀਮਾਂ ਅਤੇ ਸੋਸ਼ਲ ਮੀਡੀਆ ਦੇ ਜ਼ਿਲ੍ਹਾ ਨੋਡਲ ਅਫਸਰਾਂ ਨਾਲ ਮੀਟਿੰਗ ਦੌਰਾਨ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਐਲਾਨ ਕੀਤਾ ਹੈ ਕਿ ਜਿਹੜੇ ਬੂਥ ਲੈਵਲ ਅਫਸਰ (ਬੀ.ਐੱਲ.ਓਜ਼) ਆਪੋ-ਆਪਣੇ ਬੂਥਾਂ 'ਤੇ ਵੋਟਿੰਗ ਪ੍ਰਤੀਸ਼ਤ ਵਧਾਉਣਗੇ, ਉਨ੍ਹਾਂ ਨੂੰ ਦਫ਼ਤਰ ਵੱਲੋਂ ਇਨਾਮੀ ਰਾਸ਼ੀ ਦੇਣ ਦੀ ਯੋਜਨਾ ਬਣਾਈ ਜਾ ਰਹੀ ਹੈ।

ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ 2019 ਦੇ ਮੁਕਾਬਲੇ 10 ਫ਼ੀਸਦੀ ਜਾਂ ਇਸ ਤੋਂ ਵੱਧ ਵੋਟਰ ਪ੍ਰਤੀਸ਼ਤਤਾ ਵਿਚ ਵਾਧਾ ਕਰਨ ਵਾਲੇ ਬੀ.ਐੱਲ.ਓਜ਼ ਨੂੰ 5000 ਰੁਪਏ ਦਾ ਨਕਦ ਇਨਾਮ ਅਤੇ ਸੂਬਾ ਪੱਧਰੀ ਸਮਾਰੋਹ ਵਿਚ ਸਨਮਾਨਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਹੜੇ ਬੂਥਾਂ 'ਤੇ ਵੋਟਿੰਗ ਪ੍ਰਤੀਸ਼ਤ 75 ਫ਼ੀਸਦੀ ਤੋਂ ਵੱਧ ਹੋਵੇਗੀ, ਉੱਥੋਂ ਦੇ ਬੀ.ਐੱਲ.ਓਜ਼ ਨੂੰ ਵੀ 5000 ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਬੀ.ਐੱਲ.ਓਜ਼ ਵੋਟਰ ਸਲਿੱਪਾਂ ਅਤੇ 'ਵੋਟਿੰਗ ਸੱਦਾ ਪੱਤਰ' ਘਰ-ਘਰ ਜਾ ਕੇ ਖੁਦ ਵੰਡਣ ਅਤੇ ਇਹ ਜ਼ਿੰਮੇਵਾਰੀ ਕਿਸੇ ਹੋਰ ਨੂੰ ਨਾ ਸੌਂਪੀ ਜਾਵੇ। ਇਸ ਮੌਕੇ ਉਨ੍ਹਾਂ ਬੀ.ਐੱਲ.ਓਜ਼ ਅਤੇ ਸਵੀਪ ਟੀਮਾਂ ਦੀ ਹੁਣ ਤੱਕ ਕੀਤੀ ਸ਼ਾਨਦਾਰ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਅਤੇ ਅਪੀਲ ਕੀਤੀ ਕਿ ਸਾਰੇ ਜ਼ਿਲ੍ਹੇ "ਇਸ ਵਾਰ 70 ਪਾਰ" ਦੇ ਟੀਚੇ ਦੀ ਪ੍ਰਾਪਤੀ ਲਈ ਵੋਟਾਂ ਪੈਣ ਤੱਕ ਆਪਣੀਆਂ ਗਤੀਵਿਧੀਆਂ ਜ਼ੋਰ-ਸ਼ੋਰ ਨਾਲ ਜਾਰੀ ਰੱਖਣ।

ਮੀਟਿੰਗ ਦੌਰਾਨ ਵਧੀਕ ਮੁੱਖ ਚੋਣ ਅਧਿਕਾਰੀ ਹਰੀਸ਼ ਨਈਅਰ ਨੇ ਕਿਹਾ ਕਿ ਜ਼ਿਲ੍ਹਾ ਸਵੀਪ ਅਤੇ ਸੋਸ਼ਲ ਮੀਡੀਆ ਟੀਮਾਂ ਪੋਲਿੰਗ ਸਟੇਸ਼ਨਾਂ ਤੇ ਮਾਡਲ ਬੂਥਾਂ ਉੱਤੇ ਮੁਹੱਈਆ ਕਰਵਾਈਆਂ ਗਈਆਂ ਸਹੂਲਤਾਂ ਬਾਬਤ ਅਤੇ ਔਰਤਾਂ ਤੇ ਦਿਵਿਆਂਗ ਵਿਅਕਤੀਆਂ ਵੱਲੋਂ ਚਲਾਏ ਜਾਣ ਵਾਲੇ ਬੂਥਾਂ ਅਤੇ ਹੋਰ ਪਹਿਲਕਦਮੀਆਂ ਦੀ ਫੋਟੋਗ੍ਰਾਫੀ/ਵੀਡੀਓਗ੍ਰਾਫੀ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਵੋਟਰਾਂ ਦੇ ਅਨੁਭਵ ਤੇ ਪ੍ਰਤੀਕਿਰਿਆਵਾਂ ਵੀ ਰਿਕਾਰਡ ਕੀਤੀਆਂ ਜਾਣ। ਵਧੀਕ ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਜ਼ਿਲ੍ਹਿਆਂ ਵੱਲੋਂ ਭੇਜੀਆਂ ਬਿਹਤਰੀਨ ਫੋਟੋਆਂ/ਵੀਡੀਓਜ਼ ਚੋਣ ਕਮਿਸ਼ਨ ਨੂੰ ਭੇਜੀਆਂ ਜਾਣਗੀਆਂ।



# ਚੋਣ ਮੁਹਿੰਮ ਨਾਲ ਸਬੰਧਤ ਗਤੀਵਿਧੀਆਂ ਦੀ ਪ੍ਰਵਾਨਗੀ ਲਈ ਪੰਜਾਬ ਭਰ 'ਚ 12,583 ਅਰਜ਼ੀਆਂ ਪ੍ਰਾਪਤ ਹੋਈਆਂ: ਸਿਬਿਨ ਸੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ ਲੋਕ ਸਭਾ ਚੋਣਾਂ 2024 ਦੌਰਾਨ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਵੱਲੋਂ ਚੋਣ ਮੁਹਿੰਮ ਨਾਲ ਸਬੰਧਤ ਗਤੀਵਿਧੀਆਂ ਦੀ ਪ੍ਰਵਾਨਗੀ ਲਈ 12,583 ਅਰਜ਼ੀਆਂ ਪ੍ਰਾਪਤ ਹੋਈਆਂ ਸਨ, ਜਿਨ੍ਹਾਂ ਵਿਚੋਂ 23 ਮਈ ਤੱਕ 9,616 ਅਰਜ਼ੀਆਂ ਸਬੰਧਤ ਜ਼ਿਲ੍ਹਿਆਂ ਦੇ ਅਧਿਕਾਰੀਆਂ ਵੱਲੋਂ ਪ੍ਰਵਾਨ ਕਰ ਲਈਆਂ ਗਈਆਂ ਹਨ। ਸਿਰਫ਼ 378 ਅਰਜ਼ੀਆਂ ਬਕਾਇਆ ਹਨ। ਇਸ ਤੋਂ ਇਲਾਵਾ 1,656 ਅਰਜ਼ੀਆਂ ਨੂੰ ਨਾਮਨਜ਼ੂਰ ਕੀਤਾ ਗਿਆ ਹੈ ਅਤੇ 318 ਅਰਜ਼ੀਆਂ ਸਮੀਖਿਆ ਅਧੀਨ ਹਨ, ਜਦਕਿ 615 ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ ਹਨ।



ਹੋਰ ਜਾਣਕਾਰੀ ਦਿੰਦੇ ਹੋਏ, ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਹਵਾਈ ਗੁਬਾਰਿਆਂ ਲਈ 10 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਜਦਕਿ ਘਰ-ਘਰ ਜਾ ਕੇ ਪ੍ਰਚਾਰ ਕਰਨ ਦੀ ਪ੍ਰਵਾਨਗੀ ਲਈ 144 ਅਰਜ਼ੀਆਂ ਨੂੰ ਮਨਜ਼ੂਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੈਲੀਕਾਪਟਰ ਅਤੇ ਹੈਲੀਪੈਡ ਦੀ ਵਰਤੋਂ ਲਈ 25 ਅਰਜ਼ੀਆਂ, ਲਾਊਡਸਪੀਕਰ ਪਰਮਿਟ ਲਈ 9 ਅਰਜ਼ੀਆਂ ਅਤੇ ਆਰਜ਼ੀ ਪਾਰਟੀ ਦਫ਼ਤਰ ਖੋਲ੍ਹਣ ਲਈ 555 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਇਸੇ ਤਰ੍ਹਾਂ ਪੈਂਫਲੈਟ ਵੰਡਣ ਲਈ 59 ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਹਨ, ਜਦਕਿ ਵੀਡੀਓ ਵੈਨ ਦੀ ਮਨਜ਼ੂਰੀ ਲਈ 54, ਲਾਊਡਸਪੀਕਰ ਸਮੇਤ ਮੀਟਿੰਗਾਂ ਕਰਨ ਲਈ 2083 ਅਰਜ਼ੀਆਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਲਾਊਡਸਪੀਕਰ ਤੋਂ ਬਿਨਾਂ ਮੀਟਿੰਗਾਂ ਲਈ 279 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਉੱਥੇ ਹੀ ਨੁੱਕੜ ਮੀਟਿੰਗਾਂ ਅਤੇ ਲਾਊਡ ਸਪੀਕਰਾਂ ਲਈ 2653 ਦਰਖਾਸਤਾਂ ਪ੍ਰਵਾਨ ਕੀਤੀਆਂ ਗਈਆਂ ਹਨ।

ਬੈਨਰ ਅਤੇ ਝੰਡੇ ਪ੍ਰਦਰਸ਼ਿਤ ਕਰਨ ਲਈ 542 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਪੋਸਟਰ, ਹੋਰਡਿੰਗ ਅਤੇ ਯੂਨੀਪੋਲ ਪ੍ਰਦਰਸ਼ਿਤ ਕਰਨ ਲਈ 1228 ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਹਨ। ਲਾਊਡਸਪੀਕਰ ਪਰਮਿਟ ਵਾਲੇ ਵਾਹਨਾਂ ਲਈ 759 ਅਰਜ਼ੀਆਂ ਨੂੰ ਮਨਜ਼ੂਰੀ ਦਿੱਤੀ ਗਈ, ਜਦਕਿ ਸੰਸਦੀ ਖੇਤਰ ਦੇ ਅੰਦਰ ਵਾਹਨ ਪਰਮਿਟਾਂ ਲਈ 174 ਅਰਜ਼ੀਆਂ ਪ੍ਰਵਾਨ ਕੀਤੀਆਂ ਗਈਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸਭ ਤੋਂ ਵੱਧ 2078 ਅਰਜ਼ੀਆਂ ਲੁਧਿਆਣਾ ਤੋਂ ਪ੍ਰਾਪਤ ਹੋਈਆਂ ਹਨ। ਇਸੇ ਤਰ੍ਹਾਂ 1258 ਪਟਿਆਲਾ ਤੋਂ ਅਤੇ 690 ਅਰਜ਼ੀਆਂ ਜਲੰਧਰ ਤੋਂ ਪ੍ਰਾਪਤ ਹੋਈਆਂ ਹਨ।

ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਕਰਵਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਸੂਬੇ ਵਿਚ ਪਾਰਟੀਆਂ ਅਤੇ ਉਮੀਦਵਾਰਾਂ ਲਈ ਬਰਾਬਰੀ ਦਾ ਮਾਹੌਲ ਯਕੀਨੀ ਬਣਾਉਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

## ਪੰਜਾਬ 'ਚ 1 ਜੂਨ ਨੂੰ ਛੁੱਟੀ ਦਾ ਐਲਾਨ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ 1 ਜੂਨ, 2024 (ਸ਼ਨਿੱਚਰਵਾਰ) ਨੂੰ ਵੋਟਿੰਗ ਵਾਲੇ ਦਿਨ ਵੋਟ ਪਾਉਣ ਲਈ ਪੰਜਾਬ ਵਿਚ ਵਿਸ਼ੇਸ਼ ਛੁੱਟੀ ਦੇਣ ਦਾ ਐਲਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ 30-05-2024 ਤੋਂ 01-06-2024 ਅਤੇ 04-06-2024 ਨੂੰ ਚੋਣਾਂ ਦੇ ਨਤੀਜਿਆਂ ਵਾਲੇ ਦਿਨ ਡ੍ਰਾਈ ਡੇਅ ਘੋਸ਼ਿਤ ਕੀਤਾ ਗਿਆ ਹੈ। ਹੋਰ ਜਾਣਕਾਰੀ ਦਿੰਦਿਆ ਸਿਬਿਨ ਸੀ ਨੇ ਦੱਸਿਆ ਕਿ ਪੰਜਾਬ ਸੂਬੇ ਦੇ ਸਰਕਾਰੀ ਦਫ਼ਤਰਾਂ, ਬੋਰਡਾਂ/ਕਾਰਪੋਰੇਸ਼ਨਾਂ/ ਵਿੱਦਿਅਕ ਅਦਾਰਿਆਂ ਲਈ ਲਈ ਮਿਤੀ 01.06.2024 (ਸ਼ਨੀਵਾਰ) ਨੂੰ ਗਜ਼ਟਿਡ ਛੁੱਟੀ ਰਹੇਗੀ। ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਅਧੀਨ ਵੀ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਪੰਜਾਬ ਦੇ ਕਿਸੇ ਵੀ ਉਦਯੋਗਿਕ ਅਦਾਰੇ, ਕਾਰੋਬਾਰ, ਵਪਾਰ ਜਾਂ ਕਿਸੇ ਵੀ ਹੋਰ ਅਦਾਰੇ ਵਿਚ ਕੰਮ ਕਰਨ ਵਾਲੇ ਵੋਟਰਾਂ ਨੂੰ ਵੀ ਵੋਟ ਪਾਉਣ ਲਈ ਲੋਕ ਪ੍ਰਤਿਨਿਧਤਾ ਐਕਟ 1951 ਦੀ ਧਾਰਾ 135ਬੀ (1) ਮੁਤਾਬਕ 01-06-2024 ਨੂੰ ਅਦਾਇਗੀਯੋਗ ਛੁੱਟੀ ਐਲਾਨੀ ਗਈ ਹੈ। ਇਸ ਸਬੰਧੀ ਨੋਟੀਫਿਕੇਸ਼ਨ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਜਾਰੀ ਕੀਤਾ ਜਾ ਚੁੱਕਾ ਹੈ। ਮੁੱਖ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ 1 ਜੂਨ ਨੂੰ ਵੋਟਿੰਗ ਦੇ ਮੱਦੇਨਜ਼ਰ 30-05-2024 (ਵੀਰਵਾਰ) ਨੂੰ ਸ਼ਾਮ ਪੰਜ ਵਜੇ ਤੋਂ 01-06-2024 (ਸ਼ਨਿਵਾਰ) ਨੂੰ ਸ਼ਾਮ 7 ਵਜੇ ਤੱਕ ਡ੍ਰਾਈ ਡੇਅ ਰਹੇਗਾ। ਇਸ ਤੋਂ ਇਲਾਵਾ ਨਤੀਜਿਆਂ ਵਾਲੇ ਦਿਨ 04-06-2024 (ਮੰਗਲਵਾਰ) ਨੂੰ ਵੀ ਸੂਬੇ ਵਿਚ ਡ੍ਰਾਈ ਡੇਅ ਐਲਾਨਿਆ ਗਿਆ ਹੈ।

# ਆਖਰੀ ਗੇੜ ਦੀਆਂ ਵੋਟਾਂ ਲਈ ਦਿੱਗਜਾਂ ਦਾ ਆਖਰੀ ਹੰਭਲਾ

**ਰਮਦਾਸ, (ਪੰਜਾਬ ਮੇਲ)-** ਹੁਣ ਜਦੋਂ ਲੋਕ ਸਭਾ ਚੋਣਾਂ ਦੇ ਸੱਤਵੇਂ ਤੇ ਆਖਰੀ ਗੇੜ ਦੀਆਂ ਵੋਟਾਂ ਪੈਣ ਵਿਚ ਕੁਝ ਦਿਨ ਬਚੇ ਹਨ, ਤਾਂ ਸਾਰੀਆਂ ਹੀ ਸਿਆਸੀ ਧਿਰਾਂ ਦੇ ਆਗੂਆਂ ਵੱਲੋਂ ਪੰਜਾਬ ਵਿਚ ਆਪੋ-ਆਪਣੇ ਉਮੀਦਵਾਰਾਂ ਦੇ ਹੱਕ ਵਿਚ ਚੋਣ ਰੈਲੀਆਂ ਅਤੇ ਰੋਡ ਸ਼ੋਅ ਕਰ ਕੇ ਆਖਰੀ ਹੰਭਲਾ ਮਾਰਿਆ ਜਾ ਰਿਹਾ ਹੈ।




ਇਕ ਤੋਂ ਬਾਅਦ ਇਕ ਸਿਆਸੀ ਪਾਰਟੀ ਦਾ ਲੀਡਰ ਮਾਝੇ ਦੀ ਧਰਤੀ 'ਤੇ ਆ ਕੇ ਲੋਕਾਂ ਨੂੰ ਉਨ੍ਹਾਂ ਦਾ ਸਭ ਤੋਂ ਵੱਡਾ ਹਿਤੈਸ਼ੀ ਹੋਣ ਦਾ ਭਰੋਸਾ ਦੇ ਰਿਹਾ ਹੈ। ਹਾਲ ਹੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਵਿਚ ਕਈ ਰੈਲੀਆਂ ਕਰਕੇ, ਪੰਜਾਬੀਆਂ ਨਾਲ ਖ਼ੂਨ ਦਾ ਰਿਸ਼ਤਾ ਹੋਣ ਦਾ ਹੋਕਾ ਦੇ ਕੇ ਪੰਜਾਬੀ ਹੋਣ ਦਾ ਦਾਅਵਾ ਕੀਤਾ ਗਿਆ। ਭਾਜਪਾ ਦੇ ਕਈ ਕੇਂਦਰੀ ਮੰਤਰੀ ਵੀ ਪੰਜਾਬ ਦੇ ਚੋਣ ਮੈਦਾਨ ਵਿਚ ਉਤਰੇ ਹੋਏ ਹਨ।

ਇਸੇ ਤਰ੍ਹਾਂ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ਵੱਲੋਂ ਵੀ ਅੰਮ੍ਰਿਤਸਰ ਵਿਚ ਰੈਲੀ ਕਰਕੇ ਵੋਟਰਾਂ ਨੂੰ ਪਾਰਟੀ ਦੇ ਹੱਕ ਵਿਚ ਤੋਰਨ ਦਾ ਉਪਰਾਲਾ ਕੀਤਾ ਗਿਆ। ਰਾਹੁਲ ਗਾਂਧੀ ਵੱਲੋਂ ਆਪਣੇ ਭਾਸ਼ਣ ਵਿਚ ਮੁੱਖ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਅਤੇ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ ਕੀਤਾ ਗਿਆ। ਰਾਹੁਲ ਗਾਂਧੀ ਦੇ ਨਾਲ-ਨਾਲ ਕਾਂਗਰਸ ਦੇ ਕਈ ਸਾਬਕਾ ਮੰਤਰੀ ਅਤੇ ਸੀਨੀਅਰ ਆਗੂ ਮੈਦਾਨ ਵਿਚ ਉੱਤਰੇ ਹੋਏ ਹਨ।

ਉਧਰ, ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਮੁੜ ਦੌਰੇ 'ਤੇ ਆਏ। ਮੁੱਖ ਮੰਤਰੀ ਭਗਵੰਤ ਮਾਨ ਲਗਾਤਾਰ ਮਾਝੇ ਵਿਚ ਰੋਡ ਸ਼ੋਅ ਅਤੇ ਰੈਲੀਆਂ ਕਰ ਰਹੇ ਹਨ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵੀ ਮਾਝੇ ਦਾ ਗੇੜਾ ਕੱਢਿਆ ਗਿਆ। ਅਕਾਲੀ ਦਲ ਕੋਲ ਲੀਡਰਸ਼ਿਪ ਦੀ ਘਾਟ ਚੋਣਾਂ ਵਿਚ ਰੜਕ ਰਹੀ ਹੈ। ਸੁਖਬੀਰ ਬਾਦਲ ਤੋਂ ਇਲਾਵਾ ਬਹੁਤੇ ਥਾਵਾਂ 'ਤੇ ਉਮੀਦਵਾਰ ਹੀ ਆਪਣੀ ਲੜਾਈ ਲੜ ਰਹੇ ਹਨ।

ਮਾਝੇ ਦੀਆਂ ਤਿੰਨ ਲੋਕ ਸਭਾ ਸੀਟਾਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਖਡੂਰ ਸਾਹਿਬ 'ਤੇ ਦਿਲਚਸਪ ਮੁਕਾਬਲਾ ਬਣਿਆ ਹੋਇਆ ਹੈ। ਖਡੂਰ ਸਾਹਿਬ ਹਲਕੇ ਤੋਂ ਆਜ਼ਾਦ ਉਮੀਦਵਾਰ ਅੰਮ੍ਰਿਤਪਾਲ ਸਿੰਘ ਨੇ ਸਿਆਸੀ ਪਾਰਟੀਆਂ ਦਾ ਗਣਿਤ ਵਿਗਾੜਿਆ ਹੋਇਆ ਹੈ। ਉਧਰ, ਅਕਾਲੀ ਦਲ ਨੇ ਮਾਝੇ ਦੇ ਖਾਸ ਕਰਕੇ ਤਰਨ ਤਾਰਨ ਦੇ ਵੱਡੇ ਲੀਡਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ਵਿਚੋਂ ਕੱਢ ਕੇ ਇਕ ਨਵੀਂ ਸਿਰਦਰਦੀ ਸਹੇੜ ਲਈ ਹੈ। ਜਿਉਂ-ਜਿਉਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਸਾਰੀਆਂ ਸਿਆਸੀ ਪਾਰਟੀਆਂ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਸਿਰ ਤੋੜ ਯਤਨ ਕਰ ਰਹੀਆਂ ਹਨ।



# ਪੰਜਾਬ 'ਚ ਸਿਖਰ 'ਤੇ ਪੁੱਜਿਆ ਚੋਣ ਪ੍ਰਚਾਰ !

### ■ ਸਿਆਸੀ ਧਿਰਾਂ ਨੇ ਪੰਜਾਬ ਦੀਆਂ 13 ਸੀਟਾਂ ਲਈ ਆਪੋ ਆਪਣੀ ਤਾਕਤ ਝੋਕੀ




**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਲਈ ਪੰਜਾਬ 'ਚ ਚੋਣ ਪ੍ਰਚਾਰ ਸਿਖਰ 'ਤੇ ਪੁੱਜ ਗਿਆ ਹੈ। ਚੋਣ ਪ੍ਰਚਾਰ 30 ਮਈ ਨੂੰ ਬੰਦ ਹੋਣਾ ਹੈ, ਜਿਸ ਕਰਕੇ ਸਿਆਸੀ ਧਿਰਾਂ ਨੇ ਪੰਜਾਬ ਦੀਆਂ 13 ਸੀਟਾਂ ਲਈ ਆਪੋ ਆਪਣੀ ਤਾਕਤ ਝੋਕ ਦਿੱਤੀ ਹੈ। ਪੰਜਾਬ 'ਚ ਵੋਟਾਂ ਆਖ਼ਰੀ ਗੇੜ 'ਚ ਪਹਿਲੀ ਜੂਨ ਨੂੰ ਪੈਣੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 23 ਮਈ ਨੂੰ ਪੰਜਾਬ ਦੇ ਚੋਣ ਪ੍ਰਚਾਰ ਦਾ ਸਿਆਸੀ ਮਹੂਰਤ ਕੀਤਾ ਸੀ। ਕਾਂਗਰਸੀ ਆਗੂ ਰਾਹੁਲ ਗਾਂਧੀ ਅੰਮ੍ਰਿਤਸਰ ਵਿਖੇ ਚੋਣ ਰੈਲੀ ਕਰ ਚੁੱਕੇ ਹਨ। ਐਤਵਾਰ ਦਾ ਦਿਨ ਕੌਮੀ ਨੇਤਾਵਾਂ ਦੇ ਨਾਮ ਰਿਹਾ। ਸਿਆਸਤਦਾਨਾਂ ਦੀ ਭੱਜ ਨੱਸ ਵੀ ਤਾਪਮਾਨ ਵਾਂਗ ਨਿੱਤ ਵਧ ਰਹੀ ਹੈ। ਸੂਬੇ 'ਚ ਚਾਰੇ ਪਾਸੇ ਸਿਆਸੀ ਘਮਸਾਨ ਮਚਿਆ ਹੋਇਆ ਹੈ। ਪੰਜਾਬ ਪੁਲਿਸ ਲਈ ਕੌਮੀ ਰੈਲੀਆਂ ਦੀ ਸੁਰੱਖਿਆ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੁਧਿਆਣਾ ਤੋਂ ਉਮੀਦਵਾਰ ਰਵਨੀਤ ਬਿੱਟੂ ਅਤੇ ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਫ਼ਤਹਿਗੜ੍ਹ ਸਾਹਿਬ ਤੋਂ ਭਾਜਪਾ ਉਮੀਦਵਾਰ ਗੇਜਾ ਰਾਮ ਦੀ ਹਮਾਇਤ ਵਿਚ ਚੋਣ ਰੈਲੀਆਂ ਕੀਤੀਆਂ। ਕਾਂਗਰਸੀ ਨੇਤਾ ਪ੍ਰਿਯੰਕਾ ਗਾਂਧੀ ਨੇ ਫ਼ਤਹਿਗੜ੍ਹ ਸਾਹਿਬ ਵਿਚ ਕਾਂਗਰਸੀ ਉਮੀਦਵਾਰ ਡਾ. ਅਮਰ ਸਿੰਘ ਅਤੇ ਪਟਿਆਲਾ ਵਿਚ ਡਾ. ਧਰਮਵੀਰ ਗਾਂਧੀ ਦੇ ਹੱਕ 'ਚ ਚੋਣ ਰੈਲੀਆਂ ਕੀਤੀਆਂ। 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਵਿਚ ਚੋਣ ਪ੍ਰਚਾਰ ਜਾਰੀ ਹੈ। ਉਨ੍ਹਾਂ ਫ਼ਿਰੋਜ਼ਪੁਰ ਵਿਚ ਵਪਾਰੀਆਂ ਨਾਲ ਮੀਟਿੰਗ ਕੀਤੀ। ਹੁਸ਼ਿਆਰਪੁਰ ਅਤੇ ਬਠਿੰਡਾ ਵਿਚ ਰੋਡ ਸ਼ੋਅ ਕੀਤੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਹਲਕਾ ਖਡੂਰ ਸਾਹਿਬ ਦੇ ਤਿੰਨ ਸ਼ਹਿਰਾਂ ਵਿਚ ਚੋਣ ਪ੍ਰੋਗਰਾਮ ਕੀਤੇ ਅਤੇ ਸ਼ਾਮ ਸਮੇਂ ਫ਼ਿਰੋਜ਼ਪੁਰ ਹਲਕੇ ਵਿਚ ਰੋਡ ਸ਼ੋਅ ਕੀਤਾ। ਪਤਾ ਲੱਗਿਆ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਦਾ ਪੰਜਾਬ ਚੋਣ ਦੌਰਾ ਹਾਲੇ ਬਣ ਨਹੀਂ ਸਕਿਆ ਹੈ। ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ 'ਚ 30 ਮਈ ਤੋਂ ਪਹਿਲਾਂ ਇੱਕ ਦਿਨ ਹੋਰ ਪ੍ਰਚਾਰ ਕਰਨ ਲਈ ਅਪੀਲ ਕੀਤੀ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਵਿਕਸਿਤ ਪੰਜਾਬ' ਬਣਾਉਣ ਦੀ ਗੱਲ ਕੀਤੀ ਹੈ। ਪੰਜਾਬ ਨਾਲ ਪੈਂਦੀ ਕੌਮਾਂਤਰੀ ਭਾਰਤ-ਪਾਕਿ ਸੀਮਾ ਕਰਕੇ ਭਾਜਪਾ ਨੇਤਾਵਾਂ ਵੱਲੋਂ ਪਾਕਿਸਤਾਨ ਦੀ ਗੱਲ ਉੱਚੀ ਆਵਾਜ਼ ਵਿਚ ਕੀਤੀ ਜਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕਾਂ ਤੋਂ ਨਾਅਰੇ ਲਗਵਾ ਕੇ ਕਿਹਾ ਕਿ ਇਹ ਆਵਾਜ਼ ਪਾਕਿਸਤਾਨ ਤੱਕ ਪੁੱਜਣੀ ਚਾਹੀਦੀ ਹੈ। ਸ਼ਾਹ ਨੇ ਬੰਦੀ ਸਿੰਘਾਂ ਦੀ ਰਿਹਾਈ ਨਾ ਕੀਤੇ ਜਾਣ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਬੇਅੰਤ ਸਿੰਘ ਦੀ ਹੱਤਿਆ ਕਰਨ ਵਾਲਿਆਂ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪੰਜਾਬ ਵਿਚ ਨਸ਼ਿਆਂ ਦਾ ਮੁੱਦਾ ਚੁੱਕਿਆ ਅਤੇ 'ਆਪ' ਨੂੰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਘੇਰਿਆ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 'ਆਪ' ਦੇ ਸ਼ਰਾਬ ਘੁਟਾਲੇ ਨੂੰ ਉਭਾਰਿਆ। ਸੀਨੀਅਰ ਕਾਂਗਰਸੀ ਆਗੂ ਪ੍ਰਿਯੰਕਾ ਗਾਂਧੀ ਨੇ ਮਹਿੰਗਾਈ ਤੇ ਬੇਰੁਜ਼ਗਾਰੀ ਤੋਂ ਇਲਾਵਾ ਕਿਸਾਨਾਂ, ਜਵਾਨਾਂ ਅਤੇ ਔਰਤਾਂ ਦੀ ਸੁਰੱਖਿਆ ਦੀ ਗੱਲ ਰੱਖੀ। ਫ਼ਿਰੋਜ਼ਪੁਰ ਵਿਚ ਅਰਵਿੰਦ ਕੇਜਰੀਵਾਲ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਰੋਕੇ ਫ਼ੰਡਾਂ ਦਾ ਜ਼ਿਕਰ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਰਕਾਰ ਦੀਆਂ ਪ੍ਰਾਪਤੀਆਂ ਤੋਂ ਇਲਾਵਾ ਅਕਾਲੀ ਦਲ ਨੂੰ ਰਗੜੇ ਲਾਏ ਜਾ ਰਹੇ ਹਨ।

ਗੁਰਦਾਸਪੁਰ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਚੋਣ ਪ੍ਰੋਗਰਾਮ ਦੌਰਾਨ ਪੰਜਾਬ ਸਰਕਾਰ ਦੀਆਂ ਨਕਾਮੀਆਂ 'ਤੇ ਚਰਚਾ ਕੀਤੀ। ਭਾਜਪਾ ਦੀ ਕੌਮੀ ਲੀਡਰਸ਼ਿਪ ਖ਼ਿਲਾਫ਼ ਕਿਸਾਨ ਜਥੇਬੰਦੀਆਂ ਨੇ ਪ੍ਰਦਰਸ਼ਨ ਵੀ ਵਿੱਢੇ ਹੋਏ ਹਨ ਪਰ ਚੋਣ ਪ੍ਰੋਗਰਾਮਾਂ ਵਿਚ ਕੋਈ ਵਿਘਨ ਪੈਣ ਤੋਂ ਬਚਾਅ ਰਿਹਾ। ਬਹੁਤੇ ਚੋਣ ਪ੍ਰੋਗਰਾਮ ਦੁਪਹਿਰ ਮਗਰੋਂ ਹੀ ਹੋ ਰਹੇ ਹਨ। ਰੋਡ ਸ਼ੋਅ ਜ਼ਿਆਦਾ ਹੋ ਰਹੇ ਹਨ।

ਜਿਵੇਂ ਕਿਸਾਨ ਆਪਣੀ ਪੱਕੀ ਫ਼ਸਲ ਦੀ ਵਾਢੀ ਤੱਕ ਚਿੰਤਤ ਹੋ ਜਾਂਦਾ ਹੈ ਅਤੇ ਉਸ ਨੂੰ ਕੁਦਰਤੀ ਆਫ਼ਤਾਂ ਦਾ ਖ਼ੌਫ਼ ਬਣ ਜਾਂਦਾ ਹੈ, ਓਵੇਂ ਸਿਆਸੀ ਧਿਰਾਂ ਵੀ ਵੋਟਾਂ ਦੀ ਫ਼ਸਲ ਐਨ ਪਕੇਰੀ ਹੋਣ ਕਰਕੇ ਦਿਨ ਰਾਤ ਮਿਹਨਤ ਵਿਚ ਜੁੱਟ ਗਈਆਂ ਹਨ। ਇਸ ਮਿਹਨਤ ਨੂੰ ਕਿੰਨਾ ਕੁ ਬੂਰ ਪੈਂਦਾ ਹੈ, ਇਹ ਤਾਂ 4 ਜੂਨ ਨੂੰ ਚੋਣ ਨਤੀਜੇ ਆਉਣ 'ਤੇ ਹੀ ਪਤਾ ਲੱਗੇਗਾ। ਇਸ ਵਾਰ ਰੈਲੀਆਂ ਲਈ ਭੀੜਾਂ ਜੁਟਾਉਣ ਲਈ ਸਿਆਸੀ ਧਿਰਾਂ ਦੇ ਪਸੀਨੇ ਨਿਕਲ ਰਹੇ ਹਨ।

# ਲੋਕ ਸਭਾ ਚੋਣਾਂ 2024: ਪੰਜਾਬ 'ਚ 30 ਮਈ ਨੂੰ ਚੋਣ ਪ੍ਰਚਾਰ ਹੋਵੇਗਾ ਬੰਦ

**ਮੋਹਾਲੀ, (ਪੰਜਾਬ ਮੇਲ)-** ਚੋਣ ਕਮਿਸ਼ਨ ਵੱਲੋਂ ਮਤਦਾਨ ਮੁਕੰਮਲ ਹੋਣ ਲਈ ਨਿਰਧਾਰਿਤ ਸਮੇਂ 30 ਮਈ (6 ਵਜੇ ਸ਼ਾਮ) ਤੋਂ 48 ਘੰਟੇ ਪਹਿਲਾਂ, ਭਾਵ ਚੋਣ ਪ੍ਰਚਾਰ ਖ਼ਤਮ ਹੁੰਦੇ ਸਾਰ ਹੀ ਲੋਕ ਪ੍ਰਤਿਨਿਧਤਾ ਕਾਨੂੰਨ 1951 ਦੀ ਧਾਰਾ 126 ਅਨੁਸਾਰ ਸਿਆਸੀ ਲਾਹੇ ਲਈ ਕੋਈ ਵੀ ਜਨਤਕ ਚੋਣ ਸਭਾ/ਜਲੂਸ ਕਰਨ 'ਤੇ ਮਨ੍ਹਾਹੀ ਹੋਵੇਗੀ। ਇਸ ਤੋਂ ਬਿਨ੍ਹਾਂ ਇਲੈਕਟ੍ਰਾਨਿਕ ਮੀਡੀਆ ਸਣੇ ਰੇਡੀਓ-ਟੈਲੀਵੀਜ਼ਨ, ਸੋਸ਼ਲ ਮੀਡੀਆ 'ਤੇ ਹੋਣ ਵਾਲੇ ਸਿਆਸੀ ਪ੍ਰਚਾਰ 'ਤੇ ਵੀ ਰੋਕ ਲੱਗ ਜਾਵੇਗੀ। ਧਾਰਾ 126 ਅਤੇ 126 ਏ ਅਨੁਸਾਰ ਇਹ ਰੋਕ ਇਲੈਕਟ੍ਰਾਨਿਕ ਮੀਡੀਆ ਜਾਂ ਪ੍ਰਿੰਟ ਮੀਡੀਆ 'ਚ ਓਪੀਨੀਅਨ ਪੋਲ ਅਤੇ ਐਗਜ਼ਿਟ ਪੋਲ 'ਤੇ ਵੀ ਲਾਗੂ ਹੋਵੇਗੀ।

ਇਸ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਦੱਸਿਆ ਕਿ ਉਨ੍ਹਾਂ ਕਿਹਾ ਕਿ 31 ਮਈ ਅਤੇ 1 ਜੂਨ ਨੂੰ ਛਪਣ ਵਾਲੀਆਂ ਅਖ਼ਬਾਰਾਂ ਵਿਚ ਵੀ ਇਸ਼ਤਿਹਾਰ ਦੇਣ ਤੋਂ ਪਹਿਲਾਂ ਚੋਣ ਅਮਲ ਵਿਚ ਭਾਗ ਲੈ ਰਹੀਆਂ ਸਿਆਸੀ ਪਾਰਟੀਆਂ ਅਤੇ ਉਮੀਦਵਾਰ ਆਪਣੇ ਇਸ਼ਤਿਹਾਰ ਮੀਡੀਆ ਸਰਟੀਫਿਕੇਸ਼ਨ ਅਤੇ ਮਾਨੀਟਰਿੰਗ ਕਮੇਟੀ ਦੀ ਪ੍ਰਵਾਨਗੀ ਉਪਰੰਤ ਹੀ ਛਪਵਾ ਸਕਦੇ ਹਨ।

### ■ ਹੋਰ ਪਾਬੰਦੀਆਂ ਵੀ ਹੋਣਗੀਆਂ ਲਾਗੂ

ਜ਼ਿਲ੍ਹਾ ਚੋਣ ਅਫ਼ਸਰ ਨੇ ਜ਼ਿਲ੍ਹੇ 'ਚ ਕਾਰਜਸ਼ੀਲ ਮੀਡੀਆ ਕਰਮੀਆਂ/ਮੀਡੀਆ ਹਾਊਸਿਜ਼ ਨੂੰ ਚੋਣ ਕਮਿਸ਼ਨ ਦੀਆਂ ਉਕਤ ਹਦਾਇਤਾਂ ਦੀ ਪੂਰਣ ਰੂਪ 'ਚ ਪਾਲਣਾ ਕਰਨ 'ਚ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਇਸੇ ਤਰ੍ਹਾਂ ਆਖ਼ਰੀ 48 ਘੰਟਿਆਂ ਦੌਰਾਨ ਸਬੰਧਤ ਹਲਕੇ ਤੋਂ ਬਾਹਰ ਤੋਂ ਚੋਣ ਪ੍ਰਚਾਰ ਲਈ ਆਏ ਸਮਰਥਕਾਂ ਨੂੰ ਵੀ ਵਾਪਸ ਜਾਣਾ ਹੋਵੇਗਾ। ਉਨ੍ਹਾਂ ਕਿਹਾ ਕਿ ਅਜਿਹੇ ਸਾਰੇ ਬਾਹਰੀ ਲੋਕ ਹਲਕੇ ਤੋਂ ਬਾਹਰ ਚਲੇ ਜਾਣ, ਇਸ ਲਈ ਪੁਲਿਸ ਵਿਭਾਗ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਬਾਹਰੀ ਲੋਕਾਂ ਦੇ ਸੰਭਾਵਿਤ ਠਹਿਰਾਓ ਵਾਲੀ ਥਾਂ 'ਤੇ ਪੂਰੀ ਚੌਕਸੀ ਰੱਖੀ ਜਾਵੇ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Global Allianz
LAW FIRM LLP
ਕਾਨੂੰਨੀ ਸਲਾਹਾਂ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188
Designed By Punjab Mail USA

# ਸੁਰਜੀਤ ਪਾਤਰ ਦੀ ਯਾਦ 'ਚ ਹਰ ਸਾਲ ਕਰਵਾਇਆ ਜਾਵੇਗਾ ਕਵੀ ਦਰਬਾਰ : ਡਾ. ਓਬਰਾਏ

**ਅੰਮ੍ਰਿਤਸਰ, (ਪੰਜਾਬ ਮੇਲ)-** ਲਫਜ਼ਾਂ ਦੇ ਜਾਦੂਗਰ ਵਜੋਂ ਜਾਣੇ ਜਾਂਦੇ ਪੰਜਾਬੀ ਸਾਹਿਤ ਦੇ ਨਾਮਵਰ ਹਸਤਾਖ਼ਰ ਮਰਹੂਮ ਸੁਰਜੀਤ ਪਾਤਰ ਦੀ ਯਾਦ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਹਰ ਸਾਲ ਆਨੰਦਪੁਰ ਸਾਹਿਬ ਵਿਖੇ ਜਿੱਥੇ ਇਕ ਕਵੀ ਦਰਬਾਰ ਕਰਵਾਇਆ ਜਾਵੇਗਾ, ਉੱਥੇ ਹੀ ਇੱਕ ਲਾਇਬਰੇਰੀ ਦੀ ਸਥਾਪਨਾ ਵੀ ਕੀਤੀ ਜਾਵੇਗੀ।

ਪ੍ਰੈੱਸ ਨੂੰ ਜਾਰੀ ਇੱਕ ਬਿਆਨ ਰਾਹੀਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਮੈਨੇਜਿੰਗ ਟਰੱਸਟੀ ਅਤੇ ਉੱਘੇ ਸਮਾਜ ਸੇਵਕ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਆਨੰਦਪੁਰ ਸਾਹਿਬ ਵਿਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਚਲਾਏ ਜਾ ਰਹੇ ਸੰਨੀ ਓਬਰਾਏ ਵਿਵੇਕ ਸਦਨ (ਐਡਵਾਂਸ ਇੰਸਟੀਚਿਊਟ) ਵਿਖੇ ਸੁਰਜੀਤ ਪਾਤਰ ਦੀ ਯਾਦ ਵਿਚ ਜਿੱਥੇ ਹਰ ਸਾਲ ਕਵੀ ਦਰਬਾਰ ਕਰਵਾਇਆ ਜਾਵੇਗਾ, ਉਥੇ ਹੀ ਵਿਵੇਕ ਸਦਨ ਵਿਚ ਮੌਜੂਦ ਉਨ੍ਹਾਂ ਦੇ ਠਹਿਰਨ ਵਾਲੇ ਕਮਰੇ ਨੂੰ ਲਾਇਬ੍ਰੇਰੀ ਵਿਚ ਤਬਦੀਲ ਕਰ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਆਨੰਦਪੁਰ ਸਾਹਿਬ ਵਿਚਲੇ ਸੰਨੀ ਓਬਰਾਏ ਵਿਵੇਕ ਸਦਨ ਅਤੇ ਅਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼ ਵਿਖੇ 'ਸੰਮਲਿਤਾ ਦਾ ਵਿਚਾਰ : ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ, ਰਮਣੀਕ, ਅਲੌਕਿਕ ਧਰਤਿ' ਵਿਸ਼ੇ 'ਤੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਦੋ ਦਿਨਾਂ ਵਿਸ਼ਵ ਪੱਧਰੀ ਕਾਨਫਰੰਸ ਡਾ. ਸੁਰਜੀਤ ਪਾਤਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ ਸੀ, ਜਿਸ ਵਿਚ ਪੰਜਾਬੀ ਦੇ 28 ਨਾਮਵਰ ਵਿਦਵਾਨ ਬੁਲਾਏ ਗਏ ਸਨ, ਜਿਸ ਦੌਰਾਨ ਡਾ: ਸੁਰਜੀਤ ਪਾਤਰ ਵੀ ਦੋ ਦਿਨ ਇੱਥੇ ਠਹਿਰੇ ਸਨ। ਉਨ੍ਹਾਂ ਦੱਸਿਆ ਕਿ ਇਸ ਕਾਨਫਰੰਸ ਦੌਰਾਨ ਸੁਰਜੀਤ ਪਾਤਰ ਹੁਰੀਂ ਵਿਵੇਕ ਸਦਨ ਦੇ ਜਿਸ ਕਮਰੇ ਵਿਚ ਠਹਿਰੇ ਸਨ, ਉਸ ਕਮਰੇ 'ਚੋਂ ਦਿਸਦੇ ਕੁਦਰਤੀ ਨਜ਼ਾਰਿਆਂ ਨੂੰ ਵੇਖਦਿਆਂ ਸੁਰਜੀਤ ਪਾਤਰ ਹੁਰਾਂ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਇਹ ਕਮਰਾ, ਜਿਸ ਵਿਚ ਉਹ (ਪਾਤਰ ਸਾਹਿਬ) ਰਹੇ ਸੀ, ਉਹ ਉਨ੍ਹਾਂ ਨੂੰ ਪੱਕਾ ਅਲਾਟ ਕਰ ਦਿਉ। ਡਾ. ਓਬਰਾਏ ਨੇ ਦੱਸਿਆ ਕਿ ਉਸ ਦੌਰਾਨ ਹੀ ਮੈਂ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਅੱਜ ਤੋਂ ਬਾਅਦ ਇਹ ਕਮਰਾ ਪੱਕੇ ਤੌਰ 'ਤੇ ਤੁਹਾਡਾ ਹੈ। ਡਾ. ਉਬਰਾਏ ਨੇ ਦੱਸਿਆ ਕਿ ਸੁਰਜੀਤ ਪਾਤਰ ਵੱਲੋਂ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਆਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ 52 ਕਵੀਆਂ ਦਾ ਕਵੀ ਦਰਬਾਰ ਲਗਾਉਂਦੇ ਸੀ, ਸੋ ਆਪਾਂ ਵੀ ਅਜਿਹਾ ਹੀ ਕਵੀ ਦਰਬਾਰ ਸ਼ੁਰੂ ਕਰੀਏ। ਉਨ੍ਹਾਂ ਕਿਹਾ ਕਿ ਪਾਤਰ ਹੁਰਾਂ ਦੀ ਸਲਾਹ ਮੁਤਾਬਕ ਅਸੀਂ ਵੀ 52 ਚੋਣਵੇਂ ਨਾਮਵਰ ਕਵੀ ਤਿਆਰ ਕਰਕੇ ਚਾਰ ਰੋਜ਼ਾ ਕਵੀ ਦਰਬਾਰ ਕਰਵਾਉਣ ਦੀ ਯੋਜਨਾ ਬਣਾਈ ਸੀ, ਜਿਸ ਦੀ ਪ੍ਰਧਾਨਗੀ ਵੀ ਪਾਤਰ ਸਾਹਿਬ ਨੇ ਹੀ ਕਰਨੀ ਸੀ ਪਰ ਸੁਰਜੀਤ ਪਾਤਰ ਦੇ ਅਚਾਨਕ ਪਏ ਵਿਛੋੜੇ ਕਾਰਨ ਇਹ ਕਵੀ ਦਰਬਾਰ ਹੁਣ 2 ਮਹੀਨੇ ਅੱਗੇ ਪਾ ਦਿੱਤਾ ਗਿਆ ਹੈ, ਜਿਹੜਾ ਹੁਣ ਸੁਰਜੀਤ ਪਾਤਰ ਹੁਰਾਂ ਨੂੰ ਸਮਰਪਿਤ ਹੋਵੇਗਾ।

■2 ਆਨੰਦਪੁਰ ਸਾਹਿਬ ਵਿਖੇ ਪਾਤਰ ਦੀ ਯਾਦ ਨੂੰ ਸਮਰਪਿਤ ਇੱਕ ਲਾਇਬ੍ਰੇਰੀ ਵੀ ਖੋਲ੍ਹੇਗਾ ਟਰੱਸਟ



ਮਰਹੂਮ ਸ਼ਾਇਰ ਸੁਰਜੀਤ ਪਾਤਰ ਨਾਲ ਡਾ. ਐੱਸ.ਪੀ. ਸਿੰਘ ਓਬਰਾਏ ਦੀ ਪੁਰਾਣੀ ਯਾਦਗਾਰੀ ਤਸਵੀਰ।

ਡਾ. ਓਬਰਾਏ ਨੇ ਸੁਰਜੀਤ ਪਾਤਰ ਨਾਲ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਦੱਸਿਆ ਕਿ ਪਾਤਰ ਸਾਹਿਬ ਨਾਲ ਉਨ੍ਹਾਂ ਦੀ ਬਹੁਤ ਗੂੜ੍ਹੀ ਮਿੱਤਰਤਾ ਸੀ ਅਤੇ ਉਹ ਸੰਨੀ ਓਬਰਾਏ ਵਿਵੇਕ ਸਦਨ ਅਤੇ ਅਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼ ਦੀ ਪੰਜ ਮੈਂਬਰੀ ਐਡਵਾਈਜ਼ਰੀ ਕਮੇਟੀ ਦੇ ਮੈਂਬਰ ਵੀ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਸੁਰਜੀਤ ਪਾਤਰ ਅਕਸਰ ਉਨ੍ਹਾਂ ਕੋਲ ਦੁਬਈ ਵੀ ਆਉਂਦੇ ਸਨ ਅਤੇ ਉਨਾਂ ਵੱਲੋਂ ਉਨ੍ਹਾਂ ਦੇ ਸਮੁੰਦਰ ਸਾਹਮਣੇ ਵਾਲੇ ਘਰ ਦੀ ਬਾਲਕੋਨੀ ਵਿਚ ਬੈਠ ਕੇ ਕਈ ਰਚਨਾਵਾਂ ਵੀ ਲਿਖੀਆਂ ਸਨ। ਉਨ੍ਹਾਂ ਕਿਹਾ ਕਿ ਏਸੇ ਬਾਲਕੋਨੀ 'ਚ ਡਾ. ਪਾਤਰ ਵੱਲੋਂ ਸਮੁੰਦਰ ਵੱਲ ਆਪਣੀਆਂ ਦੋਵੇਂ ਬਾਹਾਂ ਉਲਾਰ ਕੇ ਬੋਲੀਆਂ ਕਾਵਿ ਸਤਰਾਂ 'ਮੈਂ ਤਾਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ ,

ਪਾਣੀ ਨੇ ਮੇਰੇ ਗੀਤ ਮੈਂ ਪਾਣੀ 'ਤੇ ਲੀਕ ਹਾਂ।' ਹਮੇਸ਼ਾਂ ਚੇਤੇ ਆਉਂਦੀਆਂ ਰਹਿਣਗੀਆਂ।

ਡਾ. ਓਬਰਾਏ ਨੇ ਕਿਹਾ ਕਿ ਬੇਸ਼ੱਕ ਪਾਤਰ ਹੁਰੀਂ ਸਰੀਰਕ ਤੌਰ 'ਤੇ ਸਾਨੂੰ ਛੱਡ ਗਏ ਹਨ ਪਰ ਰੂਹਾਨੀ ਤੌਰ 'ਤੇ ਉਨ੍ਹਾਂ ਦੀਆਂ ਯਾਦਾਂ ਹਮੇਸ਼ਾਂ ਹਰ ਪੰਜਾਬੀ ਨਾਲ ਜੁੜੀਆਂ ਰਹਿਣਗੀਆਂ।

# ਸੰਨੀ ਓਬਰਾਏ ਕਲੀਨਿਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਨੇ ਪੰਜ ਸਾਲ ਪੂਰੇ ਹੋਣ 'ਤੇ ਕੱਟਿਆ ਕੇਕ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਉਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਬਹੁਤ ਵੱਡਾ ਬੀੜਾ ਚੁੱਕਿਆ ਹੋਇਆ ਹੈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਸ ਲੜੀ ਤਹਿਤ 100 ਦੇ ਕਰੀਬ ਸੰਨੀ ਓਬਰਾਏ ਕਲਿਨੀਕਲ ਲੈਬ ਅਤੇ ਡਾਇਗਨੋਸਟਿਕ ਸੈਂਟਰ ਖੋਲ੍ਹ ਕੇ ਬਹੁਤ ਹੀ ਸਸਤੇ ਰੇਟਾਂ 'ਤੇ ਖ਼ੂਨ ਟੈਸਟ ਕਰਕੇ ਆਮ ਲੋਕਾਂ ਨੂੰ ਸਹੂਲਤ ਦਿੱਤੀ ਗਈ ਹੈ।

ਸ੍ਰੀ ਮੁਕਤਸਰ ਸਾਹਿਬ ਵਿਚ ਵੀ ਪੰਜ ਸਾਲ ਪਹਿਲਾਂ ਲੈਬ ਖੋਲ੍ਹੀ ਗਈ ਸੀ। ਇਸ ਸਮੇਂ ਦੌਰਾਨ 80000 ਦੇ ਕਰੀਬ ਲੋਕ ਇਨ੍ਹਾਂ ਸਸਤੇ ਰੇਟਾਂ ਦੇ ਲਾਭ ਲੈ ਚੁੱਕੇ ਹਨ। ਪੰਜ ਸਾਲ ਪੂਰੇ ਹੋਣ ਉਪਰੰਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਕੇਕ ਕੱਟਿਆ ਗਿਆ।

ਕੇਕ ਕੱਟਣ ਦੀ ਰਸਮ ਅੰਜੂ ਰਾਣੀ ਵੱਲੋਂ ਅਤੇ ਸਮੂਹ ਸਟਾਫ ਵੱਲੋਂ ਕੀਤੀ ਗਈ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਮਾਲਵਾ ਜੋਨ, ਅਰਵਿੰਦਰ ਪਾਲ ਸਿੰਘ ਚਾਹਲ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ, ਮਲਕੀਤ ਸਿੰਘ ਰਿਟਾਇਰਡ ਬੈਂਕ ਮੈਨੇਜਰ, ਜਸਪਾਲ ਸਿੰਘ ਰਿਟਾਇਰਡ ਲੈਕਚਰਾਰ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਮਾਸਟਰ ਰਜਿੰਦਰ ਸਿੰਘ, ਜਸਵਿੰਦਰ ਸਿੰਘ ਮਣਕੂ, ਮੈਡਮ ਹਰਿੰਦਰ ਕੌਰ, ਮੈਡਮ ਮਨਿੰਦਰ ਕੌਰ, ਅੰਜੂ ਰਾਣੀ ਲੈਬ ਟੈਕਨੀਸ਼ੀਅਨ, ਰਜਨੀ ਬਾਲਾ ਲੈਬ ਟੈਕਨੀਸ਼ੀਅਨ, ਭੁਪਿੰਦਰ ਸਿੰਘ ਲੈਬ ਟੈਕਨੀਸ਼ੀਅਨ, ਗੁਰਵਿੰਦਰ ਸਿੰਘ ਲੈਬ ਟੈਕਨੀਸ਼ੀਅਨ ਆਦਿ ਹਾਜ਼ਰ ਸਨ।




# ਲੋਕ ਸਭਾ ਚੋਣਾਂ: ਹੁਸ਼ਿਆਰਪੁਰ ’ਚ ਹੋਵੇਗਾ ਪੰਜ ਕੋਣਾ ਮੁਕਾਬਲਾ

**ਹੁਸ਼ਿਆਰਪੁਰ, (ਪੰਜਾਬ ਮੇਲ)-** ਹੁਸ਼ਿਆਰਪੁਰ ਲੋਕ ਸਭਾ ਹਲਕੇ ਦੀ ਗਿਣਤੀ ਭਾਵੇਂ ਪੱਛੜੇ ਖੇਤਰਾਂ ’ਚ ਆਉਂਦੀ ਹੈ ਪਰ ਵੱਡੇ-ਵੱਡੇ ਸਿਆਸਤਦਾਨਾਂ ਦਾ ਸਬੰਧ ਇਸ ਖੇਤਰ ਨਾਲ ਰਿਹਾ ਹੈ। ਦੇਸ਼ ਦੇ ਸਾਬਕਾ ਰਾਸ਼ਟਰਪਤੀ ਗਿਆਨੀ ਜੈਲ ਸਿੰਘ 1980 ’ਚ ਇੱਥੋਂ ਲੋਕ ਸਭਾ ਮੈਂਬਰ ਚੁਣੇ ਗਏ ਸਨ। ਸਾਬਕਾ ਕੇਂਦਰੀ ਮੰਤਰੀ ਦਰਬਾਰਾ ਸਿੰਘ ਨੂੰ ਵੀ ਹੁਸ਼ਿਆਰਪੁਰ ਦੇ ਲੋਕਾਂ ਨੇ ਚੁਣ ਕੇ 1971 ’ਚ ਸੰਸਦ ’ਚ ਭੇਜਿਆ ਸੀ। ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ 1996 ’ਚ ਇਸ ਹਲਕੇ ਤੋਂ ਚੋਣ ਜਿੱਤ ਕੇ ਸੰਸਦ ’ਚ ਗਏ। ਪਾਰਟੀ ਦੀ ਮੌਜੂਦਾ ਮੁਖੀ ਤੇ ਯੂ.ਪੀ. ਦੀ ਸਾਬਕਾ ਮੁੱਖ ਮੰਤਰੀ ਕੁਮਾਰੀ ਮਾਇਆਵਤੀ ਨੇ ਵੀ 1992 ’ਚ ਇੱਥੋਂ ਚੋਣ ਲੜੀ, ਹਾਲਾਂਕਿ ਉਨ੍ਹਾਂ ਨੂੰ ਸਫ਼ਲਤਾ ਨਹੀਂ ਮਿਲੀ।




ਹੁਸ਼ਿਆਰਪੁਰ ਹਲਕੇ ’ਚ 1952 ਤੋਂ ਲੈ ਕੇ 2019 ਤੱਕ 17 ਵਾਰ ਲੋਕ ਸਭਾ ਚੋਣਾਂ ਹੋਈਆਂ ਹਨ। ਇਸ ਲੋਕ ਸਭਾ ਹਲਕੇ ’ਤੇ ਕਾਂਗਰਸ ਪਾਰਟੀ ਦਾ ਕਾਫੀ ਜ਼ਿਆਦਾ ਦਬਦਬਾ ਰਿਹਾ ਹੈ। ਜੇਕਰ 1999 ਤੋਂ 2019 ਦੀ ਗੱਲ ਕਰੀਏ, ਤਾਂ ਇਸ ਸੀਟ ’ਤੇ 3 ਵਾਰ ਭਾਰਤੀ ਜਨਤਾ ਪਾਰਟੀ ਨੇ ਜਿੱਤ ਹਾਸਲ ਕੀਤੀ ਹੈ ਅਤੇ 2 ਵਾਰ ਇੱਥੋਂ ਕਾਂਗਰਸ ਜੇਤੂ ਰਹੀ ਹੈ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੇ ਵਿਜੇ ਸਾਂਪਲਾ ਦੀ ਟਿਕਟ ਕੱਟ ਕੇ ਸੋਮ ਪ੍ਰਕਾਸ਼ ਨੂੰ ਚੋਣ ਮੈਦਾਨ ’ਚ ਉਤਾਰਿਆ ਸੀ ਅਤੇ ਸੋਮ ਪ੍ਰਕਾਸ਼ ਨੇ ਇਸ ਸੀਟ ਤੋਂ ਜਿੱਤ ਹਾਸਲ ਕੀਤੀ।

| ਸਾਲ | ਜੇਤੂ | ਪਾਰਟੀ | ਵੋਟਾਂ |
|---|---|---|---|
| 2019 | ਸੋਮ ਪ੍ਰਕਾਸ਼ | ਭਾਜਪਾ | 4,21,320 |
| 2014 | ਵਿਜੇ ਸਾਂਪਲਾ | ਭਾਜਪਾ | 3,46,643 |
| 2009 | ਸੰਤੋਸ਼ ਚੌਧਰੀ | ਕਾਂਗਰਸ | 3,58,812 |
| 2004 | ਅਭਿਨਾਸ਼ ਰਾਏ ਖੰਨਾ | ਭਾਜਪਾ | 2,89,815 |
| 1999 | ਚਰਨਜੀਤ ਸਿੰਘ ਚੰਨੀ | ਕਾਂਗਰਸ | 2,56,211 |

ਭਾਜਪਾ ਨੇ ਇਸ ਵਾਰ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਦੀ ਪਤਨੀ ਅਨੀਤਾ ਸੋਮ ਪ੍ਰਕਾਸ਼ ਨੂੰ ਟਿਕਟ ਦਿਤੀ ਹੈ। ਕਾਂਗਰਸ ਨੇ ਇਸ ਸੀਟ ਤੋਂ ਯਾਮਿਨੀ ਗੋਮਰ ਨੂੰ ਚੋਣ ਮੈਦਾਨ ’ਚ ਉਤਾਰਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਹੁਸ਼ਿਆਰਪੁਰ ਤੋਂ ਪਾਰਟੀ ਦੇ ਸੀਨੀਅਰ ਆਗੂ ਸੋਹਣ ਸਿੰਘ ਠੰਡਲ ਨੂੰ ਟਿਕਟ ਦਿੱਤੀ ਹੈ।

ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਆਮ ਆਦਮੀ ਪਾਰਟੀ ਨੇ ਕਾਂਗਰਸ ਛੱਡ ਕੇ ‘ਆਪ’ ਵਿਚ ਸ਼ਾਮਲ ਹੋਏ ਡਾ. ਰਾਜਕੁਮਾਰ ਚੱਬੇਵਾਲ ਨੂੰ ਟਿਕਟ ਦਿੱਤੀ ਹੈ।

# ਮਲੂਕਾ ਖਿਲਾਫ਼ ਅਨੁਸ਼ਾਸਨੀ ਕਾਰਵਾਈ ਕਰਨ ਦੇ ਮਾਮਲੇ ’ਤੇ ਦੁਚਿੱਤੀ ਵਿਚ ਫਸਿਆ ਸ਼੍ਰੋਮਣੀ ਅਕਾਲੀ ਦਲ

**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਹੁਣ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕਰਨ ਦੇ ਮਾਮਲੇ ’ਤੇ ਦੁਚਿੱਤੀ ਵਿਚ ਫਸ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਪਾਰਟੀ ’ਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ। ਹੁਣ ਪ੍ਰਤਾਪ ਸਿੰਘ ਕੈਰੋਂ ਦੇ ਹੱਕ ਵਿਚ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਹਾਅ ਦਾ ਨਾਅਰਾ ਮਾਰਿਆ ਹੈ। ਚਰਚੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਹੁਣ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਵੀ ਪਾਰਟੀ ’ਚੋਂ ਕੱਢ ਸਕਦਾ ਹੈ। ਇਸ ਸਬੰਧੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ।

ਬਠਿੰਡਾ ਸੰਸਦੀ ਹਲਕੇ ਤੋਂ ਸਾਬਕਾ ਮੰਤਰੀ ਮਲੂਕਾ ਦੀ ਨੂੰਹ ਪਰਮਪਾਲ ਕੌਰ ਮਲੂਕਾ ਬਤੌਰ ਭਾਜਪਾ ਉਮੀਦਵਾਰ ਚੋਣ ਮੈਦਾਨ ਵਿਚ ਹੈ ਅਤੇ ਮਲੂਕਾ ਨੇ ਪਿਛਲੇ ਦਿਨਾਂ ਤੋਂ ਚੋਣ ਪ੍ਰਚਾਰ ਤੋਂ ਕਿਨਾਰਾ ਕੀਤਾ ਹੋਇਆ ਹੈ। ਸਾਬਕਾ ਮੰਤਰੀ ਮਲੂਕਾ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਤੋਂ ਦੂਰੀ ਬਣਾਈ ਹੋਈ ਸੀ। ਹੁਣ ਮਲੂਕਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ ’ਤੇ ਸਾਹਮਣੇ ਆਈ ਹੈ, ਜਿਸ ਵਿਚ ਮਲੂਕਾ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸ਼ੰਸਾ ਕੀਤੀ ਗਈ ਹੈ। ਦੂਜੇ ਬੰਨ੍ਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ ਨੂੰ ਰਗੜੇ ਲਗਾ ਰਹੇ ਹਨ।

ਸਿਆਸੀ ਹਲਕੇ ਆਖਦੇ ਹਨ ਕਿ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਜਨਤਕ ਤੌਰ ’ਤੇ ਤਾਂ ਪਾਰਟੀ ਵਿਰੁੱਧ ਕੋਈ ਬਿਆਨ ਜਾਰੀ ਨਹੀਂ ਕੀਤਾ ਸੀ, ਜਦੋਂਕਿ ਮਲੂਕਾ ਤਾਂ ਭਾਜਪਾ ਦੀ ਹਮਾਇਤ ਵਿਚ ਬੋਲ ਰਹੇ ਹਨ। ਦੇਖਣਾ ਹੋਵੇਗਾ ਕਿ ਸ਼੍ਰੋਮਣੀ ਅਕਾਲੀ ਦਲ ਕੀ ਹੁਣ ਮਲੂਕਾ ਖ਼ਿਲਾਫ਼ ਵੀ ਅਨੁਸ਼ਾਸਨੀ ਕਾਰਵਾਈ ਕਰੇਗਾ। ਉੱਧਰ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਆਖਦੇ ਹਨ ਕਿ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਅਜਿਹਾ ਕੋਈ ਬਿਆਨ ਨਹੀਂ ਦਿੱਤਾ ਹੈ, ਜਿਸ ਦੇ ਆਧਾਰ ’ਤੇ ਕੋਈ ਕਾਰਵਾਈ ਉਨ੍ਹਾਂ ਖ਼ਿਲਾਫ਼ ਕਰਨੀ ਬਣਦੀ ਹੋਵੇ।

ਸਿਆਸੀ ਹਲਕੇ ਆਖਦੇ ਹਨ ਕਿ ਸਾਬਕਾ ਮੰਤਰੀ ਮਲੂਕਾ ਨੇ ਤਾਂ ਫ਼ਰੀਦਕੋਟ ਹਲਕੇ ਤੋਂ ਪਾਰਟੀ ਉਮੀਦਵਾਰ ਰਾਜਵਿੰਦਰ ਸਿੰਘ ਲਈ ਵੀ ਕੋਈ ਚੋਣ ਜਲਸਾ ਨਹੀਂ ਕੀਤਾ ਹੈ। ਇੱਥੋਂ ਤੱਕ ਕਿ ਪਾਰਟੀ ਉਮੀਦਵਾਰ ਨੇ ਪਿੰਡ ਮਲੂਕਾ ਵਿਚ ਹੋਏ ਚੋਣ ਪ੍ਰੋਗਰਾਮ ’ਚੋਂ ਵੀ ਮਲੂਕਾ ਗ਼ੈਰਹਾਜ਼ਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਸੋਚ ਹੈ ਕਿ ਜੇਕਰ ਮਲੂਕਾ ਖ਼ਿਲਾਫ਼ ਕਾਰਵਾਈ ਕੀਤੀ ਗਈ, ਤਾਂ ਮਲੂਕਾ ਖੁੱਲ੍ਹ ਕੇ ਭਾਜਪਾ ਦੀ ਹਮਾਇਤ ਵਿਚ ਕੁੱਦ ਪੈਣਗੇ ਅਤੇ ਅਕਾਲੀ ਉਮੀਦਵਾਰ ਬੀਬੀ ਬਾਦਲ ਲਈ ਨਵਾਂ ਸੰਕਟ ਪੈਦਾ ਹੋ ਜਾਵੇਗਾ ਹੈ। ਇੱਕ ਸੀਨੀਅਰ ਆਗੂ ਨੇ ਕਿਹਾ ਕਿ ਚੋਣਾਂ ਤੱਕ ਮਲੂਕਾ ਖ਼ਿਲਾਫ਼ ਕੋਈ ਕਾਰਵਾਈ ਹੁੰਦੀ ਨਹੀਂ ਜਾਪਦੀ ਹੈ।

# ਜਸਟਿਸ ਜ਼ੋਰਾ ਸਿੰਘ ਨੇ ‘ਆਪ’ ਖ਼ਿਲਾਫ਼ ਚੁੱਕਿਆ ਝੰਡਾ

**ਮੋਗਾ, (ਪੰਜਾਬ ਮੇਲ)-** ਬਰਗਾੜੀ ਬੇਅਦਬੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਘਟਨਾਵਾਂ ਦੀ ਬਤੌਰ ਕਮਿਸ਼ਨ ਜਾਂਚ ਕਰ ਚੁੱਕੇ ਅਤੇ ‘ਆਪ’ ਦੇ ਸੂਬਾ ਸੰਯੁਕਤ ਸਕੱਤਰ ਜਸਟਿਸ (ਸੇਵਾਮੁਕਤ) ਜ਼ੋਰਾ ਸਿੰਘ ਅਤੇ ‘ਲੋਕ-ਰਾਜ’ ਪੰਜਾਬ ਪ੍ਰਧਾਨ ਡਾ. ਮਨਜੀਤ ਸਿੰਘ ਰੰਧਾਵਾ ਅਤੇ ‘ਉੱਤਮ-ਖੇਤੀ’ ਕਿਸਾਨ ਯੂਨੀਅਨ ਦੇ ਜਰਨਲ ਸਕੱਤਰ ਐਡਵੋਕੇਟ ਗੁਰਸਿਮਰਤ ਸਿੰਘ ਰੰਧਾਵਾ ਨੇ ਨਸਲਾਂ, ਫ਼ਸਲਾਂ ਤੇ ਪੰਜਾਬ ਬਚਾਉਣ ਲਈ ਕੁਰਬਾਨੀ ਵਾਲੇ ਉਮੀਦਵਾਰਾਂ ਨੂੰ ਜਿਤਾਉਣ ਦਾ ਸੱਦਾ ਦਿੱਤਾ। ਇਸ ਮੌਕੇ ਆਜ਼ਾਦ ਉਮੀਦਵਾਰ ਭਾਈ ਸਰਬਜੀਤ ਸਿੰਘ ਮਲੋਆ ਦੀ ਪਤਨੀ ਸੰਦੀਪ ਕੌਰ, ਜੁਝਾਰੂ ਮੁਲਾਜ਼ਮ ਆਗੂ ਬਲਵਿੰਦਰ ਸਿੰਘ ਅਤੇ ਜਥੇਦਾਰ ਬੂਟਾ ਸਿੰਘ ਰਣਸੀਂਹ, ਅਤੇ ਸਾਬਕਾ ਸੈਨਿਕ ਸੰਘਰਸ਼ ਕਮੇਟੀ ਆਗੂ ਸੂਬੇਦਾਰ ਜਗਜੀਤ ਸਿੰਘ ਮੌਜੂਦ ਸਨ।



**ਮੋਗਾ ’ਚ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਜਸਟਿਸ (ਸੇਵਾਮੁਕਤ) ਜ਼ੋਰਾ ਸਿੰਘ ਅਤੇ ਹੋਰ।**

ਇਸ ਮੌਕੇ ਪ੍ਰੈੱਸ ਕਾਨਫਰੰਸ ਦੌਰਾਨ ਜਸਟਿਸ (ਸੇਵਾਮੁਕਤ) ਜ਼ੋਰਾ ਸਿੰਘ ਨੇ ਦਾਅਵਾ ਕੀਤਾ ਕਿ ਮੌਜੂਦਾ ਸੂਬਾ ਸਰਕਾਰ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਨਹੀਂ ਉੱਤਰੀ। ਉਨ੍ਹਾਂ ਕਿਹਾ ਕਿ ‘ਮਾਨ’ ਸਰਕਾਰ ਨੇ ਉਨ੍ਹਾਂ ਨਾਲ ਇਹ ਵਾਅਦਾ ਕੀਤਾ ਸੀ ਕਿ ਉਨ੍ਹਾਂ ਵੱਲੋਂ ਬਤੌਰ ਕਮਿਸ਼ਨ ਬਰਗਾੜੀ ਤੇ ਬਹਿਬਲ ਕਲਾਂ ਗੋਲੀਕਾਂਡ ਦੀ ਕੀਤੀ ਜਾਂਚ ਨੂੰ ਜਨਤਕ ਕੀਤਾ ਜਾਵੇਗਾ। ਸੂਬੇ ’ਚ ਸਰਕਾਰ ਬਣਨ ਦੇ ਦੋ ਸਾਲ ਬਾਅਦ ਵੀ ਉਨ੍ਹਾਂ ਦੀ ਰਿਪੋਰਟ ਜਨਤਕ ਨਹੀਂ ਕੀਤੀ ਗਈ। ਉਨ੍ਹਾਂ ਫ਼ਰੀਦਕੋਟ ਤੋਂ ਆਜ਼ਾਦ ਉਮੀਦਵਾਰ ਸਰਬਜੀਤ ਸਿੰਘ ਮਲੋਆ ਨੂੰ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਬਚਪਨ ਤੋਂ ਸੰਘਰਸ਼ਸ਼ੀਲ ਜੀਵਨ ਅਤੇ ਕੁਰਬਾਨੀ ਵਾਲੇ ਪਿਛੋਕੜ ਕਰਕੇ ਸਭ ਤੋਂ ਉੱਤਮ ਉਮੀਦਵਾਰ ਹੈ।



# ਲੋਕ ਸਭਾ ਚੋਣਾਂ: ਖਡੂਰ ਸਾਹਿਬ ਸੀਟ ’ਤੇ ਅੰਮ੍ਰਿਤਪਾਲ ਸਿੰਘ ਦੀ ਆਮਦ ਨੇ ਬਦਲੇ ਸਿਆਸੀ ਸਮੀਕਰਣ

■ **ਇਸ ਵਾਰ ਹੋਵੇਗਾ ਬਹੁਕੋਣਾ ਮੁਕਾਬਲਾ**



| ਸਾਲ | ਜੇਤੂ | ਪਾਰਟੀ | ਵੋਟਾਂ |
|---|---|---|---|
| 2019 | ਜਸਬੀਰ ਸਿੰਘ ਡਿੰਪਾ | ਕਾਂਗਰਸ | 459,710 |
| 2014 | ਰਣਜੀਤ ਸਿੰਘ ਬ੍ਰਹਮਪੁਰਾ | ਅਕਾਲੀ ਦਲ | 467,332 |
| 2009 | ਰਤਨ ਸਿੰਘ ਅਜਨਾਲਾ | ਅਕਾਲੀ ਦਲ | 467,980 |
| 2004 | ਰਤਨ ਸਿੰਘ ਅਜਨਾਲਾ | ਅਕਾਲੀ ਦਲ | 364,646 |
| 1999 | ਤਰਲੋਚਨ ਸਿੰਘ | ਅਕਾਲੀ ਦਲ | 305,899 |

**ਤਰਨਤਾਰਨ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ਦੇ ਸੱਤਵੇਂ ਤੇ ਆਖ਼ਰੀ ਗੇੜ ਦੀਆਂ ਵੋਟਾਂ ਪੰਜਾਬ ਵਿਚ ਪਹਿਲੀ ਜੂਨ ਨੂੰ ਪੈਣੀਆਂ ਹਨ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਖਡੂਰ ਸਾਹਿਬ ਲੋਕ ਸਭਾ ਸੀਟ ਕਾਫੀ ਚਰਚਾ ਵਿਚ ਆ ਗਈ ਹੈ। ਲੋਕ ਸਭਾ ਹਲਕਾ ਖਡੂਰ ਸਾਹਿਬ ਨੂੰ ਪਹਿਲਾਂ ਤਰਨਤਾਰਨ ਲੋਕ ਸਭਾ ਹਲਕੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ। ਇੱਥੋਂ ਆਜ਼ਾਦ ਉਮੀਦਵਾਰ ਵਜੋਂ ਅੰਮ੍ਰਿਤਪਾਲ ਸਿੰਘ ਦੀ ਆਮਦ ਨਾਲ ਸਿਆਸੀ ਸਮੀਕਰਨ ਬਦਲਣ ਲੱਗੇ ਹਨ। ਕਾਂਗਰਸ ਵੱਲੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ‘ਆਪ’ ਵੱਲੋਂ ਮੌਜੂਦਾ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਭਾਜਪਾ ਵੱਲੋਂ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ ਤੇ ਖੱਬੇ ਪੱਖੀ ਧਿਰਾਂ ਸੀ.ਪੀ.ਆਈ. ਵੱਲੋਂ ਗੁਰਦਿਆਲ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ। ਇਸ ਕਾਰਨ ਇਸ ਲੋਕ ਸਭਾ ਹਲਕੇ ਵਿਚ ਵੀ ਇਸ ਵਾਰ ਬਹੁਕੋਣਾ ਮੁਕਾਬਲਾ ਹੋਵੇਗਾ। ਪਿਛੋਕੜ ’ਤੇ ਜੇਕਰ ਝਾਤ ਮਾਰੀ ਜਾਵੇ ਤਾਂ 2008 ਤੋਂ ਪਹਿਲਾਂ ਇਹ ਹਲਕਾ ਤਰਨਤਾਰਨ ਲੋਕ ਸਭਾ ਹਲਕੇ ਦੇ ਨਾਂ ਨਾਲ ਜਾਣਿਆ ਜਾਂਦਾ ਸੀ ਪਰ 2009 ਵਿਚ ਇਸ ਨੂੰ ਖਡੂਰ ਸਾਹਿਬ ਲੋਕ ਸਭਾ ਹਲਕੇ ਦੇ ਰੂਪ ਵਿਚ ਬਦਲ ਦਿੱਤਾ ਗਿਆ ਅਤੇ ਇਸ ਵਿਚ ਕਈ ਨਵੇਂ ਵਿਧਾਨ ਸਭਾ ਹਲਕੇ ਸ਼ਾਮਲ ਕੀਤੇ ਗਏ।

ਇਸ ਲੋਕ ਸਭਾ ਹਲਕੇ ਹੇਠ ਆਉਂਦੇ ਨੌਂ ਵਿਧਾਨ ਸਭਾ ਹਲਕੇ ਵੱਖ-ਵੱਖ ਚਾਰ ਜ਼ਿਲ੍ਹਿਆਂ ਤੋਂ ਹਨ, ਜਿਨ੍ਹਾਂ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਵਿਧਾਨ ਸਭਾ ਹਲਕੇ ਜੰਡਿਆਲਾ ਅਤੇ ਬਾਬਾ ਬਕਾਲਾ, ਤਰਨਤਾਰਨ ਜ਼ਿਲ੍ਹੇ ਦੇ ਚਾਰ ਤਰਨਤਾਰਨ, ਖਡੂਰ ਸਾਹਿਬ, ਪੱਟੀ ਅਤੇ ਖੇਮਕਰਨ, ਕਪੂਰਥਲਾ ਜ਼ਿਲ੍ਹੇ ਦੇ ਕਪੂਰਥਲਾ ਤੇ ਸੁਲਤਾਨਪੁਰ ਲੋਧੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਦਾ ਜ਼ੀਰਾ ਹਲਕਾ ਸ਼ਾਮਲ ਹੈ। ਇਸ ਲੋਕ ਸਭਾ ਹਲਕੇ ਦੇ ਨੌਂ ਵਿਧਾਨ ਸਭਾ ਹਲਕਿਆਂ ’ਚੋਂ ਸੱਤ ’ਚ ‘ਆਪ’ ਵਿਧਾਇਕ ਕਾਬਜ਼ ਹਨ, ਜਦਕਿ ਇਕ ਵਿਧਾਨ ਸਭਾ ਹਲਕੇ ’ਚ ਕਾਂਗਰਸ ਤੇ ਇਕ ਵਿਧਾਨ ਸਭਾ ਹਲਕੇ ਵਿਚ ਆਜ਼ਾਦ ਵਿਧਾਇਕ ਕਾਬਜ਼ ਹੈ। ਇਸ ਕਾਰਨ ਕਿਹਾ ਜਾ ਸਕਦਾ ਹੈ ਕਿ ਇਸ ਵੇਲੇ ਲੋਕ ਸਭਾ ਹਲਕੇ ’ਤੇ ‘ਆਪ’ ਦਾ ਦਬਦਬਾ ਹੈ।

ਖਡੂਰ ਸਾਹਿਬ ਲੋਕ ਸਭਾ ਸੀਟ ਚੋਣ ਕਮਿਸ਼ਨ ਦੇ ਹਲਕਿਆਂ ਦੀ ਸੂਚੀ ’ਚ ਹਲਕਾ ਨੰਬਰ 3 ਹੈ। ਭਾਰਤੀ ਚੋਣ ਕਮਿਸ਼ਨ ਦੇ ਅੰਕੜਿਆਂ ਮੁਤਾਬਿਕ ਲੋਕ ਸਭਾ ਹਲਕਾ ਖਡੂਰ ਸਾਹਿਬ ਵਿਚ 75.15 ਫੀਸਦੀ ਵਸੋਂ ਸਿੱਖਾਂ ਦੀ ਹੈ। ਇਸ ਲੋਕ ਸਭਾ ਹਲਕੇ ਅਧੀਨ ਵਿਧਾਨ ਸਭਾ ਦੇ 9 ਹਲਕੇ ਪੈਂਦੇ ਹਨ, ਜਿਸ ਵਿਚ ਜੰਡਿਆਲਾ, ਖੇਮਕਰਨ, ਤਰਨਤਾਰਨ, ਪੱਟੀ, ਖਡੂਰ ਸਾਹਿਬ, ਬਾਬਾ ਬਕਾਲਾ, ਕਪੂਰਥਲਾ, ਸੁਲਤਾਨਪੁਰ ਲੋਧੀ ਅਤੇ ਜੀਰਾ ਸ਼ਾਮਲ ਹਨ। ਚੋਣ ਕਮਿਸ਼ਨ ਮੁਤਾਬਕ ਇਸ ਵਾਰ 15 ਲੱਖ 63 ਹਜ਼ਾਰ 409 ਵੋਟਰ ਆਪਣਾ ਫ਼ੈਸਲਾ ਸੁਣਾਉਣਗੇ। 2009, 2014 ਅਤੇ 2019 ਵਿਚ ਇਸ ਸੀਟ ’ਤੇ ਹੋਈਆਂ ਆਮ ਚੋਣਾਂ ਵਿਚ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਦਬਦਬਾ ਰਿਹਾ ਸੀ। 2009 ਅਤੇ 2014 ਵਿਚ ਇਹ ਸੀਟ ਲਗਾਤਾਰ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਸੀ। 2009 ਵਿਚ ਇਸ ਸੀਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਰਤਨ ਸਿੰਘ ਅਜਨਾਲਾ ਚੁਣੇ ਗਏ ਸਨ, ਜਦੋਂਕਿ ਪੰਜ ਸਾਲ ਬਾਅਦ 2014 ਵਿਚ ਹੋਈਆਂ ਆਮ ਚੋਣਾਂ ਵਿਚ ਇਹ ਸੀਟ ਸ਼੍ਰੋਮਣੀ ਅਕਾਲੀ ਦਲ ਦੇ ਰਣਜੀਤ ਸਿੰਘ ਬ੍ਰਹਮਪੁਰਾ ਦੇ ਹਿੱਸੇ ਗਈ ਸੀ। ਬ੍ਰਹਮਪੁਰਾ ਦਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਇੰਡੀਅਨ ਨੈਸ਼ਨਲ ਕਾਂਗਰਸ ਦੇ ਜਸਬੀਰ ਸਿੰਘ ਗਿੱਲ 2019 ਵਿਚ ਇਸ ਸੀਟ ਤੋਂ ਲੋਕ ਸਭਾ ਮੈਂਬਰ ਚੁਣੇ ਗਏ ਸਨ। ਜੇਕਰ 2019 ਦੀਆਂ ਆਮ ਚੋਣਾਂ ’ਤੇ ਨਜ਼ਰ ਮਾਰੀਏ ਤਾਂ ਇਸ ਸੀਟ ’ਤੇ ਮੁੱਖ ਮੁਕਾਬਲਾ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬ ਏਕਤਾ ਪਾਰਟੀ ਵਿਚਾਲੇ ਸੀ। ਇੰਡੀਅਨ ਨੈਸ਼ਨਲ ਕਾਂਗਰਸ ਦੇ ਜਸਬੀਰ ਸਿੰਘ ਗਿੱਲ 44 ਫੀਸਦੀ (4 ਲੱਖ 59 ਹਜ਼ਾਰ 710) ਵੋਟਾਂ ਲੈ ਕੇ ਜੇਤੂ ਰਹੇ, ਜਦਕਿ ਸ਼੍ਰੋਮਣੀ ਅਕਾਲੀ ਦਲ ਦੀ ਬੀਬੀ ਜਗੀਰ ਕੌਰ ਕਰੀਬ 31 ਫੀਸਦੀ ਵੋਟਾਂ ਲੈ ਕੇ ਦੂਜੇ ਸਥਾਨ ’ਤੇ ਰਹੀ। ਤੀਜੇ ਨੰਬਰ ’ਤੇ ਪੰਜਾਬ ਏਕਤਾ ਪਾਰਟੀ ਦੀ ਬੀਬੀ ਪਰਮਜੀਤ ਕੌਰ ਖਾਲੜਾ ਰਹੀ, ਜਿਨ੍ਹਾਂ ਨੂੰ ਕੁੱਲ ਵੋਟਾਂ ਦਾ ਲਗਭਗ 21 ਫੀਸਦੀ ਵੋਟਾਂ ਮਿਲੀਆਂ।

# ਪੰਜਾਬ ’ਚ ਲੋਕਾਂ ਨੂੰ ਘਰ ਬੈਠੇ ਮਿਲੇਗੀ ਪੋਲਿੰਗ ਬੂਥ ’ਤੇ ਲੱਗੀਆਂ ਕਤਾਰਾਂ ਦੀ ਜਾਣਕਾਰੀ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਵੋਟਰ ਵੋਟਾਂ ਵਾਲੇ ਦਿਨ 1 ਜੂਨ ਨੂੰ ਆਪਣੇ ਪੋਲਿੰਗ ਬੂਥ ’ਤੇ ਜਾਣ ਤੋਂ ਪਹਿਲਾਂ ਇਹ ਜਾਣ ਸਕਣਗੇ ਕਿ ਉਨ੍ਹਾਂ ਦੇ ਬੂਥ ਉੱਤੇ ਕਿੰਨੇ ਕੁ ਲੋਕ ਵੋਟ ਦੇਣ ਲਈ ਕਤਾਰ ’ਚ ਖੜ੍ਹੇ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਵੱਲੋਂ ਸ਼ਨਿੱਚਰਵਾਰ ਨੂੰ ਵੋਟਰਾਂ ਦੀ ਸਹੂਲਤ ਨੂੰ ਧਿਆਨ ’ਚ ਰੱਖਦੇ ਹੋਏ ‘ਵੋਟਰ ਕਿਊ ਇਨਫਾਰਮੇਸ਼ਨ ਸਿਸਟਮ’ ਸ਼ੁਰੂ ਕੀਤਾ ਗਿਆ ਹੈ। ਇਹ ਸਿਸਟਮ ਐੱਨ.ਆਈ.ਸੀ. ਪੰਜਾਬ ਅਤੇ ਮੈਟਾ ਨਾਲ ਮਿਲ ਕੇ ਤਿਆਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਸਿਬਿਨ ਸੀ ਨੇ ਦੱਸਿਆ ਕਿ ਵੋਟਰ ਕਿਊ ਇਨਫਾਰਮੇਸ਼ਨ ਸਿਸਟਮ ਨੂੰ ਵਰਤਣ ਲਈ ਵੋਟਰਾਂ ਨੂੰ ਇਕ ਵਟਸਐਪ ਨੰਬਰ 7447447217 ਉੱਤੇ ‘ਵੋਟ’ ਟਾਇਪ ਕਰਕੇ ਮੈਸੇਜ ਭੇਜਣਾ ਹੋਵੇਗਾ। ਇਸ ਤੋਂ ਬਾਅਦ ਇਕ ਲਿੰਕ ਪ੍ਰਾਪਤ ਹੋਵੇਗਾ, ਜਿਸ ’ਤੇ ਕਲਿੱਕ ਕਰਨ ਮਗਰੋਂ 2 ਆਪਸ਼ਨ ; (1) ਲੋਕੇਸ਼ਨ ਵਾਈਜ਼ (2) ਬੂਥ ਵਾਈਜ਼ ਸਕਰੀਨ ਉੱਤੇ ਆਉਣਗੇ। ਉਨ੍ਹਾਂ ਦੱਸਿਆ ਕਿ ਲੋਕੇਸ਼ਨ ਵਾਈਜ਼ ਆਪਸ਼ਨ ਨੂੰ ਚੁਣਨ ਮਗਰੋਂ ਵੋਟਰ ਨੂੰ ਆਪਣੀ ਲੋਕੇਸ਼ਨ ਸ਼ੇਅਰ ਕਰਨੀ ਹੋਵੇਗੀ, ਜਿਸ ਤੋਂ ਬਾਅਦ ਮੋਬਾਇਲ ਦੀ ਸਕਰੀਨ ’ਤੇ ਵੋਟਰ ਦੇ ਘਰ ਨੇੜਲੇ ਪੋਲਿੰਗ ਬੂਥਾਂ ਦੀ ਸੂਚੀ ਆ ਜਾਵੇਗੀ।

ਇਸ ਤੋਂ ਬਾਅਦ ਵੋਟਰ ਨੂੰ ਬੂਥ ਨੰਬਰ ਲਿਖ ਕੇ ਭੇਜਣਾ ਹੋਵੇਗਾ ਅਤੇ ਤੁਰੰਤ ਮੋਬਾਇਲ ਦੀ ਸਕਰੀਨ ਉੱਤੇ ਇਹ ਜਾਣਕਾਰੀ ਆ ਜਾਵੇਗੀ ਕਿ ਉਸ ਬੂਥ ਉੱਤੇ ਵੋਟ ਪਾਉਣ ਲਈ ਕਿੰਨੇ ਵੋਟਰ ਕਤਾਰ ਵਿਚ ਖੜ੍ਹੇ ਹਨ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਜੇਕਰ ਵੋਟਰ ਦੂਜਾ ਆਪਸ਼ਨ ਬੂਥ ਵਾਈਜ਼ ਚੁਣਦਾ ਹੈ, ਤਾਂ ਉਸ ਨੂੰ ਪੰਜਾਬ ਸੂਬਾ ਚੁਣਨ ਤੋਂ ਬਾਅਦ ਆਪਣੇ ਜ਼ਿਲ੍ਹੇ ਨੂੰ ਚੁਣਨਾ ਹੋਵੇਗਾ ਅਤੇ ਉਸ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕੇ ਸਕਰੀਨ ’ਤੇ ਆ ਜਾਣਗੇ।

ਆਪਣਾ ਵਿਧਾਨ ਸਭਾ ਹਲਕਾ ਚੁਣਨ ਤੋਂ ਬਾਅਦ ਸਬੰਧਤ ਬੂਥ ਨੰਬਰ ਭਰਨਾ ਹੋਵੇਗਾ, ਜਿਸ ਨਾਲ ਵੋਟਰ ਆਪਣੇ ਬੂਥ ਉੱਤੇ ਵੋਟ ਦੇਣ ਲਈ ਖੜ੍ਹੇ ਵੋਟਰਾਂ ਦੀ ਗਿਣਤੀ ਜਾਣ ਸਕੇਗਾ। ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਜਿੱਥੇ ਇਕ ਪਾਸੇ 1 ਜੂਨ ਨੂੰ ਵੋਟਿੰਗ ਵਾਲੇ ਦਿਨ ਵੋਟਰਾਂ ਨੂੰ ਗਰਮੀ ਤੋਂ ਬਚਾਉਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ, ਉੱਥੇ ਹੀ ਇਸ ਵੋਟਿੰਗ ਕਿਊ ਸਿਸਟਮ ਜ਼ਰੀਏ ਵੋਟਰ ਆਪਣੇ ਹਿਸਾਬ ਨਾਲ ਉਸ ਸਮੇਂ ਪੋਲਿੰਗ ਬੂਥ ’ਤੇ ਜਾ ਕੇ ਵੋਟ ਪਾ ਸਕੇਗਾ, ਜਦੋਂ ਬੂਥ ’ਤੇ ਜ਼ਿਆਦਾ ਭੀੜ ਨਹੀਂ ਹੋਵੇਗੀ। ਇਸ ਨਾਲ ਵੋਟਰ ਗਰਮੀ ਤੋਂ ਵੀ ਬਚੇਗਾ ਅਤੇ ਉਸ ਦੇ ਸਮੇਂ ਦੀ ਵੀ ਬਚਤ ਹੋਵੇਗੀ।




Designed By Punjab Mail USA

# ਜਲੰਧਰ ਸੀਟ 'ਤੇ ਪੰਜ ਕੋਣੀ ਮੁਕਾਬਲੇ ਦੇ ਆਸਾਰ ਬਣੇ

**ਜਲੰਧਰ, 25 ਮਈ (ਪੰਜਾਬ ਮੇਲ)**-ਪੰਜਾਬ 'ਚ ਪਹਿਲੀ ਜੂਨ ਨੂੰ ਵੋਟਾਂ ਪੈਣ ਜਾ ਰਹੀਆਂ ਹਨ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਚੋਂ ਜਲੰਧਰ ਲੋਕ ਸਭਾ ਸੀਟ ਕਾਫੀ ਚਰਚਾ 'ਚ ਆਈ ਹੋਈ ਹੈ। ਰਿਵਾਇਤੀ ਤੌਰ 'ਤੇ ਕਾਂਗਰਸ ਦਾ ਗੜ੍ਹ ਰਹੀ ਇਸ ਸੀਟ 'ਤੇ ਇਸ ਵਾਰ ਮੁਕਾਬਲਾ ਪੰਜ ਕੋਣਾ ਹੁੰਦਾ ਜਾਪ ਰਿਹਾ ਹੈ। ਕਾਂਗਰਸ ਵੱਲੋਂ ਚਰਨਜੀਤ ਸਿੰਘ ਚੰਨੀ, 'ਆਪ' ਵੱਲੋਂ ਪਵਨ ਕੁਮਾਰ ਟੀਨੂੰ, ਭਾਜਪਾ ਵੱਲੋਂ ਸੁਸ਼ੀਲ ਕੁਮਾਰ ਰਿੰਕੂ, ਸ਼੍ਰੋਮਣੀ ਅਕਾਲੀ ਦਲ ਵੱਲੋਂ ਮਹਿੰਦਰ ਸਿੰਘ ਕੇ.ਪੀ., ਬਸਪਾ ਵੱਲੋਂ ਬਲਵਿੰਦਰ ਕੁਮਾਰ ਤੇ ਸੀ.ਪੀ.ਐੱਮ. ਵੱਲੋਂ ਪ੍ਰਸ਼ੋਤਮ ਲਾਲ ਬਿਲਗਾ ਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਸਰਬਜੀਤ ਸਿੰਘ ਖਾਲਸਾ ਸਮੇਤ 20 ਉਮੀਦਵਾਰ ਜਲੰਧਰ ਤੋਂ ਚੋਣ ਲੜ ਰਹੇ ਹਨ।

ਲੋਕ ਸਭਾ ਹਲਕਾ ਜਲੰਧਰ ਤੋਂ ਬਹੁਤੇ ਉਮੀਦਵਾਰ ਅਜਿਹੇ ਹਨ, ਜਿਹੜੇ ਇੱਕ ਪਾਰਟੀ ਛੱਡ ਕੇ ਦੂਜੀ ਅਤੇ ਤੀਜੀ 'ਚ ਵੀ ਸ਼ਾਮਲ ਹੋਏ ਹਨ। ਭਾਜਪਾ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਇਸ 'ਚ ਪਹਿਲੇ ਸਥਾਨ 'ਤੇ ਹਨ, ਜਿਨ੍ਹਾਂ ਮੌਜੂਦਾ ਸੰਸਦ ਮੈਂਬਰ ਵਜੋਂ ਟਿਕਟ ਛੱਡ ਕੇ ਪਲਟੀ ਮਾਰੀ ਹੈ। ਆਮ ਆਦਮੀ ਪਾਰਟੀ ਦੇ ਮੌਜੂਦਾ ਉਮੀਦਵਾਰ ਪਵਨ ਟੀਨੂੰ ਪਹਿਲਾਂ ਵੀ ਇਸ ਹਲਕੇ ਤੋਂ ਹੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਚੋਣ ਲੜ ਚੁੱਕੇ ਹਨ। ਅਕਾਲੀ ਦਲ ਤੋਂ ਪਹਿਲਾਂ ਉਹ ਬਸਪਾ 'ਚ ਸਨ। ਸ਼੍ਰੋਮਣੀ ਅਕਾਲੀ ਦਲ ਦੇ ਮੌਜੂਦਾ ਉਮੀਦਵਾਰ ਮਹਿੰਦਰ ਸਿੰਘ ਕੇ.ਪੀ. ਵੀ ਪਹਿਲਾਂ ਇਸ ਹਲਕੇ ਤੋਂ ਬਤੌਰ



| ਸਾਲ | ਜੇਤੂ | ਪਾਰਟੀ | ਵੋਟਾਂ |
|---|---|---|---|
| 2023 (ਜ਼ਿਮਨੀ ਚੋਣ) | ਸੁਸ਼ੀਲ ਰਿੰਕੂ | 'ਆਪ' | 302279 |
| 2019 | ਸੰਤੋਖ ਚੌਧਰੀ | ਕਾਂਗਰਸ | 385,712 |
| 2014 | ਸੰਤੋਖ ਚੌਧਰੀ | ਕਾਂਗਰਸ | 380,479 |
| 2009 | ਮੋਹਿੰਦਰ ਸਿੰਘ ਕੇਪੀ | ਕਾਂਗਰਸ | 408,103 |
| 2004 | ਰਾਣਾ ਗੁਰਜੀਤ ਸਿੰਘ | ਕਾਂਗਰਸ | 344,619 |
| 1999 | ਬਲਬੀਰ ਸਿੰਘ | ਕਾਂਗਰਸ | 267,209 |

ਕਾਂਗਰਸੀ ਉਮੀਦਵਾਰ ਜਿੱਤ ਪ੍ਰਾਪਤ ਕਰ ਚੁੱਕੇ ਹਨ ਪਰ ਇਸ ਵਾਰ ਟਿਕਟ ਨਾ ਮਿਲਣ ਦੇ ਰੋਸ ਵਜੋਂ ਉਹ ਅਕਾਲੀ ਦਲ ਵਿਚ ਸ਼ਾਮਲ ਹੋ ਗਏ।

ਜਲੰਧਰ ਲੋਕ ਸਭਾ ਸੀਟ ਚੋਣ ਕਮਿਸ਼ਨ ਦੇ ਹਲਕਿਆਂ ਦੀ ਸੂਚੀ 'ਚ ਹਲਕਾ ਨੰਬਰ 4 ਹੈ ਅਤੇ ਜਲੰਧਰ ਹਲਕੇ ਨੂੰ ਕਾਂਗਰਸ ਦੇ ਪ੍ਰਭਾਵ ਵਾਲਾ ਮੰਨਿਆ ਜਾਂਦਾ ਹੈ। ਜੇਕਰ 1999 ਤੋਂ ਬਾਅਦ ਹੋਈਆਂ ਲੋਕ ਸਭਾ ਚੋਣਾਂ 'ਦੇ ਅੰਕੜਿਆਂ 'ਤੇ ਨਜ਼ਰ ਮਾਰੀ ਜਾਵੇ ਤਾਂ ਇਸ ਹਲਕੇ ਵਿਚ ਕਾਂਗਰਸ ਦਾ ਪ੍ਰਭਾਵ ਸਿੱਧੇ ਤੌਰ 'ਤੇ ਨਜ਼ਰ ਆਉਂਦਾ ਹੈ। ਇਸ ਸੀਟ 'ਤੇ 1999 ਤੋਂ ਬਾਅਦ ਹੁਣ ਤੱਕ ਹੋਈਆਂ 6 ਵਾਰ (ਇਕ ਵਾਰ ਜ਼ਿਮਨੀ ਚੋਣ) ਦੀਆਂ ਲੋਕ ਸਭਾ ਚੋਣਾਂ 'ਚੋਂ 5 ਵਾਰ ਕਾਂਗਰਸ ਜਿੱਤ ਦਰਜ ਕਰ ਚੁੱਕੀ ਹੈ। ਇਸ ਤੋਂ ਸਾਫ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਸੀਟ ਕਾਂਗਰਸ ਦੀ ਰਿਵਾਇਤੀ ਸੀਟ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਬਠਿੰਡਾ ਸੀਟ 'ਤੇ ਰੋਮਾਂਚਕ ਹੋਵੇਗਾ ਮੁਕਾਬਲਾ

■ **ਅਕਾਲੀ ਦਲ ਦਾ ਗੜ੍ਹ ਮੰਨੀ ਜਾਂਦੀ ਹੈ ਬਠਿੰਡਾ ਸੀਟ**

**ਬਠਿੰਡਾ, (ਪੰਜਾਬ ਮੇਲ)**- ਪੰਜਾਬ ਵਿਚ 1 ਜੂਨ ਨੂੰ ਲੋਕ ਸਭਾ ਚੋਣਾਂ ਲਈ ਵੋਟਿੰਗ ਹੋਣ ਜਾ ਰਹੀ ਹੈ। ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿਚੋਂ ਬਠਿੰਡਾ ਸੀਟ ਹਾਟ ਸੀਟਾਂ ਦੀ ਸੂਚੀ 'ਚ ਸ਼ੁਮਾਰ ਹੈ। ਇਸ ਦਾ ਕਾਰਨ ਹੈ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਇੱਥੋਂ ਚੋਣ ਲੜ ਰਹੇ ਹਨ। ਸੂਬੇ ਦੀ ਸਿਆਸਤ ਵਿਚ ਵੱਡਾ ਰਸੂਖ਼ ਰੱਖਣ ਵਾਲੇ ਬਾਦਲ ਪਰਿਵਾਰ ਦੇ ਸਾਰੇ ਜੀਅ ਵਿਧਾਨ ਸਭਾ ਚੋਣਾਂ ਵਿਚ ਹਾਰ ਗਏ ਸਨ। ਇਸ ਵਾਰ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਵੀ ਲੋਕ ਸਭਾ ਚੋਣ ਨਾ ਲੜਣ ਦਾ ਫ਼ੈਸਲਾ ਲਿਆ ਗਿਆ ਹੈ। ਇਸ ਲਈ ਹਰਸਿਮਰਤ ਕੌਰ ਬਾਦਲ ਦੇ ਮੋਢਿਆਂ 'ਤੇ ਬਾਦਲ ਪਰਿਵਾਰ ਨੂੰ ਸਿਆਸੀ ਤੌਰ 'ਤੇ ਜਿਉਂਦਾ ਰੱਖਣ ਦੀ ਵੱਡੀ ਜ਼ਿੰਮੇਵਾਰੀ ਪੈ ਗਈ ਹੈ। ਉਂਝ ਤਾਂ ਹਰਸਿਮਰਤ ਕੌਰ ਬਾਦਲ ਲਗਾਤਾਰ 3 ਵਾਰ ਇੱਥੋਂ ਲੋਕ ਸਭਾ ਚੋਣ ਜਿੱਤ ਚੁੱਕੀ ਹੈ, ਪਰ ਇਸ ਵਾਰ ਇਸ ਸੀਟ 'ਤੇ ਸਾਰਿਆਂ ਦੀ ਖ਼ਾਸ ਨਿਗਾਹ ਹੈ।

ਬਠਿੰਡਾ ਲੋਕ ਸਭਾ ਹਲਕੇ ਦੀ ਗੱਲ ਕਰੀਏ ਤਾਂ ਇਸ ਵਿਚ ਮੁਕਤਸਰ ਜ਼ਿਲ੍ਹੇ ਤੋਂ ਇਕ ਵਿਧਾਨ ਸਭਾ ਹਲਕਾ- ਲੰਬੀ, 5 ਵਿਧਾਨ ਸਭਾ ਹਲਕੇ ਬਠਿੰਡਾ ਅਤੇ 3 ਮਾਨਸਾ ਜ਼ਿਲ੍ਹੇ ਵਿਚ ਪੈਂਦੇ ਹਨ। ਇਨ੍ਹਾਂ ਸਾਰੇ ਹਲਕਿਆਂ ਵਿਚ ਆਮ ਆਦਮੀ ਪਾਰਟੀ ਦੇ ਹੀ ਵਿਧਾਇਕ ਹਨ। ਬਠਿੰਡਾ ਸੀਟ 'ਤੇ ਇਸ ਵਾਰ ਕੁੱਲ 18

ਬਠਿੰਡਾ ਸੀਟ ਦਾ 25 ਸਾਲਾਂ ਦਾ ਇਤਿਹਾਸ

| ਸਾਲ | ਜੇਤੂ ਉਮੀਦਵਾਰ | ਪਾਰਟੀ | ਵੋਟ |
|---|---|---|---|
| 2019 | ਹਰਸਿਮਰਤ ਕੌਰ ਬਾਦਲ | ਸ਼੍ਰੋਮਣੀ ਅਕਾਲੀ ਦਲ | 492,824 |
| 2014 | ਹਰਸਿਮਰਤ ਕੌਰ ਬਾਦਲ | ਸ਼੍ਰੋਮਣੀ ਅਕਾਲੀ ਦਲ | 514,727 |
| 2009 | ਹਰਸਿਮਰਤ ਕੌਰ ਬਾਦਲ | ਸ਼੍ਰੋਮਣੀ ਅਕਾਲੀ ਦਲ | 529,472 |
| 2004 | ਪਰਮਜੀਤ ਕੌਰ ਗੁਲਸ਼ਣ | ਸ਼੍ਰੋਮਣੀ ਅਕਾਲੀ ਦਲ | 323,394 |
| 1999 | ਭਾਣ ਸਿੰਘ ਭੌਰਾ | ਸੀ.ਪੀ.ਆਈ. | 327,484 |




ਉਮੀਦਵਾਰ ਮੈਦਾਨ ਵਿਚ ਹਨ। ਇਸ ਸੀਟ 'ਤੇ ਜਿੱਥੇ ਮੁੱਖ ਪਾਰਟੀਆਂ ਦੇ ਉਮੀਦਵਾਰਾਂ ਵਿਚਾਲੇ ਟੱਕਰ ਹੈ, ਉੱਥੇ ਹੀ ਇਸ ਮੁਕਾਬਲੇ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਲਖਬੀਰ ਸਿੰਘ ਲੱਖਾ ਸਿਧਾਣਾਂ ਨੇ ਹੋਰ ਸਖ਼ਤ ਬਣਾ ਦਿੱਤਾ ਹੈ। ਇਸ ਸੀਟ 'ਤੇ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਹੋਈਆਂ 14 ਚੋਣਾਂ 'ਚੋਂ 10 ਵਾਰ ਸ਼੍ਰੋਮਣੀ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਹੈ। ਉੱਥੇ ਹੀ 2 ਵਾਰ ਕਾਂਗਰਸ ਅਤੇ 2 ਵਾਰ ਸੀ.ਪੀ.ਆਈ. ਦੇ ਸੰਸਦ ਮੈਂਬਰ ਚੁਣੇ ਗਏ ਹਨ।

ਇਸ ਵਾਰ ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਤੋਂ ਫੱਸਵਾਂ ਮੁਕਾਬਲਾ ਮਿੱਲ ਰਿਹਾ ਹੈ। ਆਮ ਆਦਮੀ ਪਾਰਟੀ ਨੇ ਲੰਬੀ ਤੋਂ ਵਿਧਾਇਕ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਖੁੱਡੀਆਂ ਨੇ ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਦਗੀ ਦੇ ਆਖਰੀ ਪੜਾਅ 'ਚ ਹਾਰ ਦਾ ਮੂੰਹ ਦਿਖਾਇਆ ਸੀ। ਹੁਣ ਵੇਖਣਾ ਇਹ ਹੋਵੇਗਾ ਕਿ ਖੁੱਡੀਆਂ ਇਸ ਵਾਰ ਹਰਸਿਮਰਤ ਕੌਰ ਬਾਦਲ ਨੂੰ ਵੀ ਸ਼ਿਕਸਤ ਦਿੰਦੇ ਹਨ ਜਾਂ ਹਰਸਿਮਰਤ ਆਪਣੇ ਸਹੁਰੇ ਦੀ ਹਾਰ ਦਾ ਹਿਸਾਬ ਬਰਾਬਰ ਕਰਨ ਵਿਚ ਸਫ਼ਲ ਰਹੇਗੀ।

ਬਠਿੰਡਾ ਲੋਕ ਸਭਾ ਹਲਕਾ ਸ਼੍ਰੋਮਣੀ ਅਕਾਲੀ ਦਲ ਦਾ ਗੜ੍ਹ ਮੰਨਿਆ ਜਾਂਦਾ ਹੈ। ਇਸ 'ਤੇ ਕਾਂਗਰਸ ਨੂੰ ਜਿੱਤ ਦਾ ਸੁਆਦ ਚੱਖੇ ਪੂਰੇ 33 ਸਾਲ ਬੀਤ ਚੁੱਕੇ ਹਨ। ਇਸ ਵਾਰ ਕਾਂਗਰਸ ਨੇ 10 ਸਾਲਾਂ ਬਾਅਦ ਅਕਾਲੀ ਦਲ ਤੋਂ ਪਰਤੇ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਉਮੀਦਵਾਰ ਬਣਾਇਆ ਹੈ। ਹਾਲਾਂਕਿ ਜੀਤ ਮਹਿੰਦਰ ਸਿੱਧੂ ਨੂੰ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਦੀ ਗੈਰ-ਮੌਜੂਦਗੀ ਖਟਕ ਰਹੀ ਹੈ। ਅੰਮ੍ਰਿਤਾ ਵੜਿੰਗ ਪੂਰੇ ਹਲਕੇ ਵਿਚ ਪਿਛਲੇ ਦੋ ਸਾਲਾਂ ਤੋਂ ਸਰਗਰਮ ਸਨ, ਪਰ ਰਾਜਾ ਵੜਿੰਗ ਲੁਧਿਆਣਾ ਤੋਂ ਚੋਣ ਲੜ ਰਹੇ ਹਨ ਤੇ ਉਨ੍ਹਾਂ ਦੀ ਪਤਨੀ ਵੀ ਉਨ੍ਹਾਂ ਦੇ ਚੋਣ ਪ੍ਰਚਾਰ ਲਈ ਲੁਧਿਆਣਾ ਵਿਚ ਹੀ ਰੁੱਝੇ ਹੋਏ ਹਨ।










# ਜੂਨ 1984 ਦੇ ਘੱਲੂਘਾਰੇ ਸਮੇਂ ਗੋਲੀ ਲੱਗਣ ਨਾਲ ਜ਼ਖਮੀ ਹੋਏ ਪਾਵਨ ਸਰੂਪ ਨੂੰ ਸੰਗਤ ਦੇ ਦਰਸ਼ਨਾਂ ਲਈ ਕੀਤਾ ਸੁਸ਼ੋਭਿਤ

- **ਜੂਨ 1984 ਦਾ ਘੱਲੂਘਾਰਾ ਸਿੱਖ ਕੌਮ ਭੁੱਲ ਨਹੀਂ ਸਕਦੀ ਅਤੇ ਨਾ ਹੀ ਗੁਨਾਹਗਾਰ ਬਖ਼ਸ਼ੇ ਜਾ ਸਕਦੇ ਹਨ-ਜਥੇਦਾਰ ਗਿਆਨੀ ਰਘਬੀਰ ਸਿੰਘ**



**ਅੰਮ੍ਰਿਤਸਰ, (ਪੰਜਾਬ ਮੇਲ)-** ਜੂਨ 1984 'ਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਜੋ ਗੋਲੀ ਲੱਗਣ ਕਾਰਨ ਜ਼ਖ਼ਮੀ ਹੋਏ ਸਨ, ਦੇ ਸੰਗਤ ਨੂੰ ਦਰਸ਼ਨ ਕਰਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨਜ਼ਦੀਕ ਗੁਰਦੁਆਰਾ ਸ਼ਹੀਦ ਗੰਜ ਬਾਬਾ ਗੁਰਬਖ਼ਸ਼ ਸਿੰਘ ਜੀ ਵਿਖੇ ਸੁਸ਼ੋਭਿਤ ਕੀਤੇ ਗਏ। ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਸਾਲਾਂ ਤੋਂ ਘੱਲੂਘਾਰਾ ਹਫ਼ਤੇ ਦੌਰਾਨ ਇਸ ਪਾਵਨ ਸਰੂਪ ਦੇ ਸੰਗਤ ਨੂੰ ਦਰਸ਼ਨ ਕਰਵਾਏ ਜਾ ਰਹੇ ਹਨ, ਜਿਸ ਦੀ ਲਗਾਤਾਰਤਾ ਇਸ ਵਾਰ ਵੀ ਜਾਰੀ ਰੱਖੀ ਗਈ ਹੈ। ਇਸ ਪਾਵਨ ਸਰੂਪ ਦੇ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸੰਗਤਾਂ 6 ਜੂਨ ਤੱਕ ਰੋਜ਼ਾਨਾ ਸਵੇਰ ਤੋਂ ਸ਼ਾਮ ਤੱਕ ਦਰਸ਼ਨ ਕਰ ਸਕਣਗੀਆਂ। ਇਸ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਨਾਲ ਇਸ ਵਿਚ ਲੱਗੀ ਗੋਲੀ ਵੀ ਸੰਗਤ ਨੂੰ ਦਿਖਾਈ ਜਾ ਰਹੀ ਹੈ। ਇਸ ਦੇ ਨਾਲ ਹੀ ਹਮਲੇ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੁਕਸਾਨੀ ਇਮਾਰਤ ਦਾ ਮਾਡਲ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸੁਸ਼ੋਭਿਤ ਕੀਤਾ ਗਿਆ ਹੈ।

ਗੋਲੀ ਨਾਲ ਜ਼ਖ਼ਮੀ ਹੋਏ ਪਾਵਨ ਸਰੂਪ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਸੇਵਾ ਨਿਭਾਈ, ਜਦਕਿ ਇਸ ਬਾਰੇ ਸੰਗਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ ਨੇ ਜਾਣਕਾਰੀ ਦਿੱਤੀ। ਗਿਆਨੀ ਗੁਰਮੁੱਖ ਸਿੰਘ ਨੇ ਸੰਗਤ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਜ਼ਖ਼ਮੀ ਪਾਵਨ ਸਰੂਪ ਸਿੱਖ ਕੌਮ 'ਤੇ ਹੋਏ ਜ਼ੁਲਮਾਂ ਦੀ ਮੂੰਹ ਬੋਲਦੀ ਤਸਵੀਰ ਹੈ, ਜਿਸ ਨੂੰ ਦੇਖ ਕੇ ਹਰ ਮਨੁੱਖ ਦਾ ਹਿਰਦਾ ਪੀੜਾ ਨਾਲ ਭਰ ਜਾਂਦਾ ਹੈ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਜੂਨ 1984 'ਚ ਕੇਂਦਰ ਦੀ ਕਾਂਗਰਸ ਸਰਕਾਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਫ਼ੌਜੀ ਹਮਲਾ ਕਰਕੇ ਜੋ ਵਹਿਸ਼ੀਆਨਾ ਕਾਰਾ ਕੀਤਾ ਸੀ, ਸਿੱਖ ਕੌਮ ਉਸ ਨੂੰ ਕਦੇ ਵੀ ਭੁੱਲ ਨਹੀਂ ਸਕਦੀ ਅਤੇ ਨਾ ਹੀ ਇਸ ਦੇ ਗੁਨਾਹਗਾਰਾਂ ਨੂੰ ਬਖ਼ਸ਼ਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ 40 ਸਾਲ ਬੀਤਣ ਬਾਅਦ ਵੀ ਸਿੱਖਾਂ ਦੇ ਜ਼ਖ਼ਮ ਅੱਲ੍ਹੇ ਹਨ। ਸਮੇਂ ਦੀ ਹਕੂਮਤ ਵੱਲੋਂ ਕੀਤੇ ਗਏ ਕਰੂਰ ਕਾਰੇ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਜਾਣੂ ਕਰਵਾਉਣਾ ਜ਼ਰੂਰੀ ਹੈ, ਜਿਸ ਲਈ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਸੰਗਤ ਨੂੰ ਹਰ ਸਾਲ ਦਰਸ਼ਨ ਕਰਵਾਏ ਜਾਂਦੇ ਹਨ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਘੱਲੂਘਾਰਾ ਹਫ਼ਤੇ ਦੌਰਾਨ ਜੂਨ 1984 ਦੇ ਸ਼ਹੀਦਾਂ ਨੂੰ ਸਤਿਕਾਰ ਦੇਣ ਲਈ ਹਰ ਗੁਰਦੁਆਰਾ ਸਾਹਿਬਾਨ ਅੰਦਰ ਗੁਰਮਤਿ ਸਮਾਗਮ ਕਰਕੇ ਤਤਕਾਲੀ ਸਰਕਾਰ ਦੇ ਇਸ ਘਿਨੌਣੇ ਕਾਰੇ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ।

ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਮਨਜੀਤ ਸਿੰਘ ਭੂਰਾਕੋਹਨਾ, ਭਾਈ ਅਜਾਇਬ ਸਿੰਘ ਅਭਿਆਸੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ਼ ਭਗਵੰਤ ਸਿੰਘ ਧੰਗੇੜਾ, ਸ਼ ਨਰਿੰਦਰ ਸਿੰਘ, ਵਧੀਕ ਮੈਨੇਜਰ ਸ਼ ਗੁਰਪ੍ਰੀਤ ਸਿੰਘ, ਪ੍ਰਚਾਰਕ ਭਾਈ ਤਰਸੇਮ ਸਿੰਘ, ਭਾਈ ਸਤਵੰਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਬਲਕਾਰ ਸਿੰਘ ਅਤੇ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

**ਜੂਨ 1984 ਦੇ ਘੱਲੂਘਾਰੇ ਸਮੇਂ ਵਾਪਰੇ ਦੁਖਾਂਤ ਨੂੰ ਬਿਆਨੀ ਕਰਦੀਆਂ ਤਸਵੀਰਾਂ ਦੀ ਲਗਾਈ ਪ੍ਰਦਰਸ਼ਨੀ :** ਜੂਨ 1984 'ਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਢਹਿ-ਢੇਰੀ ਹੋਏ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਵਾਪਰੇ ਦੁਖਾਂਤ ਨੂੰ ਬਿਆਨ ਕਰਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਦੇ ਬਾਹਰਵਾਰ ਲਗਾਈ ਗਈ ਹੈ। ਪ੍ਰਦਰਸ਼ਨੀ 'ਚ ਲਗਾਈਆਂ ਗਈਆਂ ਵੱਖ-ਵੱਖ ਤਸਵੀਰਾਂ ਸਰਕਾਰ ਵੱਲੋਂ ਕੀਤੇ ਗਏ ਜਬਰ ਤੇ ਜ਼ੁਲਮ ਨੂੰ ਬਿਆਨ ਕਰਦੀਆਂ ਹਨ।

# ਜੰਗ-ਏ-ਆਜ਼ਾਦੀ ਮੈਮੋਰੀਅਲ ਕੇਸ 'ਚ ਇੱਕ ਹੋਰ ਮੁਲਜ਼ਮ ਵੱਲੋਂ ਵਿਜੀਲੈਂਸ ਬਿਊਰੋ ਅੱਗੇ ਆਤਮ ਸਮਰਪਣ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਜੀਲੈਂਸ ਬਿਊਰੋ ਨੇ ਜਲੰਧਰ ਦੇ ਕਰਤਾਰਪੁਰ ਵਿਖੇ ਜੰਗ-ਏ-ਆਜ਼ਾਦੀ ਯਾਦਗਾਰ ਦੀ ਉਸਾਰੀ ਨਾਲ ਸਬੰਧਤ ਸਰਕਾਰੀ ਫੰਡਾਂ ਵਿਚ ਧੋਖਾਧੜੀ ਕਰਨ ਦੇ ਦੋਸ਼ ਹੇਠ ਇੱਕ ਨਿੱਜੀ ਵਿਅਕਤੀ ਸਮੇਤ 26 ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰਕੇ ਇੱਕ ਠੇਕੇਦਾਰ ਸਮੇਤ 15 ਅਧਿਕਾਰੀਆਂ/ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਇਸੇ ਕੇਸ ਨਾਲ ਸਬੰਧਤ ਵੀਰਵਾਰ ਨੂੰ, ਇੱਕ ਹੋਰ ਮੁਲਜ਼ਮ ਪਰਮਜੀਤ ਸਿੰਘ ਕਾਰਜਕਾਰੀ ਇੰਜੀਨੀਅਰ (ਸੇਵਾਮੁਕਤ), ਲੋਕ ਨਿਰਮਾਣ ਵਿਭਾਗ (ਬੀ ਐਂਡ ਆਰ) ਸ਼ਾਖਾ-2, ਜਲੰਧਰ, ਜੋ ਕਿ ਭਾਈ ਬੰਨੋਜੀ ਨਗਰ, ਜਲੰਧਰ ਦਾ ਰਹਿਣ ਵਾਲਾ ਹੈ, ਨੇ ਵਿਜੀਲੈਂਸ ਬਿਊਰੋ ਜਲੰਧਰ ਰੇਂਜ ਦੇ ਦਫਤਰ ਵਿਖੇ ਆਤਮ ਸਮਰਪਣ ਕਰ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਮੁਕੱਦਮੇ ਦੀ ਜਾਂਚ ਦੌਰਾਨ ਪਾਇਆ ਗਿਆ ਕਿ ਇਸ ਯਾਦਗਾਰ ਦੀ ਉਸਾਰੀ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਫੰਡਾਂ ਦੀ ਦੁਰਵਰਤੋਂ ਕੀਤੀ ਗਈ ਸੀ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਭਾਰੀ ਨੁਕਸਾਨ ਹੋਇਆ ਹੈ।

ਬੁਲਾਰੇ ਨੇ ਅੱਗੇ ਕਿਹਾ ਕਿ ਇਸ ਕੇਸ ਵਿਛ ਵਿਨੈ ਬੁਬਲਾਨੀ, ਆਈ.ਏ.ਐੱਸ. ਅਤੇ ਹੋਰਾਂ ਸਮੇਤ ਬਾਕੀ ਭਗੌੜੇ ਮੁਲਜ਼ਮਾਂ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਕਿਉਂਕਿ ਉਨ੍ਹਾਂ ਦੇ ਰਿਹਾਇਸ਼ਾਂ ਅਤੇ ਹੋਰ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।


## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿਚ ਕੱਚਾ, ਲਈ ਕੈਨੇਡਾ ਪੀ.ਆਰ. ਢੁਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)

ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਦੇ ਵਿਸਥਾਰ ਅਤੇ ਸਹੂਲਤਾਂ ਨੂੰ ਬਿਹਤਰ ਕਰਨ ਦੀ ਅਪੀਲ

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਕੌਮਾਂਤਰੀ ਹਵਾਈ ਅੱਡੇ ਤੋਂ ਵਧੇਰੇ ਹਵਾਈ ਸੰਪਰਕ ਅਤੇ ਸੁਵਿਧਾਵਾਂ ਲਈ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਅਤੇ ਅੰਮ੍ਰਿਤਸਰ ਵਿਕਾਸ ਮੰਚ ਨੇ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਸ਼੍ਰੀ ਜਿਓਤਿਰਾਦਿੱਤਿਆ ਸਿੰਧੀਆ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਚੇਅਰਮੈਨ ਸੰਜੀਵ ਕੁਮਾਰ ਨੂੰ ਪੱਤਰ ਲਿਖ ਕੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਯਾਤਰੀਆਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ ਨੂੰ ਉਜਾਗਰ ਕੀਤਾ ਹੈ। ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ (ਅਮਰੀਕਾ ਵਾਸੀ) ਅਤੇ ਭਾਰਤ ਦੇ ਕਨਵੀਨਰ ਤੇ ਮੰਚ ਦੇ ਸਕੱਤਰ ਯੋਗੇਸ਼ ਕਾਮਰਾ ਨੇ ਹਵਾਈ ਅੱਡੇ ’ਤੇ ਯਾਤਰੀਆਂ ਨੂੰ ਆ ਰਹੀਆਂ ਇਨ੍ਹਾਂ ਮੁਸ਼ਕਲਾਂ ’ਤੇ ਤੁਰੰਤ ਕਾਰਵਾਈ ਕਰਕੇ ਜਲਦ ਹੱਲ ਕਰਨ ਅਤੇ ਹਵਾਈ ਅੱਡੇ ’ਤੇ ਵਧੇਰੇ ਸਹੂਲਤਾਂ ਦੇਣ ਦੀ ਅਪੀਲ ਕੀਤੀ ਹੈ।

ਇਨ੍ਹਾਂ ਆਗੂਆਂ ਨੇ ਲਿਖਿਆ ਹੈ ਕਿ ਹਵਾਈ ਅੱਡੇ ’ਤੇ ਯਾਤਰੀਆਂ ਦੀ ਰੋਜ਼ਾਨਾ ਆਵਾਜਾਈ 10,000 ਅਤੇ ਸਾਲਾਨਾ 30 ਲੱਖ ਤੋਂ ਵੱਧ ਹੋਣ ਦੇ ਨਾਲ, ਮੌਜੂਦਾ ਟਰਮੀਨਲ ਦੀ ਸੰਭਾਲ ਅਤੇ ਵਿਸਥਾਰ ਲਈ ਲੋੜੀਂਦੀ ਤੁਰੰਤ ਪ੍ਰਵਾਨਗੀ ਦਿੱਤੀ ਜਾਵੇ। ਯਾਤਰੀਆਂ ਦੀ ਆਵਾਜਾਈ ਵਧਣ ਨਾਲ ਟਰਮੀਨਲ ਦੀ ਐਂਟਰੀ, ਐਕਸ-ਰੇ, ਚੈੱਕ-ਇਨ ਕਾਊਂਟਰਾਂ, ਇਮੀਗ੍ਰੇਸ਼ਨ, ਸੁਰੱਖਿਆ ਜਾਂਚ, ਪਿੱਕ-ਅੱਪ ਡ੍ਰੋਪ

■ **ਏਅਰਪੋਰਟ ਅਥਾਰਟੀ ਆਫ ਇੰਡੀਆ ਅਤੇ ਹਵਾਬਾਜ਼ੀ ਮੰਤਰੀ ਨੂੰ ਲਿਖਿਆ ਪੱਤਰ**



ਖੇਤਰ ’ਚ ਲੰਮੀਆਂ ਲਾਈਨਾਂ ਅਤੇ ਜ਼ਿਆਦਾ ਭੀੜ ਹੋਣ ਨਾਲ ਯਾਤਰੀਆਂ ਨੂੰ ਖੱਜਲ-ਖੁਆਰੀ ਹੋ ਰਹੀ ਹੈ ਅਤੇ ਉਡਾਣ ਲੈਣ ਵਿਚ ਵੀ ਦੇਰੀ ਹੋ ਜਾਂਦੀ ਹੈ। ਵੱਡੀ ਗਿਣਤੀ ’ਚ ਯਾਤਰੀ ਸਮਾਨ ਵਾਲੀਆਂ ਟਰਾਲੀਆਂ ਅਤੇ ਲੋੜੀਂਦੀ ਗਿਣਤੀ ’ਚ ਵ੍ਹੀਲਚੇਅਰਾਂ ਦੇ ਉਪਲੱਬਧ ਨਾ ਹੋਣ ਕਾਰਨ ਵੀ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ।

ਮੰਗ ਪੱਤਰ ’ਚ ਹਵਾਈ ਅੱਡੇ ਦੇ ਰਵਾਨਗੀ ਵਾਲੇ ਟਰਮੀਨਲ ਦੇ ਅੰਦਰ ਜਾਣ ਵਾਲੇ ਗੇਟ ’ਤੇ ਲੱਗੀਆਂ ਲੰਮੀਆਂ ਕਤਾਰਾਂ ਨੂੰ ਦੂਰ ਕਰਨ ਲਈ ਦੂਜਾ ਗੇਟ ਖੋਲ੍ਹਣ ਦੀ ਬੇਨਤੀ ਕੀਤੀ ਗਈ ਹੈ। ਵੱਡੀ ਗਿਣਤੀ ਵਿਚ ਯਾਤਰੀ ਫਲਾਈ ਅੰਮ੍ਰਿਤਸਰ ਦੇ ਸੋਸ਼ਲ ਮੀਡੀਆ ਰਾਹੀਂ ਟਰਮੀਨਲ ਦੇ ਆਗਮਨ ਵਾਲੇ ਪਾਸੇ ਦੇ ਬਾਥਰੂਮ ਸਾਫ ਨਾ ਹੋਣ, ਏਅਰਪੋਰਟ ਦੇ ਸਟਾਫ ਦੁਆਰਾ ਆਗਮਨ ਅਤੇ ਰਵਾਨਗੀ ਵਾਲੇ ਪਾਸੇ ਯਾਤਰੀਆਂ ਦਾ ਸਮਾਨ ਟਰਾਲੀਆਂ ’ਤੇ ਰੱਖਣ ਲਈ ਜ਼ਬਰਦਸਤੀ ਮਦਦ ਕਰਕੇ ਵੱਧ ਪੈਸੇ ਮੰਗਣ ਅਤੇ ਜਿਨ੍ਹਾਂ ਨੂੰ ਮਦਦ ਦੀ ਲੋੜ





ਹੈ, ਉਨ੍ਹਾਂ ਕੋਲ਼ੋਂ ਵੀ ਬਹੁਤ ਜ਼ਿਆਦਾ ਪੈਸੇ ਮੰਗਣ ਦੀ ਸ਼ਿਕਾਇਤ ਕਰ ਰਹੇ ਹਨ।

ਇਨ੍ਹਾਂ ਆਗੂਆਂ ਨੇ ਅਥਾਰਿਟੀ ਨੂੰ ਪਾਰਕਿੰਗ ਦੇ ਠੇਕੇਦਾਰ ਵੱਲੋਂ ਵੱਧ ਕਿਰਾਇਆ ਵਸੂਲਣ ਸੰਬੰਧੀ ਗਈਆਂ ਸ਼ਿਕਾਇਤਾਂ ਅਤੇ ਪ੍ਰਬੰਧਕਾਂ ਵੱਲੋਂ ਕਈ ਵਾਰ ਜੁਰਮਾਨੇ ਕੀਤੇ ਜਾਣ ਦਾ ਹਵਾਲਾ ਦਿੰਦੇ ਹੋਏ ਇਸ ਦੇ ਪੱਕੇ ਹੱਲ ਲਈ ਫਾਸਟ-ਟੈਗ ਪ੍ਰਣਾਲੀ ਨੂੰ ਜਲਦ ਚਾਲ ਕਰਨੂ, ਨਵੀਂ ਬਹੁ-ਮੰਜ਼ਲਾ ਪਾਰਕਿੰਗ, ਪਿੱਕਅੱਪ ਅਤੇ ਡਰਾਪ ਖੇਤਰ ਨੂੰ ਆਧੁਨਿਕ ਤਰੀਕੇ ਨਾਲ ਵਿਕਾਸ ਅਤੇ ਸੁੰਦਰੀਕਰਨ ਕਰਨ ਦੀ ਬੇਨਤੀ ਕੀਤੀ ਹੈ। ਇਸ ਦੇ ਨਾਲ ਉਨ੍ਹਾਂ ਏਅਰਪੋਰਟ ਦੀ ਪਹਿਲੀ ਮੰਜ਼ਿਲ ’ਤੇ ਅਯੋਗ ਘੋਸ਼ਣਾ ਪ੍ਰਣਾਲੀ, ਪੰਛੀ, ਚੂਹਿਆਂ ਅਤੇ ਮੱਛਰਾਂ ਦੀ ਮੌਜੂਦਗੀ, ਮੀਂਹ ਪੈਣ ਨਾਲ ਪਾਣੀ ਦੇ ਨਿਕਾਸ ਵਰਗੀਆਂ ਸਮੱਸਿਆਵਾਂ ਵੱਲ ਵੀ ਧਿਆਨ ਦੇਣ ਦੀ ਬੇਨਤੀ ਕੀਤੀ ਹੈ।

ਗੁਮਟਾਲਾ ਨੇ ਹਵਾਬਾਜ਼ੀ ਮੰਤਰੀ ਨੂੰ ਅੰਮ੍ਰਿਤਸਰ ਹਵਾਈ ਅੱਡੇ ਤੋਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਲਈ ਬੱਸ ਸੇਵਾ ਸ਼ੁਰੂ ਕਰਨ ਦੀ ਲੰਮੇਂ ਸਮੇਂ ਤੋਂ ਕੀਤੀ ਜਾ ਰਹੀ ਮੰਗ ਨੂੰ ਪੂਰਾ ਕਰਾਉਣ ਲਈ ਸੂਬਾ ਸਰਕਾਰ ਨਾਲ ਸੰਪਰਕ ਕਰਨ ਦੀ ਵੀ ਅਪੀਲ ਕੀਤੀ ਹੈ।

# ਪੰਜਾਬ ਪੁਲਿਸ ਵੱਲੋਂ ਬੀ.ਐੱਸ.ਐੱਫ. ਨਾਲ ਸਾਂਝੇ ਆਪ੍ਰੇਸ਼ਨ ਦੌਰਾਨ 7 ਨਸ਼ਾ ਤਸਕਰ 5.47 ਕਿਲੋਗ੍ਰਾਮ ਹੈਰੋਇਨ ਨਾਲ ਕਾਬੂ

**ਚੰਡੀਗੜ੍ਹ/ਫਾਜ਼ਿਲਕਾ, (ਪੰਜਾਬ ਮੇਲ)-** ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਖਿਲਾਫ਼ ਵੱਡੀ ਸਫਲਤਾ ਹਾਸਲ ਕਰਦਿਆਂ ਫਾਜ਼ਿਲਕਾ ਪੁਲਿਸ ਨੇ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਅੰਤਰਰਾਸ਼ਟਰੀ ਨਾਰਕੋ ਤਸਕਰੀ ਮਾਡਿਊਲ ਦੇ ਸੱਤ ਨਸ਼ਾ ਤਸਕਰਾਂ ਨੂੰ 5.47 ਕਿਲੋਗ੍ਰਾਮ ਸ਼ੁੱਧ ਹੈਰੋਇਨ ਅਤੇ 1.07 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਇਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਜਿੰਦਰ ਸਿੰਘ ਉਰਫ ਲਵਲੀ (21), ਸੁਖਚੈਨ ਸਿੰਘ ਉਰਫ ਲੱਕੀ (19) ਅਤੇ ਸੋਲਵ ਸਿੰਘ (19) ਤਿੰਨੋਂ ਵਾਸੀ ਪਿੰਡ ਪੀਰੇ ਕੇ ਉਤਰ, ਫਾਜ਼ਿਲਕਾ; ਗੁਰਚਰਨ ਸਿੰਘ ਉਰਫ ਮਿਲਖਾ (21) ਵਾਸੀ ਪਿੰਡ ਚੱਕ ਸਵਾਹ ਵਾਲਾ, ਫਾਜ਼ਿਲਕਾ, ਕਰਨਦੀਪ ਸਿੰਘ (29) ਵਾਸੀ ਪਿੰਡ ਬਾਦਲ ਕੇ, ਫਾਜ਼ਿਲਕਾ, ਦਲਜੀਤ ਸਿੰਘ ਉਰਫ ਮਾਨੀ (23) ਵਾਸੀ ਮਹਾਤਮ ਨਗਰ, ਫਾਜ਼ਿਲਕਾ ਅਤੇ ਕਮਲਦੀਪ ਸਿੰਘ (32) ਵਾਸੀ ਪਿੰਡ ਕੋਟ ਗੋਬਿੰਦਪੁਰਾ, ਕਪੂਰਥਲਾ ਵਜੋਂ ਹੋਈ ਹੈ। ਮੁਲਜ਼ਮ ਕਮਲਦੀਪ ਸਿੰਘ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਪਹਿਲਾਂ ਵੀ ਕਪੂਰਥਲਾ ਵਿਚ ਐੱਨ.ਡੀ.ਪੀ.ਐੱਸ. ਐਕਟ ਦੇ ਦੋ

■ **1.07 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ**

■ **ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ ’ਚੋਂ 40 ਜਿੰਦਾ ਕਾਰਤੂਸ, ਵਰਨਾ ਕਾਰ, ਤਿੰਨ ਮੋਟਰਸਾਈਕਲ ਵੀ ਕੀਤੇ ਬਰਾਮਦ**

■ **ਗ੍ਰਿਫ਼ਤਾਰ ਕੀਤੇ ਗਏ ਜ਼ਿਆਦਾਤਰ ਮੁਲਜ਼ਮ ਵਿਦਿਆਰਥੀ ਹਨ ਅਤੇ ਫੌਜ ਵਿਚ ਭਰਤੀ ਹੋਣ ਦੀ ਤਿਆਰੀ ਕਰ ਰਹੇ ਸਨ: ਡੀ.ਜੀ.ਪੀ. ਗੌਰਵ ਯਾਦਵ**

ਕੇਸਾਂ ਵਿਚ ਸ਼ਾਮਲ ਹੈ।

ਹੈਰੋਇਨ ਅਤੇ ਡਰੱਗ ਮਨੀ ਦੀ ਬਰਾਮਦਗੀ ਤੋਂ ਇਲਾਵਾ ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ ’ਚੋਂ 40 ਜਿੰਦਾ ਕਾਰਤੂਸ, ਛੇ ਮੋਬਾਈਲ ਫ਼ੋਨ, 8.4 ਗ੍ਰਾਮ ਸੋਨਾ ਅਤੇ 68.97 ਗ੍ਰਾਮ ਚਾਂਦੀ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਹੁੰਡਈ ਵਰਨਾ ਕਾਰ (ਐੱਚ.ਆਰ. 06 ਵਾਈ 8681) ਅਤੇ ਤਿੰਨ ਮੋਟਰਸਾਈਕਲ ਵੀ ਜ਼ਬਤ ਕੀਤੇ ਹਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਮੁਲਜ਼ਮ, ਜੋ ਕਿ ਅੱਲ੍ਹੜ ਉਮਰ ਦੇ ਹਨ, ਵਿਦਿਆਰਥੀ ਹਨ ਅਤੇ ਜਦੋਂ ਫੌਜ ਵਿਚ ਭਰਤੀ ਹੋਣ ਦੀ ਤਿਆਰੀ ਕਰ ਰਹੇ ਸਨ, ਉਨ੍ਹਾਂ ਦੀ ਜਾਣ-ਪਛਾਣ ਕਪੂਰਥਲਾ ਆਧਾਰਿਤ ਨਸ਼ਾ ਤਸਕਰ ਕਮਲਦੀਪ ਸਿੰਘ ਨਾਲ ਹੋਈ ਅਤੇ ਉਨ੍ਹਾਂ ਨੇ ਸਰਹੱਦ ਪਾਰ ਤੋਂ ਹੈਰੋਇਨ ਦੀ ਤਸਕਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਪਾਕਿਸਤਾਨ ਆਧਾਰਿਤ ਤਸਕਰ ਦੇ ਸੰਪਰਕ ਵਿਚ ਸਨ ਅਤੇ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਦੇ ਸਨ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਪਾਕਿਸਤਾਨ ਅਧਾਰਿਤ ਨਸ਼ਾ ਤਸਕਰ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।

ਇਸ ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਿਸ ਕਪਤਾਨ (ਐੱਸ.ਐੱਸ.ਪੀ.) ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਪੁਲਿਸ ਟੀਮਾਂ ਨੂੰ ਭਰੋਸੇਯੋਗ ਸੂਹ ਮਿਲੀ ਸੀ ਕਿ ਮੁਲਜ਼ਮ ਬਲਜਿੰਦਰ ਸਿੰਘ, ਸੁਖਚੈਨ ਸਿੰਘ, ਸੋਲਵ ਸਿੰਘ, ਗੁਰਚਰਨ ਸਿੰਘ, ਕਰਨਦੀਪ ਸਿੰਘ ਅਤੇ ਕਮਲਦੀਪ ਸਿੰਘ ਨੇ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕੀਤੀ ਹੈ ਅਤੇ ਮੁਲਜ਼ਮ ਬਲਜਿੰਦਰ ਦੇ ਘਰ ਛੁਪਾ ਕੇ ਰੱਖੀ ਹੈ।

ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ ’ਤੇ ਤੁਰੰਤ ਕਾਰਵਾਈ ਕਰਦਿਆਂ ਥਾਣਾ ਅਮੀਰ ਖਾਸ ਦੀਆਂ ਟੀਮਾਂ ਨੇ ਮੌਕੇ ’ਤੇ ਛਾਪੇਮਾਰੀ ਕੀਤੀ ਅਤੇ ਸਾਰੇ ਮੁਲਜ਼ਮਾਂ ਨੂੰ ਉਸ ਸਮੇਂ ਕਾਬੂ ਕੀਤਾ, ਜਦੋਂ ਉਹ ਆਪਣੀ ਵਰਨਾ ਕਾਰ ’ਚ ਘਰ ਤੋਂ ਜਾਣ ਵਾਲੇ ਸਨ ਅਤੇ ਉਨ੍ਹਾਂ ਦੇ ਕਬਜ਼ੇ ’ਚੋਂ ਨਸ਼ੀਲੇ ਪਦਾਰਥਾਂ ਦੀ ਖੇਪ, ਜਿੰਦਾ ਕਾਰਤੂਸ ਅਤੇ ਡਰੱਗ ਮਨੀ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਬਾਅਦ ਵਿਚ ਪੁਲਿਸ ਟੀਮਾਂ ਨੇ ਮੁਲਜ਼ਮ ਦਲਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ।



# ਸਿਆਟਲ ’ਚ ਬੱਚਿਆਂ ਦਾ ਖੇਡ ਕੈਂਪ 6 ਜੁਲਾਈ ਨੂੰ; ਤਿਆਰੀਆਂ ਸ਼ੁਰੂ

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- 14ਵਾਂ ਚਿਲਡਰਨ ਸਪੋਰਟਸ ਕੈਂਪ-2024, 6 ਜੁਲਾਈ ਸ਼ਾਮ ਨੂੰ 5.00 ਵਜੇ ਅਰਦਾਸ ਕਰਕੇ ਸ਼ੁਰੂ ਹੋਵੇਗਾ, ਜਿਸ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਬੱਚਿਆਂ ਨੂੰ 4.45 ਸ਼ਾਮ ਨੂੰ ਪਹੁੰਚਣ ਦਾ ਸੱਦਾ ਦਿੱਤਾ ਜਾ ਰਿਹਾ ਹੈ। 5 ਸਾਲ ਤੋਂ 20-25 ਸਾਲ ਤੱਕ 200 ਬੱਚੇ ਪਹੁੰਚਣ ਦੀ ਆਸ ਕੀਤੀ ਜਾ ਰਹੀ ਹੈ। ਬੱਚਿਆਂ ਨੂੰ ਸਰੀਰਕ ਫਿਟਨੈੱਸ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਨੂੰ ਡਿਸੀਪਲਿਨ ਵਿਚ ਤੇ ਵੱਡਿਆਂ ਦਾ ਸਤਿਕਾਰ ਕਰਨ ਲਈ ਸਿੱਖਿਅਤ


ਗੁਰਚਰਨ ਸਿੰਘ ਢਿੱਲੋਂ, ਮੁੱਖ ਪ੍ਰਬੰਧਕ।

ਕੀਤਾ ਜਾਵੇਗਾ। 6 ਜੁਲਾਈ ਨੂੰ 5 ਵਜੇ ਸ਼ੁਰੂ ਕਰਕੇ 24-25 ਅਗਸਤ ਨੂੰ ਬੱਚਿਆਂ ਦੇ ਮੁਕਾਬਲੇ ਕਰਵਾ ਕੇ ਉਚਿਤ ਇਨਾਮ ਦੇ ਕੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ ਜਾਵੇਗੀ। ਬੱਚਿਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਸਪੋਰਟਸ ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ ਕੀਤੀ ਜਾਵੇਗੀ। ਗੁਰਚਰਨ ਸਿੰਘ ਢਿੱਲੋਂ ਮੁੱਖ ਪ੍ਰਬੰਧਕ ਨੇ ਕਿਹਾ ਕਿ ਬੱਚਿਆਂ ਨੂੰ ਸਰੀਰਕ ਤੰਦਰੁਸਤੀ ਲਈ ਇਸ ਮਹੀਨੇ ਆਉਣਾ ਚਾਹੀਦਾ ਹੈ। ਬੱਚਿਆਂ ਨੂੰ ਡਿਸੀਪਲਿਨ ’ਚ ਰਹਿਣਾ ਜ਼ਰੂਰੀ ਹੋਵੇਗਾ। ਬੱਚਿਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾ ਰਿਹਾ ਹੈ। ਕੋਈ ਮਤਭੇਦ ਨਹੀਂ ਹੋਵੇਗਾ। ਫਿਟਨੈੱਸ ਵਾਸਤੇ ਸਪੈਸ਼ਲ ਬੈਚ ਹੋਵੇਗਾ। ਬਜ਼ੁਰਗ, ਬੀਬੀਆਂ ਤੇ ਮਾਤਾਵਾਂ ਲਈ ਵਿਸ਼ੇਸ਼ ਪ੍ਰਬੰਧ ਕੀਤਾ ਜਾ ਰਿਹਾ ਹੈ।

ਕੋਈ ਵੀ ਸੇਵਾ ਕਰ ਸਕਦਾ ਹੈ। ਸਭ ਦਾ ਸਾਂਝਾ ਉਪਰਾਲਾ ਹੈ। ਹੁੰਮਹੁਮਾ ਕੇ ਪਹੁੰਚੋ।

## ਸ਼ੋਕ ਸਮਾਚਾਰ

# ਸਿਆਟਲ ਦੇ ਗਿੱਲ ਪਰਿਵਾਰ ਨੂੰ ਸਦਮਾ: ਪਰਮਜੀਤ ਕੌਰ ਗਿੱਲ ਨਹੀਂ ਰਹੇ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਸਿਆਟਲ ਦੀ ਜਾਣੀ ਪਛਾਣੀ ਸ਼ਖਸੀਅਤ ਹਰਦੀਪ ਸਿੰਘ ਗਿੱਲ ਦੇ ਵੱਡੇ ਭਰਾ ਦਲਜੀਤ ਸਿੰਘ ਗਿੱਲ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਗਿੱਲ (74) ਦਾ ਸਾਹ ਦੀ ਬਿਮਾਰੀ ਕਾਰਨ ਹਸਪਤਾਲ ਵਿਚ ਦਿਹਾਂਤ ਹੋ ਗਿਆ। ਉਹ ਆਪਣੇ ਪਿੱਛੇ ਇਕ ਲੜਕੀ ਜਸਵਿੰਦਰ ਕੌਰ ਤੇ ਇਕ ਲੜਕਾ ਮਨਪ੍ਰੀਤ ਸਿੰਘ ਮਾਣਾਂ ਗਿੱਲ (ਬੱਚਿਆਂ ਦੇ ਖੇਡ ਕੈਂਪ ਦੇ ਵਲੰਟੀਅਰ ਸੇਵਾਦਾਰ) ਛੱਡ ਗਏ ਹਨ। ਜਿਨ੍ਹਾਂ ਦਾ ਸਸਕਾਰ ਕੈਂਟ ਵਿਚ ਸੋਮਵਾਰ 3 ਜੂਨ ਨੂੰ 12 ਵਜੇ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ 2 ਵਜੇ ਹੋਵੇਗੀ। ਉਨ੍ਹਾਂ ਦੀ ਮੌਤ ’ਤੇ ਪੰਜਾਬ ਸਪੋਰਟਸ ਕਲੱਬ ਸਿਆਟਲ ਦੇ ਸਮੂਹ ਮੈਂਬਰਾਂ ਤੇ ਸਾਬਕਾ ਅਹੁਦੇਦਾਰਾਂ ਅਤੇ ਸਿੱਖ ਆਫ ਸਿਆਟਲ ਤੇ ਖੇਡ ਕੈਂਪ ਦੇ ਪ੍ਰਬੰਧਕਾਂ, ਸਮੂਹ ਮੈਂਬਰ ਨੌਜਵਾਨਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਸਰਪ੍ਰਸਤ ਦਯਿਆ ਸਿੰਘ ਪਿੰਟੂ ਬਾਠ, ਸਿਆਟਲ ਦੇ ਮੁੱਖ ਬੁਲਾਰੇ ਗੁਰਦੀਪ ਸਿੰਘ ਸਿੱਧੂ ਤੇ ਉਨ੍ਹਾਂ ਦੇ ਭਰਾ ਹਰਦੀਪ ਸਿੰਘ ਸਿੱਧੂ, ਮਨਮੋਹਣ ਸਿੰਘ ਧਾਲੀਵਾਲ, ਹਰਦੇਵ ਸਿੰਘ ਜੱਜ, ਹਰਦਿਆਲ ਸਿੰਘ, ਰੀਅਲ ਅਸਟੇਟ ਟੀਮਾਂ, ਪਰਮਜੀਤ ਸਿੰਘ ਖੈਹਰਾ, ਅੰਤਰਰਾਸ਼ਟਰੀ ਬਾਕਸਰ ਗੁਰਮੀਤ ਸਿੰਘ ਨਿੱਝਰ, ਬਲਵਿੰਦਰ ਸਿੰਘ ਗਿੱਲ (ਮੋਗਾ), ਜਗਦੇਵ ਸਿੰਘ ਸੰਧੂ, ਸਰਬਜੀਤ ਸਿੰਘ ਝੱਲੀ, ਸੁਖਪ੍ਰੀਤ ਸਿੰਘ ਮੱਲੀ ਨੇ ਦੁੱਖ ਸਾਂਝਾ ਕਰਦੇ ਹੋਏ ਦੱਸਿਆ ਕਿ ਪਰਮਜੀਤ ਕੌਰ ਗਿੱਲ ਬਹੁਤ ਮਿਹਨਤੀ, ਸਾਊ ਤੇ ਬਹੁਤ ਮਿਲਣਸਾਰ ਸਨ, ਜਿਨ੍ਹਾਂ ਦੇ ਤੁਰ ਜਾਣ ਨਾਲ ਪੰਜਾਬੀ ਭਾਈਚਾਰੇ ਨੂੰ ਅਥਾਹ ਘਾਟਾ ਪਿਆ ਹੈ।


ਪਰਮਜੀਤ ਕੌਰ ਗਿੱਲ ਦੀ ਯਾਦਗਾਰੀ ਫੋਟੋ।

# ਪਾਕਿਸਤਾਨ ਨੇ ਭਾਰਤ ਨਾਲ 1999 ’ਚ ਕੀਤੇ ਸਮਝੌਤੇ ਦੀ ਕੀਤੀ ਸੀ ਉਲੰਘਣਾ : ਨਵਾਜ਼ ਸ਼ਰੀਫ



ਲਾਹੌਰ, (ਪੰਜਾਬ ਮੇਲ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਮੰਨਿਆ ਕਿ ਇਸਲਾਮਾਬਾਦ ਨੇ 1999 ਵਿਚ ਉਨ੍ਹਾਂ ਅਤੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਹਸਤਾਖਰਾਂ ਹੇਠ ਭਾਰਤ ਨਾਲ ਕੀਤੇ ਸਮਝੌਤੇ ਦੀ ਉਲੰਘਣਾ ਕੀਤੀ ਸੀ। ਉਨ੍ਹਾਂ ਪੀ.ਐੱਮ.ਐੱਲ.-ਐੱਨ ਦੀ ਬੈਠਕ ’ਚ ਕਾਰਗਿਲ ਵੇਲੇ ਜਨਰਲ ਪਰਵੇਜ਼ ਮੁਸ਼ੱਰਫ ਦੀ ਕਾਰਵਾਈ ਦਾ ਹਵਾਲਾ ਦਿੰਦਿਆਂ ਕਿਹਾ, ‘ਪਾਕਿਸਤਾਨ ਨੇ 28 ਮਈ 1998 ਨੂੰ ਪੰਜ ਪਰਮਾਣੂ ਪ੍ਰੀਖਣ ਕੀਤੇ ਸਨ। ਉਸ ਤੋਂ ਬਾਅਦ ਵਾਜਪਾਈ ਇੱਥੇ ਆਏ ਅਤੇ ਇਸਲਾਮਾਬਾਦ ਨਾਲ ਸਮਝੌਤਾ ਕੀਤਾ ਪਰ ਅਸੀਂ ਉਸ ਸਮਝੌਤੇ ਦੀ ਉਲੰਘਣਾ ਕੀਤੀ... ਇਹ ਸਾਡੀ ਗਲਤੀ ਸੀ।’ ਜ਼ਿਕਰਯੋਗ ਹੈ ਕਿ ਸ਼ਰੀਫ ਅਤੇ ਵਾਜਪਾਈ ਨੇ ਇਤਿਹਾਸਕ ਸਿਖਰ ਵਾਰਤਾ ਤੋਂ ਬਾਅਦ 21 ਫਰਵਰੀ 1999 ਨੂੰ ਲਾਹੌਰ ਐਲਾਨਨਾਮੇ ’ਤੇ ਦਸਤਖਤ ਕੀਤੇ ਸਨ, ਜਿਸ ਤਹਿਤ ਦੋਵਾਂ ਦੇਸ਼ਾਂ ਦਰਮਿਆਨ ਸ਼ਾਂਤੀ ਅਤੇ ਸਥਿਰਤਾ ਨੂੰ ਯਕੀਨੀ ਬਣਾਈ ਰੱਖਣ ’ਤੇ ਜ਼ੋਰ ਦਿੱਤਾ ਗਿਆ ਸੀ ਪਰ ਕੁਝ ਮਹੀਨਿਆਂ ਬਾਅਦ ਜੰਮੂ-ਕਸ਼ਮੀਰ ਦੇ ਕਾਰਗਿਲ ਜ਼ਿਲ੍ਹੇ ਵਿਚ ਪਾਕਿਸਤਾਨੀ ਘੁਸਪੈਠ ਕਾਰਨ ਕਾਰਗਿਲ ਯੁੱਧ ਸ਼ੁਰੂ ਹੋ ਗਿਆ।

ਸਫਾ 1 ਦਾ ਬਾਕੀ

## ਪੰਜਾਬ ’ਚ 1 ਜੂਨ ਨੂੰ ਹੋ ਰਹੀਆਂ ਚੋਣਾਂ ਲਈ...

ਦਰਸਾਉਣ ਲਈ ਬੋਗਨਵਿਲੀਆ ਗਾਰਡਨ ਵਿਚ ਇੱਕ ਬੂਟਾ ਵੀ ਲਗਾਇਆ। ਇਸ ਮੌਕੇ ਉਨ੍ਹਾਂ ਨੇ ਹਰੇ ਰੰਗ ਦੀਆਂ ਟੀ-ਸ਼ਰਟਾਂ ਅਤੇ ਕੈਪਸ ਵੀ ਲਾਂਚ ਕੀਤੀਆਂ।

ਸੀ.ਈ.ਓ. ਨੇ ਕਿਹਾ ਕਿ ਮੁਹਾਲੀ ਅਤੇ ਬਾਕੀ ਸਾਰੇ ਜ਼ਿਲ੍ਹੇ ਵੋਟਾਂ ਲਈ ਤਿਆਰ ਹਨ ਅਤੇ ਮਤਦਾਨ ਵਿਚ ਇੱਕ ਹਫ਼ਤੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਮਤਦਾਨ ਵਧਾਉਣ ਅਤੇ ਵਧੇਰੇ ਵੋਟਰਾਂ ਨੂੰ ਆਕਰਸ਼ਿਤ ਕਰਨ ਲਈ, ਵੋਟਿੰਗ ਅਧਿਕਾਰਾਂ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਵੱਖ-ਵੱਖ ਸਾਧਨਾਂ ਰਾਹੀਂ ਲੋਕਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਸਵੀਪ ਗਤੀਵਿਧੀਆਂ ਜਾਰੀ ਹਨ।

ਬਿਰਧ ਵੋਟਰਾਂ ਅਤੇ ਦਿਵਿਆਂਗ ਮਤਦਾਤਾਵਾਂ ਲਈ, ਹੋਮ ਵੋਟ (85 ਸਾਲ ਤੋਂ ਵਧੇਰੇ ਅਤੇ ਦਿਵਿਆਂਗਜਨ ਲਈ) ਨਾਮਕ ਇੱਕ ਨਵੀਂ ਪਹਿਲਕਦਮੀ ਸ਼ੁਰੂ ਕੀਤੀ ਗਈ ਹੈ, ਜਿਸ ਨਾਲ ਉਨ੍ਹਾਂ ਨੂੰ ਘਰ ਤੋਂ ਹੀ ਵੋਟ ਪਾਉਣ ਦਾ ਮੌਕਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਮੋਬਾਈਲ ਐਪ ਸਕਸ਼ਮ ਬਜ਼ੁਰਗਾਂ ਅਤੇ ਪੀ.ਡਬਲਯੂ.ਡੀ. (ਦਿਵਿਆਂਗ) ਵੋਟਰਾਂ ਲਈ ਟਰਾਂਸਪੋਰਟ ਸਹੂਲਤਾਂ ਪ੍ਰਾਪਤ ਕਰਨ ਦੇ ਨਾਲ-ਨਾਲ ਚੋਣ ਬੂਥਾਂ ’ਤੇ ਵਾਲੰਟੀਅਰਾਂ ਦੀ ਮਦਦ ਅਤੇ ਵ੍ਹੀਲਚੇਅਰ ਹਾਸਲ ਕਰਨ ’ਚ ਮਦਦਗਾਰ ਹੈ। ਉਨ੍ਹਾਂ ਕਿਹਾ ਕਿ ਰਾਜ ਦੇ ਵੋਟਰਾਂ ਦਾ ਲਗਭਗ 49 ਪ੍ਰਤੀਸ਼ਤ ਔਰਤਾਂ ਹਨ, ਇਸ ਲਈ ਬੱਚਿਆਂ ਲਈ ਕ੍ਰੈਚ, ਵੇਟਿੰਗ ਏਰੀਆ, ਗਰਮੀ ਦੀ ਸਥਿਤੀ ਨਾਲ ਨਜਿੱਠਣ ਲਈ ਏ.ਸੀ./ਕੂਲਰ/ਪੱਖੇ, ਪਖਾਨੇ ਅਤੇ ਹੋਰ ਯਕੀਨੀ ਘੱਟੋ-ਘੱਟ ਸਹੂਲਤਾਂ ਦਾ ਪ੍ਰਬੰਧ ਕਰਕੇ ਉਨ੍ਹਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਰੈਪੀਡੋ ਨੇ ਵੋਟਰਾਂ ਨੂੰ ਬੂਥਾਂ ਤੱਕ ਪਹੁੰਚਾਉਣ ਲਈ ਆਪਣੀਆਂ ਮੁਫਤ ਸੇਵਾਵਾਂ ਦੀ ਪੇਸ਼ਕਸ਼ ਕੀਤੀ ਹੈ। ਉਨ੍ਹਾਂ ਨੇ ਵੋਟਰਾਂ ਨੂੰ ਉਤਸ਼ਾਹਿਤ ਕਰਨ ਲਈ ਸਵੀਪ ਤਹਿਤ ਕੀਤੀਆਂ ਜਾ ਰਹੀਆਂ ਜਾਗਰੂਕਤਾ ਗਤੀਵਿਧੀਆਂ ਵਿਚ ਮੀਡੀਆ ਦੇ ਸਹਿਯੋਗ ਦਾ ਵਿਸ਼ੇਸ਼ ਧੰਨਵਾਦ ਕੀਤਾ।

ਸਫਾ 1 ਦਾ ਬਾਕੀ

## ਰਣਜੀਤ ਕਤਲ ਕੇਸ: ਹਾਈਕੋਰਟ ਵੱਲੋਂ...

ਖੁਰਾਣਾ ਨੇ ਦੱਸਿਆ ਕਿ ਜਸਟਿਸ ਸੁਰੇਸ਼ਵਰ ਠਾਕੁਰ ਤੇ ਜਸਟਿਸ ਲਲਿਤ ਬੱਤਰਾ ਦੀ ਬੈਂਚ ਨੇ ਰਾਮ ਰਹੀਮ ਅਤੇ ਚਾਰ ਹੋਰਾਂ ਦੀਆਂ ਅਪੀਲਾਂ ’ਤੇ ਫ਼ੈਸਲਾ ਸੁਣਾਇਆ ਹੈ, ਜਿਨ੍ਹਾਂ ਨੂੰ ਪੰਚਕੂਲਾ ਸਥਿਤ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਅਕਤੂਬਰ 2021 ਵਿਚ ਦੋਸ਼ੀ ਠਹਿਰਾਇਆ ਸੀ।

ਅਦਾਲਤ ਨੇ ਉਸ ਨੂੰ ਲਗਪਗ 20 ਸਾਲ ਪੁਰਾਣੇ ਰਣਜੀਤ ਸਿੰਘ ਦੀ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਸਾਬਕਾ ਡੇਰਾ ਪ੍ਰਬੰਧਕ ਰਣਜੀਤ ਸਿੰਘ ਦੀ ਹਰਿਆਣਾ ਵਿਚ ਕੁਰੂਕਸ਼ੇਤਰ ਦੇ ਖਾਨਪੁਰ ਕੋਲੀਆਂ ਪਿੰਡ ਵਿਚ 10 ਜੁਲਾਈ, 2002 ਨੂੰ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇੱਕ ਗੁਮਨਾਮ ਚਿੱਠੀ ਜਨਤਕ ਕਰਨ ਦੇ ਸ਼ੱਕ ਵਿਚ ਉਸ ਦੀ ਹੱਤਿਆ ਕੀਤੀ ਗਈ ਸੀ। ਇਸ ਚਿੱਠੀ ਵਿਚ ਦੱਸਿਆ ਗਿਆ ਸੀ ਕਿ ਰਾਮ ਰਹੀਮ ਕਿਵੇਂ ਡੇਰੇ ਵਿਚ ਔਰਤਾਂ ਦਾ ਜਿਨਸੀ ਸ਼ੋਸ਼ਣ ਕਰ ਰਿਹਾ ਹੈ।

**ਅਦਾਲਤ ਦਾ ਫ਼ੈਸਲਾ ਪੀੜਾਦਾਇਕ: ਅੰਸ਼ੁਲ ਛਤਰਪਤੀ** : ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਸੱਚਾ ਸੌਦਾ ਦੇ ਸਾਬਕਾ ਪ੍ਰਬੰਧਕ ਰਣਜੀਤ ਸਿੰਘ ਕਤਲ ਮਾਮਲੇ ’ਚ ਸਿਰਸਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਰਾਹਤ ਦਿੱਤੇ ਜਾਣ ’ਤੇ ਪ੍ਰਤੀਕਰਿਆ ਦਿੰਦਿਆਂ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਕਿਹਾ ਕਿ ਅਦਾਲਤ ਦਾ ਫ਼ੈਸਲਾ ਪੀੜਾਦਾਇਕ ਹੈ। ਉਨ੍ਹਾਂ ਕਿਹਾ ਕਿ ਪੀੜਤ ਪਰਿਵਾਰ ਨੂੰ ਇਸ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਣਾ ਚਾਹੀਦਾ ਹੈ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਵਿਪਸਾਅ ਕੈਲੀਫ਼ੋਰਨੀਆ ਵੱਲੋਂ ਪਦਮ ਸ੍ਰੀ ਡਾ. ਸੁਰਜੀਤ ਪਾਤਰ ਦੀ ਨਿੱਘੀ ਯਾਦ ਵਿਚ ਸ਼ਰਧਾਂਜਲੀ ਸਮਾਗਮ







**ਹੇਵਰਡ, (ਪੰਜਾਬ ਮੇਲ)-** ਵਿਪਸਾਅ ਵੱਲੋਂ ਫਰੀਮਾਂਟ ਵਿਖੇ ਪਦਮ ਸ਼੍ਰੀ ਡਾ. ਸੁਰਜੀਤ ਪਾਤਰ ਦੀ ਨਿੱਘੀ ਯਾਦ ਵਿਚ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਗ਼ਮਗੀਨ ਮਾਹੌਲ ਵਿਚ ਵਿਪਸਾਅ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਪ੍ਰੋਗਰਾਮ ਦੇ ਸ਼ੁਰੂ ਵਿਚ ਵਿਪਸਾਅ ਦੇ ਲੰਮਾ ਵਕਤ ਮੈਂਬਰ ਰਹੇ ਅਤੇ ਅਮਰੀਕਾ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਰਹੇ ਸ਼ਾਇਰ ਆਜ਼ਾਦ ਜਲੰਧਰੀ ਦੇ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਕਿਹਾ ਕਿ ਉਨ੍ਹਾਂ ਦੇ ਸੰਸਕਾਰ ਦੀ ਜਾਣਕਾਰੀ ਸਭ ਨਾਲ ਸਾਂਝੀ ਕੀਤੀ ਜਾਵੇਗੀ। ਇਸ ਉਪਰੰਤ ਡਾ. ਸੁਰਜੀਤ ਪਾਤਰ ਅਤੇ ਆਜ਼ਾਦ ਜਲੰਧਰੀ ਜੀ ਦੀਆਂ ਵਿੱਛੜੀਆਂ ਰੂਹਾਂ ਦੀ ਸ਼ਾਂਤੀ ਲਈ ਸਭ ਵੱਲੋਂ ਮੋਨ ਧਾਰਨ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਵਿਪਸਾਅ ਪ੍ਰਧਾਨ ਕੁਲਵਿੰਦਰ, ਹਰਜਿੰਦਰ ਕੰਗ, ਸੁਰਜੀਤ ਸਖੀ, ਡਾ. ਸੁਖਵਿੰਦਰ ਕੰਬੋਜ, ਸਾਹਿਤ ਪ੍ਰੇਮੀ ਲਾਲੀ ਧਨੋਆ ਅਤੇ ਜਸਵੀਰ ਗਿੱਲ ਸ਼ਾਮਲ ਹੋਏ। ਵਿਪਸਾਅ ਦੇ ਸਰਗਰਮ ਮੈਂਬਰ ਅਤੇ ਪੰਜਾਬ ਲੋਕ ਰੰਗ ਨਾਲ ਜੁੜੇ ਕਲਾਕਾਰ ਮੁਕੇਸ਼ ਸ਼ਰਮਾ ਦਾ ਕਾਵਿ ਸੰਗ੍ਰਹਿ 'ਆਪੇ ਨਾਲ ਬਾਤ' ਲੋਕ ਅਰਪਣ ਕੀਤਾ ਗਿਆ। ਪੰਜਾਬ ਲੋਕ ਰੰਗ ਦੇ ਸੁਰਿੰਦਰ ਸਿੰਘ ਧਨੋਆ ਨੇ ਕਿਹਾ ਕਿ ਮੁਕੇਸ਼ ਇੱਕ ਸ਼ਾਇਰ ਹੋਣ ਦੇ ਨਾਲ ਵਧੀਆ ਰੰਗ-ਕਰਮੀ ਅਤੇ ਕਲਾਕਾਰ ਵੀ ਹੈ। ਉਹ ਉਸਦੀ ਅਗਲੀ ਕਿਤਾਬ ਵਿਚ ਹਰ ਨਜ਼ਮ ਦੇ ਨਾਲ ਉਸਦਾ ਬਣਾਇਆ ਸਕੈੱਚ ਦੇਖਣਾ ਚਾਹੁੰਦੇ ਹਨ। ਹਰਜਿੰਦਰ ਕੰਗ ਨੇ ਕਿਹਾ ਕਿ ਕਿਤਾਬ ਦਾ ਨਾਮ 'ਆਪੇ ਨਾਲ ਬਾਤ' ਹੀ ਸਪੱਸ਼ਟ ਕਰਦਾ ਹੈ ਕਿ ਇਸ ਵਿਚ ਕਵੀ ਨੇ ਆਤਮ ਮੰਥਨ ਕਰਦੇ ਹੋਏ ਸਮਾਜ ਨਾਲ ਸਾਂਝ ਪਾਈ ਹੈ। ਸੁਖਵਿੰਦਰ ਕੰਬੋਜ ਨੇ ਇਸੇ ਸੰਦਰਭ ਵਿਚ ਕਿਹਾ ਕਿ ਮੁਕੇਸ਼ ਮੰਚ ਦਾ ਧਨੀ ਹੈ। ਇਸ ਦੀ ਕਵਿਤਾ ਮਨ ਦੇ ਕਈ ਭਾਵਾਂ ਨੂੰ ਬਿਆਨਦੀ ਹੈ।

ਸਮਾਗਮ ਵਿਚ ਹਾਜ਼ਰ ਲੇਖਕਾਂ, ਸਾਹਿਤ ਪ੍ਰੇਮੀਆਂ ਅਤੇ ਡਾ. ਸੁਰਜੀਤ ਪਾਤਰ ਦੇ ਨਜ਼ਦੀਕੀਆਂ ਵਲੋਂ ਉਨ੍ਹਾਂ ਦੀ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਨ੍ਹਾਂ ਦੇ ਜੀਵਨ ਅਤੇ ਸਾਹਿਤਕ ਸਫ਼ਰ ਦੀ ਗੱਲ ਤੋਰਦਿਆਂ ਜਗਜੀਤ ਨੇ ਦੱਸਿਆ ਕਿ 14 ਜਨਵਰੀ 1945 ਨੂੰ ਪਾਤੜ ਕਲਾਂ ਵਿਚ ਜਨਮਿਆਂ ਇਹ ਬਾਲ ਪੰਜਾਹ ਸਾਲ ਤੋਂ ਵੱਧ ਪੰਜਾਬੀ ਸਾਹਿਤ ਜਗਤ ਦੀ ਆਭਾ ਬਣਿਆ ਰਿਹਾ। ਉਸਦੀ ਸ਼ਖ਼ਸੀਅਤ ਅਤੇ ਸ਼ਾਇਰੀ ਦੋਵਾਂ ਵਿਚ ਹੀ ਅਜਿਹੀ ਚੁੰਬਕੀ ਖਿੱਚ ਸੀ ਕਿ ਪਾਠਕ ਅਤੇ ਸਰੋਤੇ ਉਸ ਵੱਲ ਖਿੱਚੇ ਜਾਂਦੇ ਸਨ। ਲੇਖਕ ਵਰਿਆਮ ਸੰਧੂ ਦੇ ਸ਼ਬਦਾਂ ਵਿਚ, 'ਸੁਰਜੀਤ ਪਾਤਰ ਨਾਅਰੇ ਜਾਂ ਲਲਕਾਰੇ ਦਾ ਨਹੀਂ, ਰਮਜ਼ ਤੇ ਇਸ਼ਾਰੇ ਦਾ ਸ਼ਾਇਰ ਹੈ'। ਇਸ ਉਪਰੰਤ ਜਯੋਤੀ ਸਿੰਘ, ਚਰਨਜੀਤ ਸਿੰਘ ਪਨੂੰ, ਅਵਤਾਰ ਸਿੰਘ ਗੋਂਦਾਰਾ, ਅਮਰ ਸੂਫ਼ੀ, ਮੁਕੇਸ਼ ਸ਼ਰਮਾ, ਜਸਵੰਤ ਸਿੰਘ ਸੰਧੂ, ਅਮਰਜੀਤ ਕੌਰ ਪੰਨੂੰ, ਮਨਦੀਪ ਗੋਰਾ, ਹਰਪ੍ਰੀਤ ਕੌਰ ਧੂਤ, ਐੱਸ. ਕੁਮ ਐੱਸ. ਵਿਕ, ਲਾਜ ਨੀਲਮ ਸੈਣੀ, ਪ੍ਰੋ. ਸੁਰਿੰਦਰ ਸਿੰਘ ਸੀਰਤ, ਲਾਲੀ ਧਨੋਆ, ਸੁਰਜੀਤ ਸਖੀ, ਹਰਜਿੰਦਰ ਕੰਗ, ਡਾ. ਸੁਖਵਿੰਦਰ ਕੰਬੋਜ, ਜਸਵੀਰ ਗਿੱਲ ਅਤੇ ਕੁਲਵਿੰਦਰ ਨੇ ਡਾ. ਪਾਤਰ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਕੇ, ਉਨ੍ਹਾਂ ਦੀਆਂ ਗ਼ਜਲਾਂ ਦੇ ਸ਼ਿਅਰ ਅਤੇ ਸ਼ਬਦ ਚਿੱਤਰ ਪੜ੍ਹ ਕੇ ਗ਼ਮਗੀਨ ਕਾਇਨਾਤ ਨੂੰ ਸਹਿਜ ਕਰ ਦਿੱਤਾ। ਉਨ੍ਹਾਂ ਦੇ ਸ਼ਬਦਾਂ ਦੀ ਲੋਅ ਹਨੇਰੇ ਵਿਚ ਰੌਸ਼ਨੀ ਦੀ ਕਿਰਨ ਦਿਖਾ ਰਹੀ ਸੀ। ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ, ਜਿਵੇਂ ਡਾ. ਸੁਰਜੀਤ ਪਾਤਰ ਉਸ ਸਮਾਗਮ ਵਿਚ ਆਪ ਸ਼ਾਮਲ ਹੋਣ। ਉਨ੍ਹਾਂ ਦੀ ਸ਼ਾਇਰੀ ਵਿਚੋਂ ਉਨ੍ਹਾਂ ਦੀ ਸੂਰਤ ਤੇ ਸੀਰਤ ਝਲਕਦੀ ਸੀ। ਸਭ ਤੋਂ ਵੱਡੀ ਗੱਲ ਇਹ ਕਿ ਜਦੋਂ ਵੀ ਕੋਈ ਬੁਲਾਰਾ ਉਨ੍ਹਾਂ ਦਾ ਸ਼ਿਅਰ ਬੋਲਦਾ, ਤਾਂ ਹਾਲ ਵਿਚ ਬੈਠਾ ਹਰ ਸਰੋਤਾ ਉਸ ਸ਼ਿਅਰ ਨੂੰ ਨਾਲ ਹੀ ਬੋਲਦਾ। ਅਜਿਹਾ ਉਦੋਂ ਹੀ ਹੁੰਦਾ ਹੈ, ਜਦੋਂ ਕਿਸੇ ਕਵੀ ਦੀ ਕਵਿਤਾ ਲੋਕ ਮਨਾਂ ਵਿਚ ਵੱਸੀ ਹੋਵੇ। ਪਾਤਰ ਦੀ ਸ਼ਾਇਰੀ ਹਰ ਕਿਸੇ ਦੇ ਮਨ ਨੂੰ ਟੁੰਬਦੀ, ਕੀਲਦੀ ਤੇ ਗੁੱਝੀਆਂ ਰਮਜ਼ਾਂ ਦੇ ਭੇਦ ਪਛਾਣਨ ਦੇ ਯੋਗ ਬਣਾਉਂਦੀ ਹੈ। ਪਾਠਕ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਜਿਵੇਂ ਇਹ ਉਸ ਲਈ ਲਿਖੀ ਹੋਵੇ। ਪ੍ਰੋ. ਸੁਰਿੰਦਰ ਸੀਰਤ ਨੇ ਪਾਤਰ ਸਾਹਿਬ ਨੂੰ ਇਸ ਸਦੀ ਦਾ ਕਵੀ ਕਹਿੰਦੇ ਹੋਏ ਆਪਣੀ ਗ਼ਜ਼ਲ 'ਡੁੱਬਿਆ ਹੈ ਅੰਤ ਸੂਰਜਾ ਆਪਣੇ ਸਮੇਂ ਦੇ ਨਾਲ' ਪਾਤਰ ਸਾਹਿਬ ਨੂੰ ਸਮਰਪਿਤ ਕੀਤੀ। ਹਰਜਿੰਦਰ ਕੰਗ ਨੇ ਕਿਹਾ ਕਿ ਪਾਤਰ ਅਸੀਮ ਸ਼ਾਇਰ ਸੀ, ਜੋ ਖ਼ੂਬਸੂਰਤ ਸਾਹਿਤਕ ਜੀਵਨ ਜੀ ਕੇ ਨਵਿਆਂ ਰਾਹਾਂ ਨੂੰ ਤੁਰ ਗਿਆ। ਡਾ. ਸੁਖਵਿੰਦਰ ਕੰਬੋਜ ਨੇ ਇਤਿਹਾਸ ਸਿਰਜਕ ਦਾ ਦਰਜਾ ਦਿੱਤਾ। ਜ਼ਿਕਰਯੋਗ ਹੈ ਕਿ 2002 ਵਿਚ ਵਿਪਸਾਅ ਦਾ ਸੰਗਠਨ ਡਾ. ਸੁਰਜੀਤ ਪਾਤਰ ਦੇ ਕਰ-ਕਮਲਾਂ ਨਾਲ ਹੋਇਆ ਸੀ। ਇਸ ਲਈ ਉਹ ਵਿਪਸਾਅ ਦਾ ਅੰਗ ਹੀ ਸਨ। ਕੁਲਵਿੰਦਰ ਨੇ ਪਾਤਰ ਜੀ ਨਾਲ ਬਿਤਾਏ ਵਕਤਾਂ ਦੀਆਂ ਕਈ ਨਿੱਘੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਪਾਤਰ ਦੀ ਸਖ਼ਸ਼ੀਅਤ ਉੱਪਰ ਲਿਖੀ ਆਪਣੀ ਇੱਕ ਨਜ਼ਮ ਸੁਣਾ ਕੇ ਸ਼ਰਧਾਂਜਲੀ ਭੇਂਟ ਕਿਤੀ। ਅਮਰ ਸੂਫ਼ੀ ਨੇ ਦੋਹੜਾ ਛੰਦ ਵਿਚ ਪਾਤਰ ਜੀ 'ਤੇ ਲਿਖਿਆ ਸ਼ਬਦ ਚਿੱਤਰ ਸੁਣਾਇਆ ਅਤੇ ਉਨ੍ਹਾਂ ਨਾਲ ਵਾਬਸਤਾ ਕਈ ਯਾਦਾਂ ਸਾਂਝੀਆਂ ਕੀਤੀਆਂ। ਜਸਵੀਰ ਗਿੱਲ ਨੇ ਕਿਹਾ ਕਿ ਪਾਤਰ ਸਾਹਿਬ ਕੁਦਰਤ ਅਤੇ ਧਰਤੀ ਨਾਲ ਜੁੜੇ ਹੋਏ ਸ਼ਾਇਰ ਸਨ। ਉਨ੍ਹਾਂ ਦੀ ਗ਼ਜ਼ਲ 'ਮੈਂ ਰਾਹਾਂ 'ਤੇ ਨਹੀਂ ਤੁਰਦਾ' ਮੈਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਹ ਸੱਚ ਹੈ ਕਿ ਸਾਰੀ ਦੁਨੀਆਂ ਪੈੜਾਂ 'ਤੇ ਹੀ ਤੁਰਦੀ ਹੈ। ਅਸੀਂ ਅਮਰੀਕਾ ਪਹੁੰਚ ਕੇ ਇਸ ਗ਼ਜ਼ਲ ਦੀ ਤਰ੍ਹਾਂ ਆਪਣੇ ਰਾਹ ਬਣਾਏ ਹਨ। ਲਾਲੀ ਧਨੋਆ ਨੇ ਕਿਹਾ ਕਿ ਇਸ ਦਰਵੇਸ਼ ਸ਼ਾਇਰ ਨੂੰ ਅਸੀਂ ਕਾਲਜ ਦੇ ਸਮੇਂ ਤੋਂ ਹੀ ਪੜ੍ਹਦੇ ਅਤੇ ਸੁਣਦੇ ਆਏ ਹਾਂ। ਉਨ੍ਹਾਂ ਦੇ ਬਹੁਤ ਸਾਰੇ ਗੀਤ ਅਤੇ ਸ਼ਿਅਰ ਸਾਡੇ ਮਨਾਂ ਵਿਚ ਵੱਸੇ ਹੋਏ ਹਨ। ਹਰਪ੍ਰੀਤ ਧੂਤ ਨੇ ਕਿਹਾ ਕਿ ਉਹ ਪਾਤਰ ਸਾਹਿਬ ਨੂੰ ਭਾਵੇਂ ਮਿਲੀ ਪਰ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਦੇ ਇੰਝ ਮਹਿਸੂਸ ਹੁੰਦਾ ਕਿ ਉਹ ਮੇਰੇ ਨਾਲ ਹੀ ਹਨ। ਉਸ ਨੇ ਪਾਤਰ ਸਾਹਿਬ ਨੂੰ ਸਮਰਪਿਤ ਬਹੁਤ ਭਾਵ-ਪੂਰਤ ਨਜ਼ਮ ਪੇਸ਼ ਕੀਤੀ। ਸਮਾਗਮ 'ਚ ਬੈਠੇ ਹਰ ਪਾਤਰ ਪਿਆਰੇ ਨੇ ਮਹਿਸੂਸ ਕੀਤਾ ਕਿ ਸੁਰਜੀਤ ਪਾਤਰ ਆਪਣੇ ਸ਼ਬਦਾਂ ਦੇ ਨਾਲ ਹਮੇਸ਼ਾ ਉਨ੍ਹਾਂ ਦੇ ਅੰਗ-ਸੰਗ ਹੀ ਰਹੇਗਾ। ਸੁਖਦੇਵ ਸਾਹਿਲ ਨੇ ਡਾ. ਪਾਤਰ ਦੀਆਂ ਗ਼ਜ਼ਲਾਂ ਦਾ ਗਾਇਨ ਕਰਕੇ ਸਮਾਂ ਬੰਨ੍ਹਦੇ ਹੋਏ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਸਮਾਗਮ ਵਿਚ ਅਮਰੀਕ ਸਿੰਘ ਪੰਨੂੰ, ਮਨਜੀਤ ਪਲਾਹੀ, ਮਨਜੀਤ ਕੌਰ, ਕਮਲਜੀਤ ਸਿੰਘ ਬਾਸੀ, ਰਮਜੀਤ ਕੌਰ, ਜਸਵਿੰਦਰ ਧਨੋਆ, ਕੰਵਲਦੀਪ ਕੌਰ, ਬਰਜਿੰਦਰ ਸਿੰਘ, ਰਿੱਮੀ ਸੰਧੂ, ਜੇਅ ਸੰਧੂ, ਇਜਾਜ਼ ਸਈਅਦ, ਕੁਲਦੀਪ ਸੇਖੋਂ, ਵਿਜੇ ਸਿੰਘ,ਤਾਰਾ ਸਾਗਰ, ਰਮੇਸ਼ ਬੰਗੜ, ਲਾਜ ਨੀਲਮ ਸੈਣੀ ਆਦਿ ਨੇ ਸ਼ਿਰਕਤ ਕੀਤੀ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਜਗਜੀਤ ਨੌਸ਼ਹਿਰਵੀ ਨੇ ਬਾਖ਼ੂਬੀ ਨਿਭਾਇਆ। ਅਗਲੇ ਮਹੀਨੇ ਦੀ ਬੈਠਕ ਵਿਚ ਹਰਪ੍ਰੀਤ ਕੌਰ ਧੂਤ ਦੇ ਕਹਾਣੀ ਸੰਗ੍ਰਹਿ 'ਸੂਰਜ ਹਾਰ ਗਿਆ ਹੈ' 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।

# ਪੰਜਾਬ ਪੁਲਿਸ ਵੱਲੋਂ ਬੀ.ਐੱਸ.ਐੱਫ. ਨਾਲ ਸਾਂਝੇ ਆਪ੍ਰੇਸ਼ਨ ਦੌਰਾਨ 7 ਨਸ਼ਾ ਤਸਕਰ 5.47 ਕਿਲੋਗ੍ਰਾਮ ਹੈਰੋਇਨ ਨਾਲ ਕਾਬੂ

- **1.07 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ**
- **ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ 'ਚੋਂ 40 ਜ਼ਿੰਦਾ ਕਾਰਤੂਸ, ਵਰਨਾ ਕਾਰ, ਤਿੰਨ ਮੋਟਰਸਾਈਕਲ ਵੀ ਕੀਤੇ ਬਰਾਮਦ**



**ਚੰਡੀਗੜ੍ਹ/ਫਾਜ਼ਿਲਕਾ, (ਪੰਜਾਬ ਮੇਲ)-** ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਨੈੱਟਵਰਕ ਖ਼ਿਲਾਫ਼ ਵੱਡੀ ਸਫਲਤਾ ਹਾਸਲ ਕਰਦਿਆਂ ਫਾਜ਼ਿਲਕਾ ਪੁਲਿਸ ਨੇ ਸੀਮਾ ਸੁਰੱਖਿਆ ਬਲ (ਬੀ.ਐੱਸ.ਐੱਫ.) ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਅੰਤਰਰਾਸ਼ਟਰੀ ਨਾਰਕੋ ਤਸਕਰੀ ਮਾਡਿਊਲ ਦੇ ਸੱਤ ਨਸ਼ਾ ਤਸਕਰਾਂ ਨੂੰ 5.47 ਕਿਲੋਗ੍ਰਾਮ ਸ਼ੁੱਧ ਹੈਰੋਇਨ ਅਤੇ 1.07 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਇਸ ਮਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਇਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਬਲਜਿੰਦਰ ਸਿੰਘ ਉਰਫ ਲਵਲੀ (21), ਸੁਖਚੈਨ ਸਿੰਘ ਉਰਫ ਲੱਕੀ (19) ਅਤੇ ਸੋਲਵ ਸਿੰਘ (19) ਤਿੰਨੋਂ ਵਾਸੀ ਪਿੰਡ ਪੀਰੇ ਕੇ ਉਤਰ, ਫਾਜ਼ਿਲਕਾ; ਗੁਰਚਰਨ ਸਿੰਘ ਉਰਫ ਮਿਲਖਾ (21) ਵਾਸੀ ਪਿੰਡ ਚੱਕ ਸਵਾਹ ਵਾਲਾ, ਫਾਜ਼ਿਲਕਾ, ਕਰਨਦੀਪ ਸਿੰਘ (29) ਵਾਸੀ ਪਿੰਡ ਬਾਦਲ ਕੇ, ਫਾਜ਼ਿਲਕਾ, ਦਲਜੀਤ ਸਿੰਘ ਉਰਫ ਮਾਨੀ (23) ਵਾਸੀ ਮਹਾਤਮ ਨਗਰ, ਫਾਜ਼ਿਲਕਾ ਅਤੇ ਕਮਲਦੀਪ ਸਿੰਘ (32) ਵਾਸੀ ਪਿੰਡ ਕੋਟ ਗੋਬਿੰਦਪੁਰਾ, ਕਪੂਰਥਲਾ ਵਜੋਂ ਹੋਈ ਹੈ। ਮੁਲਜ਼ਮ ਕਮਲਦੀਪ ਸਿੰਘ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਪਹਿਲਾਂ ਵੀ ਕਪੂਰਥਲਾ ਵਿਚ ਐੱਨ.ਡੀ.ਪੀ.ਐੱਸ. ਐਕਟ ਦੇ ਦੋ ਕੇਸਾਂ ਵਿਚ ਸ਼ਾਮਲ ਹੈ।

ਹੈਰੋਇਨ ਅਤੇ ਡਰੱਗ ਮਨੀ ਦੀ ਬਰਾਮਦਗੀ ਤੋਂ ਇਲਾਵਾ ਪੁਲਿਸ ਟੀਮਾਂ ਨੇ ਇਨ੍ਹਾਂ ਦੇ ਕਬਜ਼ੇ 'ਚੋਂ 40 ਜ਼ਿੰਦਾ ਕਾਰਤੂਸ, ਛੇ ਮੋਬਾਈਲ ਫ਼ੋਨ, 8.4 ਗ੍ਰਾਮ ਸੋਨਾ ਅਤੇ 68.97 ਗ੍ਰਾਮ ਚਾਂਦੀ ਬਰਾਮਦ ਕਰਨ ਤੋਂ ਇਲਾਵਾ ਉਨ੍ਹਾਂ ਦੀ ਹੁੰਡਈ ਵਰਨਾ ਕਾਰ (ਐੱਚ.ਆਰ. 06 ਵਾਈ 8681) ਅਤੇ ਤਿੰਨ ਮੋਟਰਸਾਈਕਲ ਵੀ ਜ਼ਬਤ ਕੀਤੇ ਹਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਮੁਲਜ਼ਮ, ਜੋ ਕਿ ਅੱਲ੍ਹੜ ਉਮਰ ਦੇ ਹਨ, ਵਿਦਿਆਰਥੀ ਹਨ ਅਤੇ ਜਦੋਂ ਫੌਜ ਵਿਚ ਭਰਤੀ ਹੋਣ ਦੀ ਤਿਆਰੀ ਕਰ ਰਹੇ ਸਨ, ਉਨ੍ਹਾਂ ਦੀ ਜਾਣ-ਪਛਾਣ ਕਪੂਰਥਲਾ ਆਧਾਰਿਤ ਨਸ਼ਾ ਤਸਕਰ ਕਮਲਦੀਪ ਸਿੰਘ ਨਾਲ ਹੋਈ ਅਤੇ ਉਨ੍ਹਾਂ ਨੇ ਸਰਹੱਦ ਪਾਰ ਤੋਂ ਹੈਰੋਇਨ ਦੀ ਤਸਕਰੀ ਸ਼ੁਰੂ ਕਰ ਦਿੱਤੀ। ਉਨ੍ਹਾਂ ਅੱਗੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਦੋਸ਼ੀ ਪਾਕਿਸਤਾਨ ਆਧਾਰਿਤ ਤਸਕਰ ਦੇ ਸੰਪਰਕ ਵਿਚ ਸਨ ਅਤੇ ਡਰੋਨ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰਦੇ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਅਤੇ ਪਾਕਿਸਤਾਨ ਅਧਾਰਿਤ ਨਸ਼ਾ ਤਸਕਰ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ। ਇਸ ਕਾਰਵਾਈ ਸਬੰਧੀ ਵੇਰਵੇ ਸਾਂਝੇ ਕਰਦਿਆਂ ਸੀਨੀਅਰ ਪੁਲਿਸ ਕਪਤਾਨ (ਐੱਸ.ਐੱਸ.ਪੀ.) ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਪੁਲਿਸ ਟੀਮਾਂ ਨੂੰ ਭਰੋਸੇਯੋਗ ਸੂਹ ਮਿਲੀ ਸੀ ਕਿ ਮੁਲਜ਼ਮ ਬਲਜਿੰਦਰ ਸਿੰਘ, ਸੁਖਚੈਨ ਸਿੰਘ, ਸੋਲਵ ਸਿੰਘ, ਗੁਰਚਰਨ ਸਿੰਘ, ਕਰਨਦੀਪ ਸਿੰਘ ਅਤੇ ਕਮਲਦੀਪ ਸਿੰਘ ਨੇ ਪਾਕਿਸਤਾਨ ਤੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕੀਤੀ ਹੈ ਅਤੇ ਮੁਲਜ਼ਮ ਬਲਜਿੰਦਰ ਦੇ ਘਰ ਛੁਪਾ ਕੇ ਰੱਖੀ ਹੈ।

ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਤੁਰੰਤ ਕਾਰਵਾਈ ਕਰਦਿਆਂ ਥਾਣਾ ਅਮੀਰ ਖਾਸ ਦੀਆਂ ਟੀਮਾਂ ਨੇ ਮੌਕੇ 'ਤੇ ਛਾਪੇਮਾਰੀ ਕੀਤੀ ਅਤੇ ਸਾਰੇ ਮੁਲਜ਼ਮਾਂ ਨੂੰ ਉਸ ਸਮੇਂ ਕਾਬੂ ਕੀਤਾ, ਜਦੋਂ ਉਹ ਆਪਣੀ ਵਰਨਾ ਕਾਰ 'ਚ ਘਰ ਤੋਂ ਜਾਣ ਵਾਲੇ ਸਨ ਅਤੇ ਉਨ੍ਹਾਂ ਦੇ ਕਬਜ਼ੇ 'ਚੋਂ ਨਸ਼ੀਲੇ ਪਦਾਰਥਾਂ ਦੀ ਖੇਪ, ਜ਼ਿੰਦਾ ਕਾਰਤੂਸ ਅਤੇ ਡਰੱਗ ਮਨੀ ਬਰਾਮਦ ਕੀਤੀ। ਉਨ੍ਹਾਂ ਦੱਸਿਆ ਕਿ ਬਾਅਦ ਵਿਚ ਪੁਲਿਸ ਟੀਮਾਂ ਨੇ ਮੁਲਜ਼ਮ ਦਲਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

## ਰਾਹੁਲ ਗਾਂਧੀ ਖ਼ਿਲਾਫ਼ ਮਾਣਹਾਨੀ ਮਾਮਲੇ ਦੀ ਸੁਣਵਾਈ ਹੁਣ 7 ਜੂਨ ਨੂੰ



**ਸੁਲਤਾਨਪੁਰ (ਯੂ.ਪੀ.), (ਪੰਜਾਬ ਮੇਲ)-** 2018 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ਿਲਾਫ਼ ਕਥਿਤ ਇਤਰਾਜ਼ਯੋਗ ਟਿੱਪਣੀ ਕਰਨ ਦੇ ਮਾਮਲੇ ਵਿਚ ਕਾਂਗਰਸ ਆਗੂ ਰਾਹੁਲ ਗਾਂਧੀ ਖ਼ਿਲਾਫ਼ ਦਾਇਰ ਕੇਸ ਦੀ ਅਗਲੀ ਸੁਣਵਾਈ ਹੁਣ 7 ਜੂਨ ਨੂੰ ਹੋਵੇਗੀ। ਰਾਹੁਲ ਦੇ ਵਕੀਲ ਕਾਸ਼ੀ ਪ੍ਰਸਾਦ ਸ਼ੁਕਲਾ ਨੇ ਕਿਹਾ ਕਿ ਮਾਮਲੇ ਦੀ ਸੁਣਵਾਈ 27 ਮਈ ਨੂੰ ਹੋਣੀ ਸੀ ਪਰ ਉਨ੍ਹਾਂ ਨੇ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਦੱਸਿਆ ਕਿ ਉਨ੍ਹਾਂ ਦਾ ਮੁਵੱਕਿਲ ਲੋਕ ਸਭਾ ਚੋਣਾਂ ਦੇ ਪ੍ਰਚਾਰ 'ਚ ਰੁੱਝੇ ਹੋਣ ਕਾਰਨ ਅਦਾਲਤ 'ਚ ਪੇਸ਼ ਨਹੀਂ ਹੋ ਸਕਿਆ।

## ਪੰਨੂ ਹੱਤਿਆ ਸਾਜ਼ਿਸ਼ ਮਾਮਲਾ: ਚੈੱਕ ਗਣਰਾਜ ਅਦਾਲਤ ਵੱਲੋਂ ਗੁਪਤਾ ਦੀ ਅਮਰੀਕਾ ਹਵਾਲਗੀ ਨੂੰ ਮਨਜ਼ੂਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਚੈੱਕ ਗਣਰਾਜ ਦੀ ਸੰਵਿਧਾਨਕ ਅਦਾਲਤ ਨੇ ਅਮਰੀਕਾ ਸਥਿਤ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਦੇ ਮਾਮਲੇ ਵਿਚ ਨਿਖਿਲ ਗੁਪਤਾ ਦੀ ਅਮਰੀਕਾ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ ਹੈ। ਗੁਪਤਾ ਪਿਛਲੇ ਸਾਲ ਜੂਨ ਤੋਂ ਪ੍ਰਾਗ ਦੀ ਜੇਲ੍ਹ 'ਚ ਬੰਦ ਹੈ। ਉਸ ਦੀ ਹਵਾਲਗੀ ਬਾਰੇ ਅੰਤਿਮ ਫੈਸਲਾ ਚੈੱਕ ਗਣਰਾਜ ਦੇ ਨਿਆਂ ਮੰਤਰੀ ਪਾਵੇਲ ਬਲਾਜ਼ੇਕ ਕਰਨਗੇ। ਪ੍ਰਾਗ ਸਥਿਤ ਚੈੱਕ ਅਦਾਲਤ ਵੱਲੋਂ ਹਵਾਲਗੀ ਵਿਰੁੱਧ ਗੁਪਤਾ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਗਿਆ।

# ਲੋਕ ਸਭਾ ਚੋਣਾਂ: ਘਾਗ ਸਿਆਸਤਦਾਨ ਚੋਣ ਰੈਲੀਆਂ ਤੋਂ ਹੋਏ ਗਾਇਬ!

- **ਕੈਪਟਨ ਅਮਰਿੰਦਰ, ਮਨਪ੍ਰੀਤ ਬਾਦਲ, ਨਵਜੋਤ ਸਿੱਧੂ, ਸੁਖਦੇਵ ਢੀਂਡਸਾ ਤੇ ਬਲਵੰਤ ਰਾਮੂਵਾਲੀਆ ਸਿਆਸੀ ਪਿੜ 'ਚ ਨਹੀਂ ਆ ਰਹੇ ਨਜ਼ਰ**

**ਮਾਨਸਾ, (ਪੰਜਾਬ ਮੇਲ)-** ਪੰਜਾਬ ਦੀਆਂ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੀ ਮੁਹਿੰਮ ਜ਼ੋਰਾਂ 'ਤੇ ਹੈ, ਪਰ ਸੂਬੇ ਦੇ ਘਾਗ ਸਿਆਸਤਦਾਨਾਂ ਨੇ ਇਸ ਵੇਲੇ ਬਠਿੰਡਾ ਲੋਕ ਸਭਾ ਹਲਕੇ ਤੋਂ ਦੂਰੀ ਬਣਾਈ ਹੋਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਪਟਿਆਲਾ, ਗੁਰਦਾਸਪੁਰ ਅਤੇ ਜਲੰਧਰ ਸੰਸਦੀ ਹਲਕਿਆਂ ਵਿਚ ਦੋ ਦਿਨਾਂ ਤੋਂ ਭਾਜਪਾ ਉਮੀਦਵਾਰਾਂ ਦੇ ਹੱਕ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕੀਤਾ। ਹਾਲਾਂਕਿ, ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਜੇ ਤੱਕ ਕਿਸੇ ਚੋਣ ਜਲਸੇ ਵਿਚ ਸੰਬੋਧਨ ਕਰਦੇ ਨਜ਼ਰ ਨਹੀਂ ਆਏ।

ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸੰਸਦੀ ਚੋਣਾਂ ਦੇ ਐਲਾਨ ਤੋਂ ਪਹਿਲਾਂ ਬਠਿੰਡਾ ਇਲਾਕੇ ਵਿਚ ਕਾਂਗਰਸੀ ਵਰਕਰਾਂ ਦੀਆਂ ਵੱਡੀਆਂ ਰੈਲੀਆਂ ਕੀਤੀਆਂ ਸਨ, ਜਦੋਂਕਿ ਹੁਣ ਉਹ ਪਾਰਟੀ ਉਮੀਦਵਾਰਾਂ ਲਈ ਚੋਣ ਪ੍ਰਚਾਰ ਨਹੀਂ ਕਰ ਰਹੇ। ਕਾਂਗਰਸ ਦੇ ਸਾਬਕਾ ਸੂਬਾਈ ਪ੍ਰਧਾਨ ਸ਼ਮਸ਼ੇਰ ਸਿੰਘ ਦੂਲੋਂ ਵੀ ਮਾਲਵਾ ਖੇਤਰ ਦੇ ਕਿਸੇ ਹਲਕੇ 'ਚ ਸੰਬੋਧਨ ਕਰਨ ਲਈ ਨਹੀਂ ਆਏ। ਉੱਧਰ, ਆਵਾਜ਼-ਏ-ਪੰਜਾਬ ਵਜੋਂ ਜਾਣੇ ਜਾਂਦੇ ਜਗਮੀਤ ਸਿੰਘ ਬਰਾੜ ਵੀ ਚੁੱਪ ਹਨ। ਉਹ ਵੀ ਕਿਧਰੇ ਸੰਬੋਧਨ ਕਰਦੇ ਨਹੀਂ ਦਿਖੇ। ਬਠਿੰਡਾ ਲੋਕ ਸਭਾ ਹਲਕੇ ਤੋਂ ਬਾਦਲ ਪਰਿਵਾਰ ਦੇ ਪੁੱਤਰ ਮਨਪ੍ਰੀਤ ਸਿੰਘ ਬਾਦਲ ਦੀਆਂ ਤਕਰੀਰਾਂ ਨੂੰ ਲੋਕ ਬੜੇ ਗਹੁ ਨਾਲ ਸੁਣਦੇ ਸਨ। ਉਨ੍ਹਾਂ ਨੇ ਵੀ ਚੋਣਾਂ ਤੋਂ ਦੂਰੀ ਬਣਾਈ ਹੋਈ ਹੈ। ਉਨ੍ਹਾਂ ਦੀ ਹਾਲ ਹੀ ਵਿਚ ਦਿਲ ਦੀ ਸਰਜਰੀ ਹੋਈ ਹੈ ਅਤੇ ਬਿਮਾਰੀ ਕਾਰਨ ਉਹ ਘਰ ਆਰਾਮ ਕਰਦੇ ਦੱਸੇ ਜਾਂਦੇ ਹਨ। ਅਕਾਲੀ ਦਲ ਦੇ ਸੀਨੀਅਰ ਨੇਤਾ ਸੁਖਦੇਵ ਸਿੰਘ ਢੀਂਡਸਾ ਚੋਣ ਮੰਚ 'ਤੇ ਦਿਖਾਈ ਨਹੀਂ ਦੇ ਰਹੇ। ਬੇਅਦਬੀ ਦੀਆਂ ਘਟਨਾਵਾਂ ਮਗਰੋਂ ਉਨ੍ਹਾਂ ਅਕਾਲੀ ਦਲ ਨੂੰ ਅਲਵਿਦਾ ਆਖ ਦਿੱਤੀ ਸੀ। ਹੁਣ ਨਵੇਂ ਰਲੇਵੇਂ ਮਗਰੋਂ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੂੰ ਸੰਗਰੂਰ ਲੋਕ ਸਭਾ ਹਲਕੇ ਤੋਂ ਟਿਕਟ ਨਹੀਂ ਦਿੱਤੀ ਗਈ। ਫਿਲਮ ਜਗਤ ਦੇ ਵੱਡੇ ਨਾਂ ਗੁਰਪ੍ਰੀਤ ਸਿੰਘ ਘੁੱਗੀ ਨੇ ਅਜੇ ਤੱਕ ਬਠਿੰਡਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਲਈ ਪ੍ਰਚਾਰ ਨਹੀਂ ਕੀਤਾ। ਇਸੇ ਤਰ੍ਹਾਂ ਰਾਘਵ ਚੱਢਾ ਸਮੇਤ 'ਆਪ' ਦੇ ਕਿਸੇ ਰਾਜ ਸਭਾ ਮੈਂਬਰ ਨੇ ਬਠਿੰਡਾ 'ਚ ਦਰਸ਼ਨ ਨਹੀਂ ਦਿੱਤੇ।

'ਆਪ' ਲਈ ਕਿਸੇ ਸਮੇਂ ਕਨਵੀਨਰ ਵਜੋਂ ਭੂਮਿਕਾ ਨਿਭਾਉਣ ਵਾਲੇ ਸੁੱਚਾ ਸਿੰਘ ਛੋਟੇਪੁਰ ਨੇ ਬਠਿੰਡਾ ਲੋਕ ਸਭਾ ਹਲਕੇ ਵਿਚ ਅਕਾਲੀ ਦਲ ਦੇ ਹੱਕ 'ਚ ਹਾਲੇ ਤੱਕ ਕਿਸੇ ਚੋਣ ਰੈਲੀ ਨੂੰ ਸੰਬੋਧਨ ਨਹੀਂ ਕੀਤਾ। ਉਹ 'ਆਪ' ਨੂੰ ਛੱਡ ਕੇ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਸਨ। ਸਿਆਸਤ ਦੇ ਇੱਕ ਹੋਰ ਵੱਡੇ

# ਅਮਰੀਕੀ ਮਿਸ਼ਨਰੀ ਜੋੜੇ ਸਮੇਤ 3 ਅਮਰੀਕੀਆਂ ਦੀ ਬਦਮਾਸ਼ਾਂ ਵੱਲੋਂ ਹੈਤੀ 'ਚ ਹੱਤਿਆ

■ ਰਿਪਬਲੀਕਨ ਆਗੂ ਬੇਨ ਬੇਕਰ ਦੇ ਧੀ ਜਵਾਈ ਸੀ ਮਿਸ਼ਨਰੀ ਜੋੜਾ


ਹੈਤੀ ਵਿਚ ਮਾਰਿਆ ਗਿਆ ਮਿਸ਼ਨਰੀ ਜੋੜਾ।

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕੀ ਮਿਸ਼ਨਰੀ ਜੋੜੇ ਸਮੇਤ 3 ਅਮਰੀਕੀ ਮਿਸ਼ਨਰੀਆਂ ਦੀ ਹੈਤੀ ਦੀ ਰਾਜਧਾਨੀ ਪੋਰਟ-ਓ-ਪ੍ਰਿੰਸ ਵਿਖੇ ਹੱਤਿਆ ਕਰ ਦੇਣ ਦੀ ਖਬਰ ਹੈ। ਅਮਰੀਕੀ ਜੋੜੇ ਦੀ ਪਛਾਣ ਡੇਵੀ ਤੇ ਨਟਾਲੀ ਲੋਇਡ ਵਜੋਂ ਹੋਈ ਹੈ ਜੋ ਅਮਰੀਕੀ ਰਾਜ ਮਿਸੂਰੀ ਦੇ ਰਿਪਬਲੀਕਨ ਆਗੂ ਦੀ ਧੀ ਤੇ ਜਵਾਈ ਸਨ। ਇਹ ਜਾਣਕਾਰੀ ਨਟਾਲੀ ਲੋਇਡ ਦੇ ਪਿਤਾ ਰਿਪਬਲੀਕਨ ਆਗੂ ਬੇਨ ਬੇਕਰ ਨੇ ਆਪਣੀ ਫੇਸਬੁੱਕ 'ਤੇ ਪਾਈ ਇਕ ਪੋਸਟ ਵਿਚ ਦਿੱਤੀ ਹੈ। ਬੇਨ ਬੇਕਰ ਨੇ ਕਿਹਾ ਹੈ ਕਿ ਡੇਵੀ ਲਾਇਡ ਤੇ ਨਟਾਲੀ ਲਾਇਡ ਉਪਰ ਬਦਮਾਸ਼ਾਂ ਨੇ ਹਮਲਾ ਕੀਤਾ ਤੇ ਇਸ ਹਮਲੇ ਵਿਚ ਦੋਨਾਂ ਦੀ ਮੌਤ ਹੋ ਗਈ। ਉਸ ਨੇ ਕਿਹਾ ਹੈ "ਉਸ ਦਾ ਦਿੱਲ ਟੁੱਟ ਗਿਆ ਹੈ ਤੇ ਉਸ ਨੇ ਕਦੀ ਵੀ ਏਨਾ ਦੁੱਖ ਮਹਿਸੂਸ ਨਹੀਂ ਕੀਤਾ"। ਉਸ ਨੇ ਕਿਹਾ ਹੈ 'ਮੇਰੀ ਧੀ ਤੇ ਜਵਾਈ ਹੈਤੀ ਵਿਚ ਕੁਲਵਕਤੀ ਮਿਸ਼ਨਰੀ ਸਨ'। ਬੇਕਰ ਨਿਊਟੋਨ ਕਾਊਂਟੀ (ਡਿਸਟ੍ਰਿਕਟ 160) ਤੋਂ ਰਿਪਬਲੀਕਨ ਪ੍ਰਤੀਨਿੱਧ ਹਨ। ਇਸ ਹਮਲੇ ਵਿਚ ਮਿਸ਼ਨ ਦੇ ਡਾਇਰੈਕਟਰ ਜਿਊਡ ਮੋਨਟਿਸ (45) ਦੀ ਵੀ ਮੌਤ ਹੋ ਗਈ। ਇਹ ਤਿੰਨੇ ਹੈਤੀ ਇੱਕ ਵਿਚ ਮਿਸ਼ਨ ਤਹਿਤ ਕੰਮ ਕਰਦੇ ਸਨ, ਜਿਸ ਨੂੰ ਡੇਵੀ ਲਾਇਡ ਦੇ ਮਾਪਿਆਂ ਵੱਲੋਂ ਪਿਛਲੇ 2 ਦਹਾਕਿਆਂ ਦੇ ਵੀ ਵਧ ਸਮੇ ਤੋਂ ਚਲਾਇਆ ਜਾ ਰਿਹਾ ਹੈ। ਡੇਵੀ ਲਾਇਡ ਦੇ ਪਿਤਾ ਡੇਵਿਡ ਲਾਇਡ ਨੇ ਕਿਹਾ ਹੈ ਕਿ ਉਸ ਦੇ ਪੁੱਤਰ ਨੂੰ ਹੈਤੀ ਨਾਲ ਪਿਆਰ ਸੀ। ਉਨ੍ਹਾਂ ਕਿਹਾ ਕਿ ਉਹ ਤੇ ਨਟਾਲੀ ਲਾਇਡ (21) ਉਪਰ ਬੀਤੇ ਦਿਨੀਂ ਉਸ ਵੇਲੇ ਘਾਤ ਲਾ ਕੇ ਹਮਲਾ ਕੀਤਾ ਗਿਆ, ਜਦੋਂ ਉਹ ਪੋਰਟ-ਓ-ਪ੍ਰਿੰਸ ਵਿਚ ਚਰਚ ਵਿਚੋਂ ਨਿਕਲ ਰਹੇ ਸਨ। ਮਿਸ਼ਨ ਵੱਲੋਂ ਫੇਸਬੁੱਕ 'ਤੇ ਪਾਈ ਇਕ ਪੋਸਟ ਅਨੁਸਾਰ ਹਮਲਾਵਰ ਡੇਵੀ ਲਾਇਡ ਨੂੰ ਅਗਵਾ ਕਰਕੇ ਇਕ ਘਰ ਵਿਚ ਲੈ ਗਏ, ਜਿਥੇ ਉਸ ਨੂੰ ਬੰਨ੍ਹ ਕੇ ਕੁੱਟਿਆ ਮਾਰਿਆ ਗਿਆ। ਉਪਰੰਤ ਹਮਲਾਵਰ ਮਿਸ਼ਨ ਦਾ ਸਮਾਨ ਨਾਲ ਭਰਿਆ ਟਰੱਕ ਲੈ ਕੇ ਉਥੋਂ ਚਲੇ ਗਏ। ਮਿਸ਼ਨ ਨੇ ਕਿਹਾ ਹੈ ਕਿ ਇਸ ਘਟਨਾ ਨੇ ਉਨ੍ਹਾਂ ਨੂੰ ਬੁਰੀ ਤਰਾਂ ਝੰਜੋੜ ਦਿੱਤਾ ਹੈ।

# ਸਾਬਕਾ ਅਦਾਕਾਰ ਜੌਨੀ ਵੈਕਟਰ ਦੀ ਗੋਲੀ ਲੱਗਣ ਨਾਲ ਮੌਤ



ਲਾਸ ਏਂਜਲਸ, (ਪੰਜਾਬ ਮੇਲ)- ਪ੍ਰਸਿੱਧ ਟੀ.ਵੀ. ਸੀਰੀਅਲ 'ਜਨਰਲ ਹਸਪਤਾਲ' ਦੇ ਸਾਬਕਾ ਅਦਾਕਾਰ ਜੌਨੀ ਵੈਕਟਰ ਦੀ ਲਾਸ ਏਂਜਲਸ ਵਿਚ ਗੋਲੀ ਲੱਗਣ ਨਾਲ ਮੌਤ ਹੋ ਗਈ। ਉਨ੍ਹਾਂ ਦੇ ਪਰਿਵਾਰ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਪਰਿਵਾਰਕ ਮੈਂਬਰਾਂ ਮੁਤਾਬਕ ਜਦੋਂ ਵੈਕਟਰ ਨੇ ਤਿੰਨ ਚੋਰਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ, ਜਿਹੜੇ ਉਨ੍ਹਾਂ ਦੀ ਕਾਰ ਵਿਚੋਂ ਕੈਟਾਲੀਟਿਕ ਕਨਵਰਟਰ ਚੋਰੀ ਕਰ ਰਹੇ ਸਨ, ਤਾਂ ਬਦਮਾਸ਼ਾਂ ਨੇ ਉਨ੍ਹਾਂ 'ਤੇ ਗੋਲੀਆਂ ਚਲਾ ਦਿੱਤੀਆਂ।

ਲਾਸ ਏਂਜਲਸ ਪੁਲਿਸ ਵਿਭਾਗ ਮੁਤਾਬਕ ਇਹ ਘਟਨਾ ਸ਼ਨੀਵਾਰ ਦੁਪਹਿਰ 3 ਵਜੇ ਦੀ ਹੈ। ਉਸ ਦੀ ਮਾਂ ਸਕਾਰਲੇਟ ਵੈਕਟਰ ਨੇ ਦੱਸਿਆ ਕਿ ਉਸ ਦਾ 37 ਸਾਲਾ ਬੇਟਾ ਇਕ ਛੱਤ 'ਤੇ ਬਣੀ ਬਾਰ ਵਿਚ ਕੰਮ ਕਰ ਰਿਹਾ ਸੀ। ਫਿਰ ਉਸ ਨੇ ਦੇਖਿਆ ਕਿ ਕੁਝ ਚੋਰ ਉਸ ਦੀ ਕਾਰ ਵਿਚੋਂ ਕੁਝ ਸਾਮਾਨ ਚੋਰੀ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਜਿਸ ਤੋਂ ਬਾਅਦ ਉਹ ਆਪਣੇ ਸਾਥੀ ਨਾਲ ਚੋਰਾਂ ਨੂੰ ਫੜਨ ਲਈ ਗਿਆ। ਉਸ ਦੀ ਮਾਂ ਨੇ ਦੱਸਿਆ ਕਿ ਨਕਾਬਪੋਸ਼ ਸ਼ੱਕੀਆਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ।

ਪੁਲਿਸ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਤਿੰਨੇ ਦੋਸ਼ੀ ਮੌਕੇ ਤੋਂ ਫ਼ਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਵੈਕਟਰ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਮਾਮਲੇ 'ਚ ਐਤਵਾਰ ਦੇਰ ਰਾਤ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ ਸੀ। ਵੈਕਟਰ ਦੇ ਏਜੰਟ ਡੇਵਿਡ ਸ਼ੌਲ ਨੇ ਕਿਹਾ ਕਿ ਅਦਾਕਾਰ 'ਹਰ ਉਸ ਵਿਅਕਤੀ ਲਈ ਇਕ ਅਸਲੀ ਨੈਤਿਕ ਉਦਾਹਰਣ ਸੀ, ਜੋ ਉਸ ਨੂੰ ਜਾਣਦਾ ਸੀ।' ਵੈਕਟਰ ਨੇ 2020 ਤੋਂ 2022 ਤਕ ਏ.ਬੀ.ਸੀ. ਸੋਪ ਓਪੇਰਾ ਵਿਚ ਬ੍ਰੈਂਡੋ ਕਾਰਬਿਨ ਦੀ ਭੂਮਿਕਾ ਨਿਭਾਈ ਸੀ। ਉਨ੍ਹਾਂ 'ਸਟੇਸ਼ਨ 10', 'ਐੱਨ.ਸੀ.ਆਈ.ਐੱਸ.', 'ਵੈਸਟਵਰਲਡ' ਅਤੇ ਵੀਡੀਓ ਗੇਮ 'ਕਾਲ ਆਫ ਡਿਊਟੀ: ਵੈਨਗਾਰਡ' ਸਮੇਤ ਕਈ ਫਿਲਮਾਂ ਅਤੇ ਟੀ.ਵੀ. ਪ੍ਰੋਗਰਾਮਾਂ ਵਿਚ ਕੰਮ ਕੀਤਾ ਸੀ।

# ਟਰੰਪ ਨੂੰ ਸਮਾਗਮ 'ਚ ਕਰਨਾ ਪਿਆ ਹੂਟਿੰਗ ਦਾ ਸਾਹਮਣਾ!

■ ਖੁੱਲ੍ਹੇਆਮ ਹੋਇਆ ਜਨਤਕ ਵਿਰੋਧ
■ ਟਰੰਪ ਵੱਲੋਂ ਬਾਇਡਨ ਨੂੰ 'ਸਭ ਤੋਂ ਮਾੜਾ ਰਾਸ਼ਟਰਪਤੀ' ਦੱਸਣ 'ਤੇ ਭੀੜ 'ਚੋਂ ਆਵਾਜ਼ ਆਈ - 'ਉਹ ਤਾਂ ਤੁਸੀਂ ਹੋ'



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ 'ਲਿਬਰਟੇਰੀਅਨ ਪਾਰਟੀ' ਦੇ ਸਮਾਗਮ 'ਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵਾਰ-ਵਾਰ ਹੂਟਿੰਗ ਦਾ ਸਾਹਮਣਾ ਕਰਨਾ ਪਿਆ। ਭੀੜ ਵਿਚ ਬਹੁਤ ਸਾਰੇ ਲੋਕਾਂ ਨੇ ਅਪਮਾਨਜਨਕ ਨਾਅਰੇ ਲਾਏ ਅਤੇ ਟਰੰਪ ਦੀਆਂ ਕੋਵਿਡ-19 ਨੀਤੀਆਂ, ਵਧ ਰਹੇ ਸੰਘੀ ਘਾਟੇ ਅਤੇ ਉਸ ਦੇ ਸਿਆਸੀ ਰਿਕਾਰਡ ਬਾਰੇ ਝੂਠ ਬੋਲਣ ਵਰਗੀਆਂ ਚੀਜ਼ਾਂ ਲਈ ਉਨ੍ਹਾਂ ਦੀ ਨਿੰਦਾ ਕੀਤੀ।

ਜਾਣਕਾਰੀ ਅਨੁਸਾਰ ਜਦੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਸਮਾਗਮ ਦੌਰਾਨ ਸੰਬੋਧਨ ਕਰਨ ਲਈ ਸਟੇਜ 'ਤੇ ਆਏ ਤਾਂ ਕੁਝ ਲੋਕਾਂ ਨੇ ਤਾੜੀਆਂ ਵਜਾਈਆਂ ਅਤੇ 'ਅਮਰੀਕਾ-ਅਮਰੀਕਾ' ਦੇ ਨਾਅਰੇ ਲਾਏ। ਉਥੇ ਹੀ ਭੀੜ 'ਚ ਮੌਜੂਦ ਕਈ ਲੋਕਾਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ, ਜਦਕਿ ਉਨ੍ਹਾਂ ਦੇ ਕੁਝ ਸਮਰਥਕਾਂ ਨੇ 'ਮੇਕ ਅਮਰੀਕਾ ਗ੍ਰੇਟ ਅਗੇਨ' ਲਿਖੀਆਂ ਟੋਪੀਆਂ ਅਤੇ ਟੀ-ਸ਼ਰਟਾਂ ਪਾ ਕੇ ਤਾੜੀਆਂ ਵਜਾਈਆਂ ਪਰ ਟਰੰਪ ਲਈ ਇਹ ਉਹ ਸਮਾਂ ਸੀ, ਜਦੋਂ ਉਨ੍ਹਾਂ ਨੂੰ ਖੁੱਲ੍ਹੇਆਮ ਜਨਤਕ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਦਰਅਸਲ ਹੋਇਆ ਇਸ ਤਰ੍ਹਾਂ ਕਿ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਖ਼ਿਲਾਫ਼ ਚੱਲ ਰਹੇ 4 ਅਪਰਾਧਿਕ ਮਾਮਲਿਆਂ ਦਾ ਹਵਾਲਾ ਦਿੰਦੇ ਹੋਏ ਮਜ਼ਾਕ ਵਿਚ ਕਿਹਾ, "ਜੇ ਮੈਂ ਪਹਿਲਾਂ ਲਿਬਰਟੇਰੀਅਨ ਨਹੀਂ ਸੀ, ਤਾਂ ਹੁਣ ਤਾਂ ਮੈਂ ਯਕੀਨਨ ਲਿਬਰਟੇਰੀਅਨ ਬਣ ਗਿਆ ਹਾਂ!" ਇਸ ਦੇ ਨਾਲ ਹੀ ਜਦੋਂ ਟਰੰਪ ਨੇ ਆਜ਼ਾਦੀ ਦੇ ਸਮਰਥਕਾਂ ਦੀ ਸ਼ਲਾਘਾ ਕਰਨ ਦੀ ਕੋਸ਼ਿਸ਼ ਕੀਤੀ ਅਤੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਇਕ ਜ਼ਾਲਮ ਅਤੇ ਅਮਰੀਕਾ ਦੇ ਇਤਿਹਾਸ ਦਾ ਸਭ ਤੋਂ ਮਾੜਾ ਰਾਸ਼ਟਰਪਤੀ ਕਿਹਾ, ਤਾਂ ਦਰਸ਼ਕਾਂ ਵਿਚੋਂ ਕੁਝ ਨੇ ਉੱਚੀ-ਉੱਚੀ ਕਿਹਾ, 'ਇਹ ਤਾਂ ਤੁਸੀਂ ਹੋ।'

ਰੌਲੇ-ਰੱਪੇ ਵਾਲੇ ਮਾਹੌਲ ਦੇ ਬਾਵਜੂਦ ਡੋਨਾਲਡ ਟਰੰਪ ਨੇ ਆਪਣਾ ਭਾਸ਼ਣ ਜਾਰੀ ਰੱਖਿਆ ਅਤੇ ਕਿਹਾ ਕਿ ਉਹ ਬਾਇਡਨ ਪ੍ਰਤੀ ਸਾਧਾਰਣ ਵਿਰੋਧ 'ਚ ਦੋਸਤੀ ਦਾ ਹੱਥ ਵਧਾਉਣ ਆਏ ਹਨ। ਇਸ 'ਤੇ ਸਮਰਥਕਾਂ ਨੇ 'ਵੀ ਵਾਂਟ ਟਰੰਪ' ਦੇ ਨਾਅਰੇ ਲਾਏ। ਇਸ ਦੌਰਾਨ ਭੀੜ 'ਚ ਮੌਜੂਦ ਇਕ ਵਿਅਕਤੀ ਨੇ 'ਕੋਈ ਵੀ ਤਾਨਾਸ਼ਾਹ ਨਹੀਂ ਬਣਨਾ ਚਾਹੁੰਦਾ' ਲਿਖਿਆ ਸਾਈਨ ਬੋਰਡ ਚੁੱਕਿਆ ਹੋਇਆ ਸੀ। ਸੁਰੱਖਿਆ ਕਰਮਚਾਰੀਆਂ ਨੇ ਉਸ ਨੂੰ ਰੈਲੀ 'ਚੋਂ ਬਾਹਰ ਕੱਢ ਦਿੱਤਾ। ਇਕ ਸਰਵੇਖਣ ਅਨੁਸਾਰ ਜ਼ਿਆਦਾਤਰ ਵੋਟਰ 2024 'ਚ ਟਰੰਪ ਅਤੇ ਰਾਸ਼ਟਰਪਤੀ ਜੋਅ ਬਾਇਡਨ ਵਿਚਾਲੇ ਦੁਬਾਰਾ ਮੁਕਾਬਲਾ ਨਹੀਂ ਚਾਹੁੰਦੇ ਹਨ।

# ਓਨਟਾਰੀਓ 'ਚ ਚੋਰੀ ਦੀਆਂ 369 ਕਾਰਾਂ ਸਮੇਤ 16 ਮਸ਼ਕੂਕ ਗ੍ਰਿਫ਼ਤਾਰ

## -ਗ੍ਰਿਫ਼ਤਾਰ ਵਿਅਕਤੀਆਂ 'ਚ 7 ਪੰਜਾਬੀ ਵੀ ਸ਼ਾਮਲ

ਓਨਟਾਰੀਓ, (ਪੰਜਾਬ ਮੇਲ)- ਓਨਟਾਰੀਓ ਦੀ ਪੀਲ ਪੁਲਿਸ ਨੇ ਮਹਿੰਗੇ ਮੁੱਲ ਵਾਲੀਆਂ ਚੋਰੀ ਦੀਆਂ 369 ਕਾਰਾਂ ਬਰਾਮਦ ਕੀਤੀਆਂ ਹਨ। ਇਹ ਕਾਰਾਂ, ਜਿਨ੍ਹਾਂ ਦੀ ਕੀਮਤ ਸਵਾ ਤਿੰਨ ਕਰੋੜ ਡਾਲਰ (200 ਕਰੋੜ ਰੁਪਏ) ਦੱਸੀ ਗਈ ਹੈ, ਵਿਦੇਸ਼ ਭੇਜੀਆਂ ਜਾਣੀਆਂ ਸਨ। ਪੁਲਿਸ ਨੇ ਚੋਰੀ ਦੇ ਦੋਸ਼ ਵਿਚ ਇੱਕ ਨਾਬਾਲਗ ਸਣੇ 16 ਮਸ਼ਕੂਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚ 7 ਪੰਜਾਬੀ ਵੀ ਸ਼ਾਮਲ ਹਨ। ਇਨ੍ਹਾਂ ਪੰਜਾਬੀਆਂ ਦੀ ਪਛਾਣ ਬੀਰਪਾਲ ਸਿੰਘ (29), ਹਰਮੀਤ ਸਿੰਘ (34), ਬਲਬੀਰ ਸਿੰਘ (49), ਗੁਰਪ੍ਰੀਤ ਢਿੱਲੋਂ (41), ਜਗਮੋਹਨ ਸਿੰਘ (57) ਸਾਰੇ ਵਾਸੀ ਬਰੈਂਪਟਨ, ਅਲਬਿੰਦ੍ਰ ਨੂਰਾ (20) ਵਾਸੀ ਟਰਾਂਟੋ ਤੇ ਗੁਰਜਿੰਦਰ ਸਿੰਘ (29) ਵਾਸੀ ਬੋਲਟਨ ਸ਼ਾਮਲ ਹਨ। ਮੁਲਜ਼ਮਾਂ ਵਿਰੁੱਧ ਚੋਰੀ ਕਰਨ, ਚੋਰੀ ਦਾ ਸਮਾਨ ਸੰਭਾਲਣ, ਚੋਰੀ ਦੇ ਸਮਾਨ ਦੀ ਢੁਆਈ, ਨਾਜਾਇਜ਼ ਅਸਲਾ ਰੱਖਣ, ਅਦਾਲਤੀ ਹੁਕਮਾਂ ਦੀ ਉਲੰਘਣਾ, ਕਾਰਾਂ ਦੇ ਅਸਲ ਨੰਬਰਾਂ ਨਾਲ ਛੇੜਛਾੜ ਆਦਿ ਦੋਸ਼ਾਂ ਤਹਿਤ ਕੇਸ ਦਰਜ ਕੀਤੇ ਗਏ ਹਨ।

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਕਾਨ ਫਿਲਮ ਮੇਲਾ 'ਚ ਸੇਨਗੁਪਤਾ ਨੇ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਜਿੱਤ ਰਚਿਆ ਇਤਿਹਾਸ



ਕਾਨ (ਫਰਾਂਸ), (ਪੰਜਾਬ ਮੇਲ)- ਬੁਲਗਾਰੀਆਈ ਨਿਰਦੇਸ਼ਕ ਕਾਂਸਤਾਂਤਿਨ ਬੋਜਾਨੋਵ ਦੀ ਹਿੰਦੀ ਭਾਸ਼ਾ ਵਿਚ ਬਣੀ ਫਿਲਮ 'ਦਿ ਸ਼ੇਮਲੈਸ' ਦੀ ਮੁੱਖ ਅਦਾਕਾਰਾਂ ਵਿਚੋਂ ਇੱਕ ਅਨਸੂਯਾ ਸੇਨਗੁਪਤਾ ਨੇ 2024 ਦੇ ਕਾਨ ਵਿਚ 'ਅਨ ਸਰਟਨ ਰਿਗਾਰਡ' ਸ਼੍ਰੇਣੀ ਵਿਚ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਜਿੱਤ ਕੇ ਇਤਿਹਾਸ ਰਚ ਦਿੱਤਾ ਹੈ। ਕੋਲਕਾਤਾ ਦੀ ਸੇਨਗੁਪਤਾ ਇਸ ਸ਼੍ਰੇਣੀ ਵਿਚ ਸਰਵੋਤਮ ਅਭਿਨੇਤਰੀ ਦਾ ਪੁਰਸਕਾਰ ਜਿੱਤਣ ਵਾਲੀ ਪਹਿਲੀ ਭਾਰਤੀ ਹੈ। ਇਸ ਵੱਕਾਰੀ ਫਿਲਮ ਫੈਸਟੀਵਲ ਵਿਚ ਭਾਰਤ ਲਈ ਇਹ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਸ਼ੁੱਕਰਵਾਰ ਦੀ ਰਾਤ ਨੂੰ ਪੁਰਸਕਾਰ ਪ੍ਰਾਪਤ ਕਰਦੇ ਹੋਏ ਸੇਨਗੁਪਤਾ ਨੇ ਇਸ ਨੂੰ ਦੁਨੀਆਂ ਭਰ ਵਿਚ ਆਪਣੇ ਅਧਿਕਾਰਾਂ ਲਈ ਬਹਾਦਰੀ ਨਾਲ ਲੜਨ ਲਈ ਸਮਲਿੰਗੀ ਭਾਈਚਾਰੇ ਅਤੇ ਹੋਰ ਹਾਸ਼ੀਏ 'ਤੇ ਰਹਿ ਰਹੇ ਭਾਈਚਾਰਿਆਂ ਨੂੰ ਸਮਰਪਿਤ ਕੀਤਾ।

# ਬ੍ਰਿਟੇਨ ਪ੍ਰਧਾਨ ਮੰਤਰੀ ਸੁਨਕ ਵੱਲੋਂ 'ਲਾਜ਼ਮੀ ਮਿਲਟਰੀ ਸੇਵਾ' ਦਾ ਐਲਾਨ



ਲੰਡਨ, (ਪੰਜਾਬ ਮੇਲ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ ਹੈ ਕਿ ਜੇਕਰ ਕੰਜ਼ਰਵੇਟਿਵ ਪਾਰਟੀ 4 ਜੁਲਾਈ ਨੂੰ ਹੋਣ ਵਾਲੀਆਂ ਅਗਲੀਆਂ ਆਮ ਚੋਣਾਂ ਜਿੱਤ ਜਾਂਦੀ ਹੈ, ਤਾਂ ਉਹ ਨੌਜਵਾਨਾਂ ਲਈ ਲਾਜ਼ਮੀ ਫੌਜੀ ਸੇਵਾ ਜਾਂ ਵਿਕਲਪਿਕ ਸੇਵਾ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ। ਸੁਨਕ ਨੇ ਡੇਲੀ ਮੇਲ ਲਈ ਇੱਕ ਲੇਖ ਵਿਚ ਕਿਹਾ, "ਅਸੀਂ ਅੱਜ ਦੇ ਬ੍ਰਿਟੇਨ ਲਈ ਰਾਸ਼ਟਰੀ ਸੇਵਾ ਨੂੰ ਦੁਬਾਰਾ ਪੇਸ਼ ਕਰਾਂਗੇ। ਇਹ ਸਾਡੇ ਨੌਜਵਾਨਾਂ ਲਈ ਜੀਵਨ ਬਦਲਣ ਦੇ ਮੌਕੇ ਪ੍ਰਦਾਨ ਕਰੇਗਾ, ਉਨ੍ਹਾਂ ਨੂੰ ਅਸਲ-ਸੰਸਾਰ ਦੇ ਹੁਨਰ ਸਿੱਖਣ, ਨਵੀਆਂ ਚੀਜ਼ਾਂ ਅਜ਼ਮਾਉਣ ਅਤੇ ਆਪਣੇ ਭਾਈਚਾਰੇ ਅਤੇ ਸਾਡੇ ਦੇਸ਼ ਵਿਚ ਯੋਗਦਾਨ ਪਾਉਣ ਦਾ ਮੌਕਾ ਦੇਵੇਗਾ... ਸਾਰੇ 18 ਸਾਲ ਦੇ ਬੱਚੇ ਇਸ ਨਵੀਂ ਰਾਸ਼ਟਰੀ ਸੇਵਾ ਨੂੰ ਸ਼ੁਰੂ ਕਰਨਗੇ, ਭਾਵੇਂ ਉਨ੍ਹਾਂ ਦਾ ਪਿਛੋਕੜ ਕੁਝ ਵੀ ਹੋਵੇ ਅਤੇ ਉਹ ਯੂ.ਕੇ. ਵਿਚ ਕਿਤੇ ਵੀ ਰਹਿੰਦੇ ਹੋਣ।"

ਉਨ੍ਹਾਂ ਕਿਹਾ ਕਿ ਨੌਜਵਾਨਾਂ ਕੋਲ ਬ੍ਰਿਟਿਸ਼ ਆਰਮਡ ਫੋਰਸਿਜ਼ ਵਿਚ ਇੱਕ ਸਾਲ ਲਈ ਫੁੱਲ-ਟਾਈਮ ਮਿਲਟਰੀ ਸੇਵਾ ਅਤੇ 25 ਦਿਨਾਂ ਲਈ ਬਚਾਅ ਸੇਵਾ ਅਤੇ ਹੋਰ ਢਾਂਚਿਆਂ ਵਿਚ ਸਵੈ-ਸੇਵੀ ਦੇ ਰੂਪ 'ਚ ਵਿਕਲਪਿਕ ਸੇਵਾ ਚੁਣਨ ਦਾ ਇੱਕ ਵਿਕਲਪ ਹੋਵੇਗਾ। ਉਨ੍ਹਾਂ ਕਿਹਾ, "ਜਿਹੜੇ ਲੋਕ ਸ਼ਿਕਾਇਤ ਕਰਦੇ ਹਨ ਕਿ ਇਸ ਨੂੰ ਲਾਜ਼ਮੀ ਬਣਾਉਣਾ ਬੇਇਨਸਾਫ਼ੀ ਹੈ, ਮੈਂ ਕਹਿਣਾ ਚਾਹੁੰਦਾ ਹਾਂ ਕਿ ਨਾਗਰਿਕਤਾ ਆਪਣੇ ਨਾਲ ਅਧਿਕਾਰਾਂ ਦੇ ਨਾਲ-ਨਾਲ ਜ਼ਿੰਮੇਵਾਰੀਆਂ ਵੀ ਲੈ ਕੇ ਆਉਂਦੀ ਹੈ। ਬ੍ਰਿਟਿਸ਼ ਹੋਣਾ ਪਾਸਪੋਰਟ ਨਿਯੰਤਰਣ 'ਤੇ ਕਤਾਰ ਲਗਾਉਣ ਤੋਂ ਵੱਧ ਹੈ। ਸਪੱਸ਼ਟ ਹੈ ਕਿ ਸਾਡੇ ਕੋਲ ਨਵੀਂ ਰਾਸ਼ਟਰੀ ਸੇਵਾ ਭਰਤੀ ਨੀਤੀ ਨਹੀਂ ਹੈ। ਅਜਿਹਾ ਕਰਨ ਵਾਲੇ ਜ਼ਿਆਦਾਤਰ ਲੋਕ ਸਾਡੀਆਂ ਹਥਿਆਰਬੰਦ ਸੈਨਾਵਾਂ ਵਿਚ ਸੇਵਾ ਨਹੀਂ ਕਰਨਗੇ, ਸਿਰਫ਼ ਔਖੇ ਦਾਖ਼ਲਾ ਇਮਤਿਹਾਨ ਪਾਸ ਕਰਨ ਵਾਲਿਆਂ ਨੂੰ ਹੀ ਹਥਿਆਰਬੰਦ ਸੈਨਾਵਾਂ ਵਿਚ ਭਰਤੀ ਕੀਤਾ ਜਾਵੇਗਾ।" ਜ਼ਿਕਰਯੋਗ ਹੈ ਕਿ ਜਨਵਰੀ ਵਿਚ ਬ੍ਰਿਟੇਨ ਦੇ ਚੀਫ਼ ਆਫ਼ ਜਨਰਲ ਸਟਾਫ਼ ਜਨਰਲ ਪੈਟਰਿਕ ਸੈਂਡਰਜ਼ ਨੇ ਤਾਕੀਦ ਕੀਤੀ ਸੀ। ਬ੍ਰਿਟਿਸ਼ ਨਾਗਰਿਕਾਂ ਨੂੰ ਰੂਸ ਨਾਲ ਟਕਰਾਅ ਦੀ ਸਥਿਤੀ ਵਿਚ ਹਥਿਆਰਬੰਦ ਬਲਾਂ ਵਿਚ ਸੇਵਾ ਕਰਨ ਲਈ ਤਿਆਰ ਰਹਿਣ ਦੀ ਅਪੀਲ ਕੀਤੀ ਗਈ ਹੈ। ਉਸੇ ਸਮੇਂ ਬ੍ਰਿਟਿਸ਼ ਸਰਕਾਰ ਨੇ ਵਾਅਦਾ ਕੀਤਾ ਕਿ ਉਹ ਭਰਤੀ ਨਹੀਂ ਕਰੇਗੀ।

# ਬ੍ਰਿਟੇਨ 'ਚ ਜਲਦੀ ਚੋਣਾਂ ਕਰਾਉਣ ਦੇ ਐਲਾਨ ਨਾਲ ਮੁਸੀਬਤ 'ਚ ਸੁਨਕ ਦੀ ਪਾਰਟੀ

ਲੰਡਨ, (ਪੰਜਾਬ ਮੇਲ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੁਆਰਾ ਇਸ ਸਾਲ ਛੇਤੀ ਚੋਣਾਂ ਕਰਵਾਉਣ ਦੇ ਫ਼ੈਸਲੇ 'ਤੇ ਆਬਜ਼ਰਵਰਾਂ ਨੇ ਸਵਾਲ ਖੜ੍ਹੇ ਕੀਤੇ ਹਨ। ਸੁਨਕ ਦੀ ਕੰਜ਼ਰਵੇਟਿਵ ਪਾਰਟੀ ਜਨਤਕ ਰਾਏ ਪੋਲਾਂ ਵਿਚ ਵਿਰੋਧੀ ਲੇਬਰ ਪਾਰਟੀ ਤੋਂ ਪਛੜ ਰਹੀ ਹੈ। ਬੀਤੇ ਦਿਨੀਂ 10 ਡਾਊਨਿੰਗ ਸਟ੍ਰੀਟ ਸਥਿਤ ਪ੍ਰਧਾਨ ਮੰਤਰੀ ਦਫਤਰ ਦੇ ਬਾਹਰ ਲੋਕਾਂ ਨੂੰ ਸੰਬੋਧਿਤ ਕਰਦੇ ਹੋਏ ਸੁਨਕ ਨੇ ਕਿਹਾ ਕਿ ਆਮ ਚੋਣਾਂ 4 ਜੁਲਾਈ ਨੂੰ ਹੋਣਗੀਆਂ। ਉਨ੍ਹਾਂ ਨੇ ਅਚਾਨਕ ਮੀਂਹ ਵਿਚਕਾਰ ਸਿਰਫ਼ ਸੱਤ ਮਿੰਟ ਲਈ ਭਾਸ਼ਣ ਦਿੱਤਾ। ਨੇੜੇ ਹੀ ਉਸ ਦਾ ਵਿਰੋਧ ਕਰ ਰਹੇ ਲੋਕ ਲੇਬਰ ਪਾਰਟੀ ਦੀ 1997 ਦੀ ਚੋਣ ਮੁਹਿੰਮ ਦਾ ਗੀਤ - ਥਿੰਗਸ ਕੈਨ ਓਨਲੀ ਗੈੱਟ ਬੈਟਰ ਗਾ ਰਹੇ ਸਨ। ਓਪੀਨੀਅਨ ਪੋਲ ਵਿਚ ਕੰਜ਼ਰਵੇਟਿਵ ਪਾਰਟੀ ਲੇਬਰ ਪਾਰਟੀ ਤੋਂ ਵੀਹ ਅੰਕ ਪਿੱਛੇ ਹੈ। ਬ੍ਰਿਟਿਸ਼ ਕਾਨੂੰਨ ਤਹਿਤ ਸੁਨਕ ਜਨਵਰੀ 2025 ਤੱਕ ਆਮ ਚੋਣਾਂ ਕਰਵਾ ਸਕਦਾ ਸੀ। ਉਸ ਦੀ 18 ਮਹੀਨੇ ਪੁਰਾਣੀ ਸਰਕਾਰ ਕੋਲ ਕਹਿਣ ਲਈ ਜ਼ਿਆਦਾ ਕੁਝ ਵੀ ਨਹੀਂ ਹੈ। ਸ਼ਾਇਦ ਸਰਕਾਰ ਦਾ ਮੰਨਣਾ ਹੈ ਕਿ ਆਰਥਿਕਤਾ ਅਤੇ ਮਹਿੰਗਾਈ ਦੀ ਸਥਿਤੀ ਵਿਚ ਸੁਧਾਰ ਹੋਇਆ ਹੈ। ਪਿਛਲੇ ਹਫ਼ਤੇ ਮਹਿੰਗਾਈ ਤਿੰਨ ਸਾਲਾਂ ਵਿਚ ਸਭ ਤੋਂ ਘੱਟ ਸੀ। ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਲਈ ਚੋਣ ਮੁਕਾਬਲਾ ਉਸ ਦੇ 14 ਸਾਲਾਂ ਦੇ ਸੱਤਾ 'ਤੇ ਜਨਮਤ ਸੰਗ੍ਰਹਿ ਹੋਵੇਗਾ। ਪਾਰਟੀ ਅੰਦਰ ਨਿਰਾਸ਼ਾ ਦਾ ਮਾਹੌਲ ਹੈ। ਪਾਰਟੀ ਦੇ 65 ਮੌਜੂਦਾ ਸੰਸਦ ਮੈਂਬਰਾਂ ਨੇ ਚੋਣ ਨਾ ਲੜਨ ਦਾ ਐਲਾਨ ਕੀਤਾ ਹੈ।

# ਬ੍ਰਿਟੇਨ ਚੋਣਾਂ 'ਚ ਪਹਿਲੀ ਵਾਰ 4.7 ਕਰੋੜ ਲੋਕ ਫੋਟੋ ਆਈ.ਡੀ. ਨਾਲ ਪਾਉਣਗੇ ਵੋਟ

■ ਛੇ ਮਹੀਨਿਆਂ ਤੋਂ ਰਹਿ ਰਹੇ ਸਾਰੇ ਭਾਰਤੀ ਪਾ ਸਕਣਗੇ ਵੋਟ

ਲੰਡਨ, (ਪੰਜਾਬ ਮੇਲ)- ਬ੍ਰਿਟੇਨ ਵਿਚ ਜਲਦ ਹੀ ਚੋਣਾਂ ਹੋਣ ਜਾ ਰਹੀਆਂ ਹਨ। ਇਸ ਵਾਰ ਬ੍ਰਿਟੇਨ ਵਿਚ ਪਹਿਲੀ ਵਾਰ 4 ਕਰੋੜ 70 ਲੱਖ ਵੋਟਰ ਫੋਟੋ ਆਈ.ਡੀ. ਨਾਲ ਵੋਟ ਪਾਉਣਗੇ। 4 ਜੁਲਾਈ ਨੂੰ ਹੋਣ ਵਾਲੀਆਂ ਚੋਣਾਂ ਲਈ ਵੋਟਰਾਂ ਨੂੰ ਕਿਹਾ ਗਿਆ ਹੈ ਕਿ ਉਹ 22 ਫੋਟੋ ਆਈ.ਡੀ. ਵਿਚੋਂ ਕਿਸੇ ਦੀ ਵੀ ਵਰਤੋਂ ਕਰ ਸਕਦੇ ਹਨ। ਬ੍ਰਿਟੇਨ ਕੋਲ ਭਾਰਤ ਵਾਂਗ ਹੁਣ ਤੱਕ ਵੱਖਰਾ ਫੋਟੋ ਵੋਟਰ ਆਈ.ਡੀ. ਕਾਰਡ ਨਹੀਂ ਹੈ।

ਸੁਨਕ ਸਰਕਾਰ ਨੇ ਇਸ ਸਾਲ ਦੇ ਸ਼ੁਰੂ ਵਿਚ ਨਵੇਂ ਚੋਣ ਕਾਨੂੰਨ ਪਾਸ ਕੀਤੇ ਸਨ। ਅਗਲੇ ਸਾਲ ਜਨਵਰੀ ਵਿਚ ਪ੍ਰਸਤਾਵਿਤ ਚੋਣਾਂ ਲਈ ਵੋਟਰ ਆਈ.ਡੀ. ਬਣਾਈ ਜਾਣੀ ਸੀ ਪਰ ਪ੍ਰਧਾਨ ਮੰਤਰੀ ਸੁਨਕ ਨੇ ਸਮੇਂ ਤੋਂ ਪਹਿਲਾਂ 22 ਮਈ ਨੂੰ ਚੋਣਾਂ ਹੋਣ ਦਾ ਐਲਾਨ ਕਰ ਦਿੱਤਾ। ਅਜਿਹੇ 'ਚ ਹੁਣ ਸਾਰੇ ਵੋਟਰਾਂ ਲਈ ਵੋਟਰ ਪਛਾਣ ਪੱਤਰ (ਆਈ.ਡੀ.) ਬਣਾਉਣਾ ਸੰਭਵ ਨਹੀਂ ਹੈ। ਇਸ ਸਥਿਤੀ ਵਿਚ ਵੋਟਰਾਂ ਨੂੰ ਕਿਹਾ ਗਿਆ ਹੈ ਕਿ ਉਹ ਪਾਸਪੋਰਟ, ਡਰਾਈਵਿੰਗ ਲਾਇਸੈਂਸ, ਦਫ਼ਤਰੀ ਆਈ.ਡੀ. ਵਰਗੀ ਕੋਈ ਹੋਰ ਫੋਟੋ ਆਈ.ਡੀ. ਦਿਖਾ ਕੇ ਆਪਣੀ ਵੋਟ ਪਾ ਸਕਣਗੇ।

ਪਿਛਲੇ ਛੇ ਮਹੀਨਿਆਂ ਤੋਂ ਬ੍ਰਿਟੇਨ ਵਿਚ ਰਹਿ ਰਹੇ ਸਾਰੇ ਭਾਰਤੀ ਵੋਟ ਪਾ ਸਕਣਗੇ। ਇਸ ਵਿਚ ਵਿਦਿਆਰਥੀ ਅਤੇ ਵਰਕ ਵੀਜ਼ਾ 'ਤੇ ਗਏ ਲੋਕ ਵੀ ਸ਼ਾਮਲ ਹਨ। ਅਜਿਹਾ ਇਸ ਲਈ ਹੈ ਕਿਉਂਕਿ ਭਾਰਤ ਬ੍ਰਿਟਿਸ਼ ਕਾਮਨਵੈਲਥ ਦਾ ਮੈਂਬਰ ਦੇਸ਼ ਰਿਹਾ ਹੈ।

# ਨਿਊਯਾਰਕ ਦਾ ਗੁਜਰਾਤੀ ਭਾਰਤੀ ਰਾਕੇਸ਼ ਪਟੇਲ ਗੰਭੀਰ ਅਪਰਾਧ ਦੇ ਦੋਸ਼ 'ਚ ਗ੍ਰਿਫ਼ਤਾਰ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਅਮਰੀਕਾ 'ਚ ਪਿਛਲੇ ਛੇ ਮਹੀਨਿਆਂ ਤੋਂ ਧੋਖਾਧੜੀ ਦੇ ਮਾਮਲਿਆਂ 'ਚ ਇਕ ਤੋਂ ਬਾਅਦ ਇਕ ਗੁਜਰਾਤੀ ਗ੍ਰਿਫ਼ਤਾਰ ਹੋ ਰਹੇ ਹਨ। ਅਜਿਹੇ ਇਕ ਹੋਰ ਮਾਮਲੇ 'ਚ ਨਿਊਯਾਰਕ ਤੋਂ ਰਾਕੇਸ਼ ਪਟੇਲ ਨਾਮੀਂ ਵਿਅਕਤੀ ਨੂੰ ਡੇਲਾਵੇਅਰ ਸਟੇਟ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਅਨੁਸਾਰ ਫਲਸ਼ਿੰਗ, ਨਿਊਯਾਰਕ ਦੇ ਨਿਵਾਸੀ ਰਾਕੇਸ਼ ਪਟੇਲ ਦੀ ਉਮਰ 35 ਸਾਲ ਹੈ ਅਤੇ ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਹ ਸਸੇਕਸ ਜੇਲ੍ਹ ਵਿਚ ਨਜ਼ਰਬੰਦ ਹੈ। ਅਦਾਲਤ ਨੇ 1,03,000 ਡਾਲਰ ਦੇ ਨਕਦ ਬਾਂਡ ਤਹਿ ਕੀਤਾ ਹੈ।

ਦੱਸਣਯੋਗ ਹੈ ਕਿ ਰਾਕੇਸ਼ ਪਟੇਲ ਨੂੰ 20 ਮਈ, 2024 ਨੂੰ ਮਿਲਸਬੋਰੋ ਦੇ ਨੇੜੇ ਪੁਲਿਸ ਦੁਆਰਾ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ 100,000 (ਇਕ ਲੱਖ) ਡਾਲਰ ਤੋਂ ਵੱਧ ਦੀ ਲੁੱਟ ਅਤੇ ਅਪਰਾਧ ਕਰਦੇ ਸਮੇਂ ਆਪਣੀ ਪਛਾਣ ਛੁਪਾਉਣ ਦੇ ਦੋ ਸੰਗੀਨ ਦੋਸ਼ ਲਗਾਏ ਗਏ ਸਨ। 100,000 ਡਾਲਰ ਤੋਂ ਵੱਧ ਦੀ ਚੋਰੀ ਦਾ ਦੋਸ਼ ਵੀ ਲਗਾਇਆ ਗਿਆ ਸੀ, ਜੋ ਕਲਾਸ ਬੀ ਦਾ ਅਪਰਾਧ ਮੰਨਿਆ ਜਾਦਾ ਹੈ। ਇਸ ਵਿਚ ਦੋਸ਼ੀ ਦੇ ਦੋਸ਼ ਸਾਬਤ ਹੋਣ 'ਤੇ ਉਸ ਨੂੰ ਦੋ ਸਾਲ ਤੋਂ



ਲੈ ਕੇ 25 ਸਾਲ ਤੱਕ ਦੀ ਸਜ਼ਾ ਵੀ ਹੋ ਸਕਦੀ ਹੈ। ਜਿਹੜੇ ਮਾਮਲੇ ਵਿਚ ਰਾਕੇਸ਼ ਪਟੇਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਸ ਵਿਚ ਸ਼ਿਕਾਇਤਕਰਤਾ, ਜੋ ਮਿਲਸਬੋਰੋ, ਡੇਲਾਵੇਅਰ ਰਾਜ ਦੀ ਇੱਕ ਔਰਤ ਹੈ, ਜਿਸ ਨਾਲ ਉਸ ਨੇ ਅਕਤੂਬਰ 2023 ਤੋਂ ਧੋਖਾਧੜੀ ਕੀਤੀ ਜਾ ਰਹੀ ਸੀ।

ਔਰਤ ਨੇ ਫਰਵਰੀ 2024 ਵਿਚ ਧੋਖਾਧੜੀ ਦੀ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਤੋਂ ਬਾਅਦ ਡੇਲਾਵੇਅਰ ਰਾਜ ਦੀ ਪੁਲਿਸ ਨੇ ਐੱਫ.ਬੀ.ਆਈ. ਨਾਲ ਮਿਲ ਕੇ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕੀਤੀ ਸੀ। ਜਾਂਚ ਦੌਰਾਨ ਪੁਲਿਸ ਨੇ ਪਾਇਆ ਕਿ ਇੱਕ ਵਿਅਕਤੀ ਨੇ ਆਪਣੀ ਪਛਾਣ ਸੰਘੀ ਏਜੰਟ ਵਜੋਂ ਦਿੱਤੀ ਅਤੇ ਔਰਤ ਨੂੰ ਇਹ ਕਹਿ ਕੇ ਧਮਕਾਇਆ ਕਿ ਉਸ ਦੇ ਬੈਂਕ ਦੇ ਖਾਤੇ ਵਿਚ ਉਸ ਦੇ ਪੈਸੇ ਸੁਰੱਖਿਅਤ ਨਹੀਂ ਹਨ। ਔਰਤ ਨੂੰ ਉਸ ਕੋਲ ਪਏ ਸਾਰੇ ਪੈਸੇ ਸੋਨੇ ਵਿਚ ਬਦਲਣ ਲਈ ਵੀ ਕਿਹਾ। ਪੁਲਿਸ ਅਨੁਸਾਰ, ਫੋਨ 'ਤੇ ਵਿਅਕਤੀ ਨੇ ਔਰਤ ਨੂੰ ਇਹ ਵੀ ਕਿਹਾ ਕਿ ਉਹ ਉਸ ਤੋਂ ਸੋਨਾ ਇਕੱਠਾ ਕਰੇਗਾ ਅਤੇ ਸੋਨਾ ਅਮਰੀਕਾ ਦੇ ਖਜ਼ਾਨੇ ਨੂੰ ਭੇਜ ਦੇਵੇਗਾ, ਜਿੱਥੇ ਇਹ ਸੁਰੱਖਿਅਤ ਰਹੇਗਾ ਅਤੇ ਸਮੇਂ ਸਿਰ ਉਸ ਨੂੰ ਵਾਪਸ ਕਰ ਦਿੱਤਾ ਜਾਵੇਗਾ।

ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਦੇ ਸਮੇਂ ਪੁਲਿਸ ਨੂੰ ਗੁਜਰਾਤੀ ਭਾਰਤੀ ਰਾਕੇਸ਼ ਪਟੇਲ ਦੀ ਸ਼ਮੂਲੀਅਤ ਦੇ ਸਬੂਤ ਮਿਲੇ ਸਨ। ਲੰਮੀ ਜਾਂਚ ਤੋਂ ਬਾਅਦ ਡੇਲਾਵੇਅਰ ਦੀ ਪੁਲਿਸ ਨੇ ਆਖਰਕਾਰ ਰਾਕੇਸ਼ ਪਟੇਲ ਨੂੰ 20 ਮਈ ਨੂੰ ਮਿਲਸਬਰੋ ਵਿਚ ਗ੍ਰਿਫ਼ਤਾਰ ਕੀਤਾ ਅਤੇ ਉਥੋਂ ਟਰੂਪ 4 ਵਿਚ ਲਿਆਂਦਾ ਗਿਆ ਹੈ। ਜਿੱਥੇ ਫਿਲਹਾਲ ਇਸ ਗੱਲ ਦੀ ਜਾਂਚ ਚੱਲ ਰਹੀ ਹੈ ਕਿ ਰਾਕੇਸ਼ ਪਟੇਲ ਨਾਲ ਇਸ ਸਕੈਂਡਲ 'ਚ ਹੋਰ ਕੌਣ-ਕੌਣ ਸ਼ਾਮਲ ਸਨ।

ਜ਼ਿਕਰਯੋਗ ਹੈ ਕਿ ਅਮਰੀਕਾ ਵਿਚ ਬਜ਼ੁਰਗ ਨਾਗਰਿਕਾਂ ਨੂੰ ਡਰਾ-ਧਮਕਾ ਕੇ ਜਾਂ ਕੋਈ ਹੋਰ ਲਾਲਚ ਦੇ ਕੇ ਜਾਂ ਉਨ੍ਹਾਂ ਦੇ ਪੈਸੇ ਨੂੰ ਸੋਨੇ ਵਿਚ ਬਦਲਣ ਲਈ ਕਹਿ ਕੇ ਉਨ੍ਹਾਂ ਤੋਂ ਸੋਨਾ ਲੁੱਟਣ ਦਾ ਧੰਦਾ ਵੱਡੇ ਪੱਧਰ 'ਤੇ ਚੱਲ ਰਿਹਾ ਹੈ। ਸੂਤਰਾਂ ਦੀ ਮੰਨੀਏ ਤਾਂ ਇਸ ਘੁਟਾਲੇ ਦੀਆਂ ਤਾਰਾਂ ਭਾਰਤ ਦੇ ਨਾਲ ਜੁੜੀਆਂ ਹੋਈਆਂ ਹਨ, ਜਿਸ ਵਿਚ ਭਾਰਤ ਵਿਚ ਚੱਲ ਰਹੇ ਫਰਜ਼ੀ ਕਾਲ ਸੈਂਟਰਾਂ ਰਾਹੀਂ ਨਿਸ਼ਾਨਾ ਲੱਭ ਕੇ ਉਸ ਤੋਂ ਪੈਸੇ ਜਾਂ ਸੋਨਾ ਵਸੂਲਣ ਲਈ ਅਮਰੀਕਾ ਵਿਚ ਰਹਿੰਦੇ ਭਾਰਤੀਆਂ ਅਤੇ ਖ਼ਾਸ ਕਰਕੇ ਗੁਜਰਾਤੀਆਂ ਨੂੰ ਭੇਜਿਆ ਜਾਂਦਾ ਹੈ।

ਇਸ ਤਰ੍ਹਾਂ ਹੀ ਇਸ ਮਈ 2024 ਵਿਚ ਹੀ ਅਜਿਹੇ ਇੱਕ ਧੋਖਾਧੜੀ ਦੇ ਮਾਮਲੇ ਵਿਚ ਪੰਜ ਗੁਜਰਾਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਫਲੋਰੀਡਾ ਸੂਬੇ 'ਚ ਇਸੇ ਤਰ੍ਹਾਂ ਦੇ ਇਕ ਮਾਮਲੇ 'ਚ ਪੀੜਤਾ ਤੋਂ ਸੋਨਾ ਲੈਣ ਆਈ ਗੁਜਰਾਤੀ ਔਰਤ ਸ਼ਵੇਤਾ ਪਟੇਲ ਨੂੰ ਪੁਲਿਸ ਨੇ ਫੜਿਆ ਸੀ, ਫਿਰ ਵਿਸਕਾਨਸਿਨ ਸੂਬੇ 'ਚ ਇਕ ਮਾਮਲੇ 'ਚ ਲਿਗਨੇਸ਼ ਪਟੇਲ ਨਾਂ ਦੇ ਇਕ ਹੋਰ ਗੁਜਰਾਤੀ ਨੂੰ ਗ੍ਰਿਫ਼ਤਾਰ ਕੀਤਾ, ਜਦਕਿ ਇਕ ਹੋਰ ਧਰੁਵ ਪਟੇਲ ਨਾਂ ਦੇ ਗੁਜਰਾਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਨਿਊਯਾਰਕ ਵਿਚ ਇੱਕ ਧੋਖਾਧੜੀ ਦੇ ਮਾਮਲੇ ਵਿਚ ਕੈਨੇਡਾ ਤੋਂ ਅਮਰੀਕਾ ਆਏ ਇਕ ਪਾਰਥ ਪਟੇਲ ਨਾਂ ਦੇ ਗੁਜਰਾਤੀ ਨੌਜਵਾਨ ਨੂੰ ਜਾਰਜੀਆ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

# ਭਾਰਤੀ ਅਮਰੀਕੀ ਜੱਜ ਬਲਸਾਰਾ ਡਿਸਟ੍ਰਿਕਟ ਜੱਜ ਬਣੇ; ਸੈਨੇਟ ਵੱਲੋਂ ਪੁਸ਼ਟੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਯੂ.ਐੱਸ. ਸੈਨੇਟ ਨੇ ਭਾਰਤੀ ਅਮਰੀਕੀ ਜੱਜ ਸੰਕੇਟ ਬਲਸਾਰਾ ਦੀ ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਲਈ ਡਿਸਟ੍ਰਿਕਟ ਜੱਜ ਵਜੋਂ 51-42 ਵੋਟਾਂ ਦੇ ਅੰਤਰ ਨਾਲ ਪੁਸ਼ਟੀ ਕਰ ਦਿੱਤੀ ਹੈ। ਇਸ ਪੂਰਬੀ ਜ਼ਿਲ੍ਹੇ ਵਿਚ ਬਰੁਕਲਿਨ, ਕੁਈਨਜ਼ ਤੇ ਲੌਂਗ ਆਈਲੈਂਡ ਆਉਂਦੇ ਹਨ, ਜਿਨ੍ਹਾਂ ਦੀ ਆਬਾਦੀ 70 ਲੱਖ ਹੈ। ਸੈਨੇਟ ਦੇ ਬਹੁਗਿਣਤੀ ਆਗੂ ਚਕ ਸ਼ੂਮਰ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਮੈ ਇਸ ਅਦਭੁੱਤ ਨਿਊਯਾਰਕ ਵਾਸੀ ਸੰਕੇਟ



**ਸੰਕੇਟ ਬਲਸਾਰਾ।**

ਬਲਸਾਰਾ ਦੇ ਨਾਂ ਦੀ ਡਿਸਟ੍ਰਿਕਟ ਜੱਜ ਵਜੋਂ ਪੁਸ਼ਟੀ ਕਰਦਾ ਹਾਂ। ਉਨ੍ਹਾਂ ਕਿਹਾ ਕਿ ਸੰਕੇਟ ਬਲਸਾਰਾ 2017 ਵਿਚ ਸੈਕਿੰਡ ਸਰਕਟ ਵਿਖੇ ਪਹਿਲੇ ਭਾਰਤੀ ਅਮਰੀਕੀ ਮੈਜਿਸਟ੍ਰੇਟ ਜੱਜ ਬਣੇ ਸਨ। ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਨਾਮਜ਼ਦ ਉਹ 195ਵੇਂ ਜੱਜ ਹਨ, ਜਿਨਾਂ ਦੇ ਨਾਂ ਦੀ ਅਸੀਂ ਪੁਸ਼ਟੀ ਕਰਦੇ ਹਾਂ। ਬਲਸਾਰਾ ਦੇ ਮਾਪੇ 50 ਸਾਲ ਪਹਿਲਾਂ ਅਮਰੀਕਾ ਆਏ ਸਨ। ਉਨ੍ਹਾਂ ਦੇ ਪਿਤਾ ਨੇ ਨਿਊਯਾਰਕ ਵਿਚ ਇੰਜੀਨੀਅਰ ਵਜੋਂ ਕੰਮ ਕੀਤਾ ਹੈ, ਜਦਕਿ ਉਨ੍ਹਾਂ ਦੀ ਮਾਂ ਇਕ ਸਮਰਪਿਤ ਨਰਸ ਸਨ।

## ਅਮਰੀਕਾ 'ਚ ਭਾਰਤੀ ਮੂਲ ਦੇ 3 ਵਿਦਿਆਰਥੀਆਂ ਦੀ ਸੜਕ ਹਾਦਸੇ 'ਚ ਮੌਤ

**ਚੰਡੀਗੜ੍ਹ, (ਪੰਜਾਬ ਮੇਲ)**-ਅਮਰੀਕਾ 'ਚ 14 ਮਈ ਨੂੰ ਕਾਰ ਹਾਦਸੇ ਵਿਚ



ਭਾਰਤੀ ਮੂਲ ਦੇ ਤਿੰਨ ਵਿਦਿਆਰਥੀਆਂ ਦੀ ਮੌਤ ਹੋ ਗਈ ਅਤੇ ਦੋ ਜ਼ਖ਼ਮੀ ਹੋ ਗਏ। 18 ਸਾਲ ਦੇ ਕਰੀਬ ਇਹ ਸਾਰੇ ਪੰਜ ਵਿਦਿਆਰਥੀ ਅਲਫਾਰੇਟਾ ਹਾਈ ਸਕੂਲ ਅਤੇ ਜਾਰਜੀਆ ਯੂਨੀਵਰਸਿਟੀ ਵਿਚ ਪੜ੍ਹਦੇ ਸਨ। ਪੁਲਿਸ ਦਾ ਕਹਿਣਾ ਹੈ ਕਿ ਚਾਲਕ ਵੱਲੋਂ ਕਥਿਤ ਤੌਰ 'ਤੇ ਵਾਹਨ 'ਤੇ ਕਾਬੂ ਨਾ ਪਾਉਣ ਕਾਰਨ ਤੇਜ਼ ਰਫ਼ਤਾਰ ਵਾਹਨ ਪਲਟ ਗਿਆ। ਦੋ ਵਿਦਿਆਰਥੀਆਂ ਆਰੀਅਨ ਜੋਸ਼ੀ ਅਤੇ ਸ਼੍ਰੀਆ ਅਵਸਰਾਲਾ ਦੀ ਮੌਕੇ 'ਤੇ ਮੌਤ ਹੋ ਗਈ, ਜਦਕਿ ਅਨਵੀ ਸ਼ਰਮਾ ਦੀ ਹਸਪਤਾਲ 'ਚ ਇਲਾਜ ਦੌਰਾਨ ਦਮ ਤੋੜਿਆ।

# ਕੈਨੇਡੀਅਨ ਪੁਲਿਸ ਵੱਲੋਂ ਰਿਪੁਦਮਨ ਮਲਿਕ ਦੇ ਬੇਟੇ ਨੂੰ ਸੰਭਾਵਿਤ ਜਾਨ ਦੇ ਖਤਰੇ ਸਬੰਧੀ ਚਿਤਾਵਨੀ ਜਾਰੀ

**ਓਟਵਾ, (ਪੰਜਾਬ ਮੇਲ)**- ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਨੇ ਰਿਪੁਦਮਨ ਸਿੰਘ ਮਲਿਕ ਦੇ ਬੇਟੇ ਹਰਦੀਪ ਸਿੰਘ ਮਲਿਕ ਨੂੰ ਸੰਭਾਵਿਤ ਜਾਨ ਦੇ ਖਤਰੇ ਸਬੰਧੀ ਚਿਤਾਵਨੀ ਜਾਰੀ ਕੀਤੀ ਹੈ। ਰਿਪੁਦਮਨ ਸਿੰਘ ਮਲਿਕ ਨੂੰ 1985 ਦੇ ਏਅਰ ਇੰਡੀਆ ਬੰਬ ਧਮਾਕਿਆਂ ਦੇ ਦੋਸ਼ ਤੋਂ ਬਰੀ ਕਰ ਦਿੱਤਾ ਗਿਆ ਸੀ। ਹਰਦੀਪ ਮਲਿਕ ਸਰੀ ਸਥਿਤ ਕਾਰੋਬਾਰੀ ਹੈ, ਜਿਸ ਨੂੰ ਇਕ ਅਧਿਕਾਰਤ ਚਿੱਠੀ ਮਿਲੀ ਹੈ, ਜਿਸ ਵਿਚ ਉਨ੍ਹਾਂ ਦੀ ਜਾਨ ਨੂੰ ਖਤਰੇ ਸਬੰਧੀ ਚਿਤਾਵਨੀ ਜਾਰੀ ਕੀਤੀ ਗਈ ਹੈ। ਸੀ.ਬੀ.ਸੀ. ਨਿਊਜ਼ ਦੀ ਰਿਪੋਰਟ ਅਨੁਸਾਰ ਇਹ ਚਿਤਾਵਨੀ ਉਦੋਂ ਦਿੱਤੀ ਗਈ, ਜਦੋਂ ਜਾਂਚਕਰਤਾ ਰਿਪੁਦਮਨ ਸਿੰਘ ਮਲਿਕ ਦੀ 2022 'ਚ ਕੀਤੀ ਗਈ ਹੱਤਿਆ ਨਾਲ ਭਾਰਤ ਦੇ ਸੰਭਾਵੀ ਸੰਬੰਧਾਂ ਦੀ ਜਾਂਚ ਕਰ ਰਹੇ ਸਨ। ਆਰ.ਸੀ.ਐੱਮ.ਪੀ. ਵੱਲੋਂ ਪਿਛਲੇ ਹਫ਼ਤੇ ਹਰਦੀਪ ਮਲਿਕ ਨੂੰ ਜਦੋਂ ਇਕ ਚਿੱਠੀ ਭੇਜੀ ਗਈ, ਉਸ ਸਮੇਂ ਹਰਦੀਪ, ਆਪਣੀ ਮਾਂ ਤੇ ਹੋਰ ਪਰਿਵਾਰਕ ਮੈਂਬਰਾਂ ਸਮੇਤ ਫਰਾਂਸ ਦੀ ਯਾਤਰਾ 'ਤੇ ਸੀ। ਕੈਨੇਡੀਅਨ ਪੁਲਿਸ



(ਆਰ.ਸੀ.ਐੱਮ.ਪੀ.) ਵੱਲੋਂ ਹਰਦੀਪ ਨੂੰ ਭੇਜੀ ਗਈ ਇਕ ਚਿੱਠੀ 'ਚ ਕਿਹਾ ਗਿਆ ਹੈ ਕਿ ਅਪਰਾਧਿਕ ਸਾਜ਼ਿਸ਼ ਕਾਰਨ ਉਸ ਦੀ ਜਾਨ ਨੂੰ ਖ਼ਤਰਾ ਹੈ।

ਜ਼ਿਕਰਯੋਗ ਹੈ ਕਿ ਰਿਪੁਦਮਨ ਸਿੰਘ ਮਲਿਕ ਨੂੰ 1985 'ਚ ਏਅਰ ਇੰਡੀਆ 'ਚ ਹੋਏ ਬੰਬ ਧਮਾਕਿਆਂ ਦੇ ਸੰਬੰਧ 'ਚ ਦੋਸ਼ੀ ਕਰਾਰ ਦਿੱਤਾ ਗਿਆ, ਜਿਸ ਵਿਚ 331 ਲੋਕ ਮਾਰੇ ਗਏ ਸਨ। 2005 ਵਿਚ ਰਿਪੁਦਮਨ ਸਿੰਘ ਮਲਿਕ ਨੂੰ ਸਮੂਹਿਕ ਕਤਲ ਅਤੇ 1985 'ਚ ਹੋਏ ਬੰਬ ਧਮਾਕਿਆਂ ਦੀ ਸਾਜ਼ਿਸ਼ ਰਚਣ ਦੇ ਦੋਸ਼ ਤੋਂ ਬਰੀ ਕਰ ਦਿੱਤਾ ਸੀ। ਰਿਪੁਦਮਨ ਸਿੰਘ ਮਲਿਕ ਦਾ 14 ਜੁਲਾਈ 2022 ਨੂੰ ਸਰੀ ਵਿਚ ਉਨ੍ਹਾਂ ਦੇ ਦਫ਼ਤਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਸਬੰਧ 'ਚ ਦੋ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ।

## ਜਲੰਧਰ 'ਚ ਦਰਜ ਕੇਸ 'ਚੋਂ ਜਗਤਾਰ ਸਿੰਘ ਤਾਰਾ ਬਰੀ

**ਜਲੰਧਰ, (ਪੰਜਾਬ ਮੇਲ)**- ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਮਾਮਲੇ 'ਚ ਨਾਮਜ਼ਦ ਜਗਤਾਰ ਸਿੰਘ



ਤਾਰਾ ਨੂੰ ਵੀਡੀਓ ਕਾਨਫ਼ਰੰਸਿੰਗ ਰਾਹੀਂ ਜਲੰਧਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਤਾਰਾ ਖ਼ਿਲਾਫ਼ ਜਲੰਧਰ ਦਿਹਾਤੀ ਦੇ ਗੁਰਾਇਆ ਥਾਣੇ ਵਿਚ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਐਕਟ (ਯੂ.ਏ.ਪੀ.ਏ.) ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਨੇ ਇਸ ਮਾਮਲੇ ਵਿਚ ਤਾਰਾ ਨੂੰ ਬਰੀ ਕਰ ਦਿੱਤਾ ਹੈ। ਪਹਿਲਾਂ ਚਰਚਾ ਸੀ ਕਿ ਤਾਰਾ ਨੂੰ ਅਦਾਲਤ 'ਚ ਪੇਸ਼ ਕੀਤਾ ਜਾਵੇਗਾ ਪਰ ਫਿਰ ਤਾਰਾ ਦੀ ਪੇਸ਼ੀ ਵੀਡੀਓ ਕਾਨਫ਼ਰੰਸਿੰਗ ਰਾਹੀਂ ਹੋਈ। ਜਗਤਾਰ ਸਿੰਘ ਤਾਰਾ ਦੇ ਵਕੀਲ ਕੇ.ਐੱਸ. ਹੁੰਦਲ ਨੇ ਦੱਸਿਆ ਕਿ ਸਾਲ 2012 ਵਿਚ ਗੁਰਾਇਆ ਥਾਣੇ ਵਿਚ ਤਾਰਾ ਖ਼ਿਲਾਫ਼ ਕੇਸ ਦਰਜ ਹੋਇਆ ਸੀ। 20 ਨੂੰ ਅਦਾਲਤ ਵਿਚ ਬਹਿਸ ਹੋਈ, ਜਿਸ ਮਗਰੋਂ ਅਦਾਲਤ ਨੇ ਸੁਣਵਾਈ ਤੈਅ ਕੀਤੀ ਸੀ।

# ਕੈਨੇਡਾ 'ਚ 16 ਖਿਡਾਰੀਆਂ ਨੂੰ ਦਰੜਨ ਵਾਲੇ ਪੰਜਾਬੀ ਟਰੱਕ ਡਰਾਈਵਰ ਜਸਕੀਰਤ ਸਿੱਧੂ ਨੂੰ ਦੇਸ਼ ਨਿਕਾਲੇ ਦੇ ਹੁਕਮ

**ਕੈਲਗਰੀ, (ਪੰਜਾਬ ਮੇਲ)**-ਕੈਨੇਡਾ 'ਚ ਹਮਬੋਲਟ ਬ੍ਰੋਂਕੋਸ ਹਾਦਸੇ ਦੇ ਦੋਸ਼ੀ ਭਾਰਤੀ ਮੂਲ ਦੇ ਟਰੱਕ ਡਰਾਈਵਰ ਜਸਕੀਰਤ ਸਿੰਘ ਸਿੱਧੂ ਨੂੰ ਭਾਰਤ ਵਾਪਸ ਭੇਜਣ ਦੇ ਹੁਕਮ ਦਿੱਤੇ ਗਏ ਹਨ। ਇਹ ਫੈਸਲਾ ਕੈਲਗਰੀ 'ਚ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ ਦੀ ਸੁਣਵਾਈ ਦੌਰਾਨ ਲਿਆ ਗਿਆ। ਟਰੱਕ-ਬੱਸ ਹਾਦਸੇ 'ਚ 16 ਜਾਨਾਂ ਗਈਆਂ ਸਨ ਤੇ 13 ਜ਼ਖ਼ਮੀ ਹੋਏ ਸਨ। ਕੈਨੇਡੀਅਨ ਮੀਡੀਆ ਮੁਤਾਬਕ ਕੈਲਗਰੀ ਦੇ ਪੱਕੇ ਵਸਨੀਕ ਸਿੱਧੂ ਨੇ ਹਾਕੀ ਕਲੱਬ ਦੇ ਖਿਡਾਰੀਆਂ ਨੂੰ ਲਿਜਾ ਰਹੀ ਬੱਸ ਨੂੰ ਟਰੱਕ ਨਾਲ ਟੱਕਰ ਮਾਰ ਦਿੱਤੀ ਸੀ। ਇਸ ਹਾਦਸੇ ਵਿਚ 16 ਖਿਡਾਰੀਆਂ ਦੀ ਮੌਤ ਹੋ ਗਈ ਸੀ। ਸਿੱਧੂ ਨੂੰ ਪਿਛਲੇ ਸਾਲ ਦੇ ਸ਼ੁਰੂ ਵਿਚ ਪੈਰੋਲ ਦਿੱਤੀ ਗਈ ਸੀ ਅਤੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਉਸ ਨੂੰ ਦੇਸ਼ ਨਿਕਾਲਾ ਦੇਣ ਦੀ ਸਿਫਾਰਸ਼ ਕੀਤੀ ਸੀ। ਜਸਕੀਰਤ ਸਿੰਘ ਸਿੱਧੂ ਨੂੰ ਖਤਰਨਾਕ ਡਰਾਈਵਿੰਗ ਦਾ ਦੋਸ਼ੀ ਕਰਾਰ ਦਿੱਤਾ



ਗਿਆ ਸੀ। ਇਸ ਮਾਮਲੇ 'ਚ ਸਿੱਧੂ ਨੂੰ ਅੱਠ ਸਾਲ ਦੀ ਸਜ਼ਾ ਹੋਈ ਸੀ। ਉਸ ਨੇ ਹਾਦਸੇ ਤੋਂ ਮਹੀਨਾ ਪਹਿਲਾਂ ਨੌਕਰੀ 'ਤੇ ਜੁਆਇਨ ਕੀਤਾ ਸੀ। ਇਹ ਹਾਦਸਾ 6 ਅਪ੍ਰੈਲ 2018 ਨੂੰ ਸਸਕੈਚਵਨ ਹਾਈਵੇਅ 335 ਦੇ ਚੌਰਾਹੇ 'ਤੇ ਹੋਇਆ ਸੀ।

ਦੇਸ਼ ਨਿਕਾਲੇ 'ਚ ਲੱਗ ਸਕਦੇ ਨੇ ਕਈ ਮਹੀਨੇ ਜਾਂ ਸਾਲ

ਸਿੱਧੂ ਦੇ ਵਕੀਲ ਨੇ ਕਿਹਾ ਕਿ ਕਈ ਹੋਰ ਕਾਨੂੰਨੀ ਪ੍ਰਕਿਰਿਆਵਾਂ ਅਜੇ ਪੈਂਡਿੰਗ ਹਨ ਤੇ ਦੇਸ਼ ਨਿਕਾਲੇ ਦੀ ਪ੍ਰਕਿਰਿਆ 'ਚ ਕਈ ਮਹੀਨੇ ਜਾਂ ਸਾਲ ਲੱਗ ਸਕਦੇ ਹਨ। ਦਸੰਬਰ 'ਚ ਫੈਡਰਲ ਅਦਾਲਤ ਨੇ ਸਿੱਧੂ ਦੇ ਵਕੀਲਾਂ ਦੀ ਇਕ ਅਪੀਲ ਨੂੰ ਰੱਦ ਕਰ ਦਿੱਤਾ ਸੀ, ਜਿਸ 'ਚ ਦਲੀਲ ਦਿੱਤੀ ਗਈ ਸੀ ਕਿ ਸਰਹੱਦੀ ਅਧਿਕਾਰੀਆਂ ਨੇ ਸਿੱਧੂ ਦੇ ਪਿਛਲੇ ਸਾਫ਼ ਅਪਰਾਧਿਕ ਰਿਕਾਰਡ ਤੇ ਪਛਤਾਵੇ ਨੂੰ ਨਹੀਂ ਮੰਨਿਆ। ਉਹ ਚਾਹੁੰਦਾ ਸੀ ਕਿ ਅਦਾਲਤ ਬਾਰਡਰ ਏਜੰਸੀ ਨੂੰ ਦੂਜੀ ਸਮੀਖਿਆ ਕਰਨ ਦਾ ਹੁਕਮ ਦੇਵੇ।

ਵਕੀਲ ਨੇ ਸ਼ੁੱਕਰਵਾਰ ਦੀ ਸੁਣਵਾਈ ਤੋਂ ਪਹਿਲਾਂ ਕਿਹਾ, "ਇਸ ਸਾਰੀ ਪ੍ਰਕਿਰਿਆ ਬਾਰੇ ਇਹ ਦੁਖਦਾਈ ਗੱਲ ਹੈ। ਅਸੀਂ ਅਜਿਹੀ ਸਥਿਤੀ 'ਚ ਫਸ ਗਏ ਹਾਂ, ਜਿਥੇ ਸਥਾਈ ਨਿਵਾਸੀਆਂ ਨੂੰ ਉਨ੍ਹਾਂ ਦੇ ਵਿਅਕਤੀਗਤ ਹਾਲਾਤ 'ਤੇ ਵਿਚਾਰ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਸਾਡਾ ਇਕੋ ਇਕ ਰਸਤਾ ਇਹ ਹੈ ਕਿ ਉਸ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਦੇ ਆਦੇਸ਼ ਦਿੱਤੇ ਜਾਣ ਤੋਂ ਬਾਅਦ ਅਸੀਂ ਉਨ੍ਹਾਂ ਨੂੰ ਮਨੁੱਖੀ ਆਧਾਰ 'ਤੇ ਉਸ ਦਾ ਸਥਾਈ ਨਿਵਾਸੀ ਦਰਜਾ ਵਾਪਸ ਦੇਣ ਲਈ ਕਹਾਂਗੇ ਪਰ ਇਸ ਦੌਰਾਨ ਉਸ ਦੀ ਕੋਈ ਸਥਿਤੀ ਨਹੀਂ ਹੈ।"

# ਸਿੰਗਾਪੁਰ ਏਅਰਲਾਈਨਜ਼ ਦੇ ਜਹਾਜ਼ ਨੂੰ ਝਟਕਿਆਂ ਕਾਰਨ 22 ਯਾਤਰੀਆਂ ਦੀ ਰੀੜ੍ਹ ਦੀ ਹੱਡੀ 'ਤੇ ਸੱਟਾਂ ਲੱਗੀਆਂ

**ਸਿੰਗਾਪੁਰ, (ਪੰਜਾਬ ਮੇਲ)**- ਵਾਯੂਮੰਡਲ ਗੜਬੜੀ 'ਟਰਬਿਊਲੈਂਸ' ਦੇ ਕਾਰਨ ਸਿੰਗਾਪੁਰ ਏਅਰਲਾਈਨਜ਼ ਦੀ ਉਡਾਨ 'ਚ 22 ਮੁਸਾਫਰਾਂ ਦੀ ਰੀੜ੍ਹ ਦੀ ਹੱਡੀ ਤੇ 6 ਮੁਸਾਫਰਾਂ ਦੇ ਸਿਰ 'ਚ ਸੱਟਾਂ ਲੱਗੀਆਂ ਹਨ। ਸਮਿਤਿਵੇਜ ਸ਼੍ਰੀਨਾਕਾਰਿਨ ਹਸਪਤਾਲ ਦੇ ਨਿਰਦੇਸ਼ਕ ਡਾ. ਐਡਿਨੁਨ ਕਿੱਟੀਰਤਨਪਾਇਬੂਲ ਨੇ ਦੱਸਿਆ ਕਿ ਮੰਗਲਵਾਰ ਨੂੰ ਉਡਾਨ ਦੇ ਸਮੇਂ ਆਕਾਸ਼ 'ਚ ਜਹਾਜ਼ ਨੂੰ ਝਟਕੇ ਲੱਗਣ ਕਾਰਨ ਜ਼ਖ਼ਮੀ ਹੋਏ 20 ਲੋਕ ਆਈ.ਸੀ.ਯੂ. 'ਚ ਹਨ ਪਰ ਕਿਸੇ ਦੇ ਵੀ ਜੀਵਨ ਨੂੰ ਖ਼ਤਰਾ ਨਹੀਂ ਹੈ। ਦੱਸ ਦੇਈਏ ਕਿ ਲੰਡਨ ਤੋਂ ਸਿੰਗਾਪੁਰ ਲਈ ਉਡਾਨ ਭਰਨ ਵਾਲੇ ਇਸ ਜਹਾਜ਼ ਨੂੰ ਮੰਗਲਵਾਰ ਨੂੰ ਅਚਾਨਕ ਟਰਬੂਲੈਂਸ ਦਾ ਸਾਹਮਣਾ ਕਰਨਾ ਪਿਆ ਸੀ ਅਤੇ ਲਗਭਗ 3 ਮਿੰਟ ਦੇ ਅੰਦਰ ਇਹ 6000 ਫੁੱਟ ਹੇਠਾਂ ਆ ਗਿਆ ਸੀ, ਜਿਸ ਕਾਰਨ 73 ਸਾਲਾ ਇਕ ਬ੍ਰਿਟਿਸ਼ ਵਿਅਕਤੀ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ ਸੀ। ਜਹਾਜ਼ ਦੇ ਉਡਾਨ ਭਰਨ ਦੇ ਲਗਭਗ 10 ਘੰਟੇ ਬਾਅਦ 37000 ਫੁੱਟ ਦੀ ਉਚਾਈ 'ਤੇ ਇਰਾਵਦੀ ਬੇਸਿਨ 'ਤੇ ਅਚਾਨਕ ਤੇਜ਼ ਟਰਬੂਲੈਂਸ ਕਾਰਨ ਲਗਭਗ 60 ਯਾਤਰੀ ਜ਼ਖ਼ਮੀ ਹੋ ਗਏ, ਜਦਕਿ ਇਕ ਦੀ ਮੌਤ ਹੋ ਗਈ। ਦੂਜੇ ਪਾਸੇ ਲੰਡਨ ਤੋਂ ਸਿੰਗਾਪੁਰ ਜਾ ਰਹੀ ਇਸ ਉਡਾਨ ਨੂੰ ਐਮਰਜੈਂਸੀ ਹਾਲਤ 'ਚ ਬੈਂਕਾਕ 'ਚ ਉਤਾਰਿਆ ਗਿਆ ਸੀ। ਦੱਸ ਦੇਈਏ ਕਿ ਇਸ ਹਾਦਸੇ ਦੌਰਾਨ ਉਸ ਜਹਾਜ਼ 'ਚ ਕੁੱਲ 229 ਲੋਕ ਸਵਾਰ ਸਨ, ਜਿਸ 'ਚ 211 ਯਾਤਰੀ ਤੇ 18 ਚਾਲਕ ਦਲ ਦੇ ਮੈਂਬਰ ਸੀ। ਸਿੰਗਾਪੁਰ ਫਲਾਈਟ ਹਾਦਸੇ 'ਚ 104 ਲੋਕ ਜ਼ਖ਼ਮੀ ਹੋ ਗਏ। ਟਰਬੂਲੈਂਸ ਕਾਰਨ ਜ਼ਖ਼ਮੀ ਹੋਣ ਨਾਲ ਹਸਪਤਾਲ 'ਚ ਭਰਤੀ ਸਭ ਤੋਂ ਬਜ਼ੁਰਗ ਮਰੀਜ਼ ਦੀ ਉਮਰ 83 ਸਾਲ ਹੈ। ਕਿੱਟੀਰਤਨਪਾਇਬੂਲ ਨੇ ਦੱਸਿਆ ਕਿ ਹਸਪਤਾਲ 'ਚ ਉਡਾਨ ਗਿਣਤੀ ਐੱਸ.ਕਿਊ. 321 ਦੇ 40 ਮਰੀਜ਼ ਭਰਤੀ ਹਨ।

# ਕੌਮਾਂਤਰੀ ਨਿਆਂ ਅਦਾਲਤ ਵੱਲੋਂ ਇਜ਼ਰਾਈਲ ਨੂੰ ਰਾਫਾਹ 'ਚ ਤੁਰੰਤ ਫੌਜੀ ਕਾਰਵਾਈ ਰੋਕਣ ਦੇ ਹੁਕਮ

**ਹੇਗ, (ਪੰਜਾਬ ਮੇਲ)**- ਸੰਯੁਕਤ ਰਾਸ਼ਟਰ ਦੀ ਸਿਖਰਲੀ ਅਦਾਲਤ ਨੇ ਇਜ਼ਰਾਈਲ ਨੂੰ ਗਾਜ਼ਾ ਦੇ ਦੱਖਣ ਵਿਚ ਸਥਿਤ ਸ਼ਹਿਰ ਰਾਫਾਹ ਵਿਚ ਤੁਰੰਤ ਪ੍ਰਭਾਵ ਤੋਂ ਆਪਣੀ ਫੌਜੀ ਕਾਰਵਾਈ ਰੋਕਣ ਦਾ ਹੁਕਮ ਦਿੱਤਾ ਹੈ। ਹਾਲਾਂਕਿ, ਇਜ਼ਰਾਈਲ ਵੱਲੋਂ ਇਨ੍ਹਾਂ ਹੁਕਮਾਂ ਦੀ ਪਾਲਣਾ ਨਾ ਕੀਤੇ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਹੁਕਮਾਂ ਨਾਲ ਇਕੱਲੇ ਰਹਿ ਗਏ ਦੇਸ਼ ਇਜ਼ਰਾਈਲ 'ਤੇ ਦਬਾਅ ਹੋਰ ਵਧੇਗਾ।

ਇਜ਼ਰਾਈਲ ਨੇ ਰਾਫਾਹ ਵਿੱਚ ਫੌਜੀ ਕਾਰਵਾਈ ਰੋਕਣ ਸਬੰਧੀ



**ਮਾਮਲੇ ਦੀ ਸੁਣਵਾਈ ਕਰਦਾ ਹੋਇਆ ਕੌਮਾਂਤਰੀ ਨਿਆਂ ਅਦਾਲਤ ਦਾ ਬੈਂਚ।**

ਕੌਮਾਂਤਰੀ ਅਦਾਲਤ ਦੇ ਹੁਕਮਾਂ ਨੂੰ ਨਾ ਮੰਨਣ ਵੱਲ ਇਸ਼ਾਰਾ ਕੀਤਾ ਹੈ। ਇਜ਼ਰਾਈਲ ਸਰਕਾਰ ਦੇ ਇਕ

**■ ਇਜ਼ਰਾਈਲ ਵੱਲੋਂ ਹੁਕਮਾਂ ਨੂੰ ਨਾ ਮੰਨਣ ਦਾ ਇਸ਼ਾਰਾ**

ਤਰਜਮਾਨ ਨੇ ਵੀਰਵਾਰ ਨੂੰ ਇਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ, "ਧਰਤੀ 'ਤੇ ਕੋਈ ਅਜਿਹੀ ਤਾਕਤ ਨਹੀਂ ਹੈ, ਜੋ ਕਿ ਉਸ ਨੂੰ ਉਸ ਦੇ ਨਾਗਰਿਕਾਂ ਦੀ ਰੱਖਿਆ ਕਰਨ ਅਤੇ ਗਾਜ਼ਾ ਵਿਚ ਹਮਾਸ ਪਿੱਛੇ ਜਾਣ ਤੋਂ ਰੋਕ ਸਕੇ।" ਅਦਾਲਤ ਦੇ ਪ੍ਰਧਾਨ ਨਵਾਫ਼ ਸਾਲਮ ਜਿਸ ਵੇਲੇ ਫੈਸਲਾ ਸੁਣਾ ਰਹੇ ਸਨ, ਤਾਂ ਉਸੇ ਵੇਲੇ ਫਲਸਤੀਨੀ ਪੱਖੀ

## ਲੋਕ ਸਭਾ ਚੋਣਾ ਦੌਰਾਨ ਮੋਦੀ ਸਰਕਾਰ ਦਾ ਮੁੱਦਾ

# ਗਰੀਬੀ ਘਟੀ ਹੈ, ਕਿਥੋਂ ਤੱਕ ਸੱਚ ?





-ਰਾਜਿੰਦਰ ਕੌਰ ਚੋਹਕਾ
ਕੈਲੇਗਰੀ (ਕੈਨੇਡਾ)
91-98725-44738
001-403-285-4208
ਪੰਜਾਬ ਮੇਲ USA


ਮੋਦੀ ਸਰਕਾਰ ਵਲੋਂ ਇਕ ਚੋਣ ਬਿਆਨ ਰਾਹੀਂ ਕਿਹਾ ਗਿਆ ਹੈ ਕਿ, "ਸੰਸਦ ਦੀਆਂ 2024 ਦੀਆਂ ਹੋ ਰਹੀਆਂ ਚੋਣਾਂ 'ਚ ਅਸੀਂ 25 ਕਰੋੜ ਲੋਕਾਂ ਨੂੰ ਗਰੀਬੀ ਵਿਚੋਂ ਬਾਹਰ ਕੱਢਿਆ ਹੈ!" ਪਰ! ਅਰਥ ਸ਼ਾਸਤਰੀ ਲੋਕ ਅਤੇ ਰਾਜਨੀਤਿਕ ਨੇਤਾ ਇਹ ਪੁੱਛਦੇ ਹਨ, ਮਾਲੂਮ ਇਹ ਹੋ ਰਿਹਾ ਹੈ ਕਿ ਮੋਦੀ ਸਰਕਾਰ ਇਸ ਤਰ੍ਹਾਂ ਆਪ ਹੀ ਸਰਵੇ ਕਰਦੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਇਨ੍ਹਾਂ ਚੋਣਾ ਦੌਰਾਨ ਆਪਣੀ ਜਿੱਤ ਯਕੀਨੀ ਬਣਾਉਣ ਲਈ ਇਨ੍ਹਾਂ ਚੋਣਾ ਦੌਰਾਨ ਲੋਕਾਂ ਦਾ ਧਿਆਨ ਆਪਣੇ ਵੱਲ ਖਿਚਣ ਲਈ ਤਾਂ ਨਹੀਂ ਅਜਿਹਾ ਬਿਆਨ ਦੇ ਰਹੇ ਹਨ? ਜਦਕਿ ਸੰਸਾਰ ਬੈਂਕ ਦੇ ਅਨੁਸਾਰ, ਸੰਸਾਰ ਵਿਕਾਸ ਵਾਧਾ ਦਰ ਹੇਠਾਂ ਜਾ ਰਿਹਾ ਹੈ। ਭਾਰਤ ਅੰਦਰ ਭਾਵੇਂ ਅਸੀਂ ਵਿਕਾਸ ਦਰ ਵਧਣ ਅਤੇ ਦੁਨੀਆਂ ਦੀ 5ਵੀਂ ਵੱਡੀ ਆਰਥਿਕਤਾ ਦੱਸ ਰਹੇ ਹਾਂ। ਪਰ! ਜ਼ਮੀਨੀ ਸੱਚਾਈ ਇਹ ਹੈ ਕਿ ਅਸੀਂ 119 ਦੇਸ਼ਾਂ ਤੋਂ ਵੀ ਹੇਠਾਂ ਹਾਂ। ਪ੍ਰਤੀ ਵਿਅਕਤੀ ਆਮਦਨ ਭਾਰਤ 'ਚ 1,44,334 ਰੁਪਏ ਸਾਲਾਨਾ (2022-23) ਜੋ ਸੰਸਾਰ ਅੰਦਰ 125ਵੇਂ ਸਥਾਨ 'ਤੇ ਹੈ। ਫਿਰ ਨਰਿੰਦਰ ਮੋਦੀ ਦੀ ਬੀ.ਜ਼ੇ.ਪੀ. ਸਰਕਾਰ ਦੇਸ਼ 'ਚ ਗਰੀਬੀ ਕਿਵੇਂ ਘਟਾ ਰਹੀ ਹੈ? ਜਦਕਿ ਮੋਦੀ ਸਰਕਾਰ ਦੌਰਾਨ ਇਕ ਫੀਸਦੀ ਲੋਕਾਂ ਦੇ ਪਾਸ 40 ਫੀਸਦੀ ਧਨ ਹੈ ਅਤੇ ਕੁੱਲ 10 ਫੀਸਦੀ ਅਮੀਰਾਂ ਦੇ ਪਾਸ 27.52 ਲੱਖ ਕਰੋੜ ਰੁਪਏ ਹਨ।

ਦੇਸ਼ ਦੀ ਆਜ਼ਾਦੀ ਦੇ 75 ਸਾਲਾਂ ਦੇ ਬਾਦ ਵੀ ਅੱਜ ਦੇਸ਼ ਭਰ ਵਿਚ ਬੀ.ਜ਼ੇ.ਪੀ. ਸਰਕਾਰ ਵਲੋਂ ਚੋਣਾ ਦਾ ਮੁੱਖ ਮੁੱਦਾ, "ਗਰੀਬੀ ਦੂਰ ਕਰਨਾ" ਬਣਾਇਆ ਗਿਆ ਹੈ। ਜਦਕਿ 1952 'ਚ ਜਦੋਂ ਪਹਿਲੀਆਂ ਆਮ ਸੰਸਦ ਦੀਆ ਚੋਣਾਂ ਹੋਈਆਂ ਸਨ, ਤਾਂ "ਗਰੀਬੀ ਨੂੰ ਖਤਮ" ਕਰਨ ਦਾ ਮੁੱਦਾ ਵੀ ਉਠਾਇਆ ਗਿਆ ਸੀ। ਜਦੋਂ 1971 'ਚ ਸੰਸਦ ਦੀਆਂ ਚੋਣਾ ਹੋਈਆਂ ਸੀ, ਤਾਂ ਇੰਦਰਾ ਗਾਂਧੀ ਨੇ ਵੀ ਸੰਸਦ ਦੀਆਂ ਚੋਣਾਂ ਵਿਚ "ਗਰੀਬੀ ਹਟਾਓ" ਦਾ ਨਾਅਰਾ ਦਿੱਤਾ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਨਾਅਰਾ ਉਸ ਵੇਲੇ ਉਨ੍ਹਾਂ ਦੇ ਪ੍ਰਧਾਨ "ਪੀ.ਐੱਨ. ਹਕਸਰ" ਦੇ ਦਿਮਾਗ ਦੀ ਕਾਢ ਸੀ। ਪਰ 75 ਸਾਲਾਂ ਬਾਦ ਅਜੇ ਤੱਕ ਵੀ ਗਰੀਬੀ ਤਾਂ ਦੂਰ ਨਹੀਂ ਹੋਈ ਹੈ, ਸਗੋਂ ਤੇ ਗਰੀਬ ਹੋਰ ਗਰੀਬ ਹੋ ਗਏ ਹਨ ਅਤੇ ਅਸੀਂ ਦੁਨੀਆਂ ਦੇ ਗਰੀਬ ਦੇਸ਼ਾਂ ਦੀ ਲਾਈਨ ਤੋਂ ਵੀ ਹੇਠਾਂ ਚਲੇ ਗਏ ਹਾਂ।

ਸਾਲ 2024 ਵਿਚ ਜਦੋਂ ਭਾਰਤ ਦੀ 18ਵੀਂ ਲੋਕ ਸਭਾ ਦੀਆਂ ਚੋਣਾਂ ਹੋ ਰਹੀਆਂ ਹਨ, ਤਦ ਵੀ ਗਰੀਬੀ ਦੇ ਮੁੱਦੇ ਨੂੰ ਪ੍ਰਮੁੱਖ ਤੌਰ 'ਤੇ ਮੋਦੀ ਦੀ ਬੀ.ਜ਼ੇ.ਪੀ. ਸਰਕਾਰ ਵਲੋਂ ਜ਼ੋਰ-ਸ਼ੋਰ ਨਾਲ ਉਠਾਇਆ ਜਾ ਰਿਹਾ ਹੈ। ਮੋਦੀ ਸਰਕਾਰ ਗਰੀਬੀ ਦੇ ਮੁੱਦੇ ਨੂੰ ਲੈ ਕੇ ਲੋਕਾਂ ਵਿਚ ਇਹ ਪ੍ਰਚਾਰ ਕਰ ਰਹੀ ਹੈ ਕਿ, "ਸਾਡੇ 10 ਸਾਲ ਦੇ ਰਾਜ ਵਿਚ 25 ਕਰੋੜ ਲੋਕਾਂ ਨੂੰ ਗਰੀਬੀ ਵਿਚੋਂ ਬਾਹਰ ਕੱਢ ਦਿੱਤਾ ਹੈ।" ਪਰ ਜਦਕਿ ਮੋਦੀ ਵਲੋਂ ਇਸ ਮੁੱਦੇ 'ਤੇ ਦਿੱਤੇ ਜਾ ਰਹੇ ਬਿਆਨ ਤੋਂ ਅਸੀਂ ਕੋਹਾਂ ਦੂਰ ਹਾਂ। ਅਮਲ ਵਿਚ ਜ਼ਮੀਨੀ ਸੱਚਾਈ ਇਹ ਹੈ ਕਿ

1) ਪਰ ਯੂ.ਐੱਨ.ਡੀ.ਪੀ. ਦੀ ਰੀਪੋਰਟ ਮੁਤਾਬਿਕ 2004 ਤੋਂ 2014 ਤੱਕ 27 ਕਰੋੜ ਲੋਕਾਂ ਨੂੰ ਗਰੀਬੀ 'ਚੋਂ ਬਾਹਰ ਕੱਢਿਆ ਦੱਸਿਆ ਗਿਆ ਸੀ।

2) 2014 ਵਿਚ 54 ਕਰੋੜ ਲੋਕ ਫਰੀ (ਮੁਫ਼ਤ) ਰਾਸ਼ਨ ਲੈਂਦੇ ਸਨ ਤੇ ਅੱਜ 2024 ਵਿਚ ਇਹ ਗਿਣਤੀ 80 ਕਰੋੜ ਹੋ ਗਈ ਹੈ।

3) 2014 ਤੋਂ 2024 ਤੱਕ 17 ਕਰੋੜ ਗਰੀਬਾਂ ਦੀ ਗਿਣਤੀ ਵੱਧੀ ਹੈ ਤੇ ਮੁਫ਼ਤ ਰਾਸ਼ਨ ਲੈਣ ਵਾਲਿਆਂ ਦੀ ਗਿਣਤੀ 26 ਕਰੋੜ ਵੱਧੀ ਹੈ। ਫਿਰ ਗਰੀਬ ਕਿੰਨੇ ਘੱਟੇ?

ਇਸ ਸਾਲ (2024) ਦੀ ਸ਼ੁਰੂਆਤ ਵਿਚ ਵੀ ਨੀਤੀ-ਆਯੋਗ ਨੇ ਦਾਅਵਾ ਕੀਤਾ ਸੀ ਕਿ ਨੌ ਸਾਲ ਵਿਚ 25 ਕਰੋੜ ਲੋਕ ਗਰੀਬੀ ਵਿਚੋਂ ਨਿਕਲੇ ਹਨ। ਪਿਛਲੇ ਦਿਨੀਂ ਨੀਤੀ ਆਯੋਗ ਦੇ ਸੀ.ਈ.ਓ. ਵਲੋਂ (ਐੱਚ.ਈ.ਸੀ.ਐੱਸ.) (**House hold consumption and expenditure surveys**) ਦੇ ਦਿੱਤੇ ਅੰਕੜਿਆ ਦੇ ਆਧਾਰ 'ਤੇ ਦਾਅਵਾ ਕੀਤਾ ਹੈ ਕਿ ਭਾਰਤ ਦੀ ਕੁੱਲ ਆਬਾਦੀ ਵਿਚੋਂ ਗਰੀਬਾਂ ਦਾ ਅਨੁਪਾਤ 5 ਫੀਸਦੀ ਤੋਂ ਜ਼ਿਆਦਾ ਨਹੀਂ ਹੈ। ਇਨ੍ਹਾਂ ਅੰਕੜਿਆਂ ਦਾ ਹਵਾਲਾ ਦੇ ਕੇ ਸਰਕਾਰ ਨੇ ਕਿਹਾ ਕਿ, "ਗਰੀਬੀ ਦੇਸ਼ ਵਿਚੋਂ ਘੱਟ ਗਈ ਹੈ" ਅਤੇ ਅਜਿਹਾ ਹੀ ਦਾਅਵਾ ਕਰ ਰਹੀ ਹੈ। ਪਰ ਦੇਸ਼ ਦੇ ਹਾਕਮ ਆਵਾਮ ਨੂੰ ਹੀ ਨਹੀਂ, ਸਗੋਂ 'ਤੇ ਅਰਥ ਸ਼ਾਸਤਰੀਆਂ, ਰਾਜਨੀਤਿਕ ਨੇਤਾਵਾਂ 'ਤੇ ਲੋਕਾਂ ਨੂੰ ਵੀ ਭੁਲੇਖੇ ਵਿਚ ਪਾ ਰਹੇ ਹਨ। ਪ੍ਰੰਤੂ ਅਰਥਸ਼ਾਸਤਰੀ ਮੋਦੀ ਸਰਕਾਰ ਵਲੋਂ ਇਹ ਗਲਤ ਅੰਕੜੇ ਆਪਣੇ ਭਾਸ਼ਣਾਂ ਵਿਚ ਦੇਣ 'ਤੇ ਵੀ ਸਵਾਲ ਚੁੱਕ ਰਹੇ ਹਨ।

ਜਿਨ੍ਹਾਂ ਸਰਵਿਆਂ ਦੇ ਨਾਲ ਨੀਤੀ-ਆਯੋਗ ਦੇ ਸੀ.ਈ.ਓ. ਨੇ ਕਿਹਾ ਕਿ, "ਭਾਰਤ ਦੀ ਕੁੱਲ ਅਬਾਦੀ ਵਿਚ ਗਰੀਬਾਂ ਦਾ ਅਨੁਪਾਤ 5 ਫੀਸਦੀ ਤੋਂ ਜ਼ਿਆਦਾ ਨਹੀਂ ਹੈ।" ਉਸ ਸਰਵੇ ਦਾ ਮਕਸਦ ਇਹ ਪਤਾ ਲਾਉਣਾ ਹੁੰਦਾ ਹੈ ਕਿ, "ਹਰ ਮਹੀਨੇ ਲੋਕ ਕਿੰਨਾਂ ਖਰਚ ਕਰ ਰਹੇ ਹਨ। ਭਾਵ ਐੱਮ.ਪੀ.ਸੀ.ਈ. ਨੇ ਅਗਸਤ 2022 ਤੋਂ ਲੈ ਕੇ ਜੁਲਾਈ 2023 ਦੇ ਵਿਚਕਾਰ ਐੱਚ.ਸੀ.ਈ.ਐੱਸ. ਵਿਚ 8723-ਪਿੰਡਾਂ ਅਤੇ 6,115-ਸ਼ਹਿਰੀ ਖਿੱਤਿਆ ਦੇ 2,61,745 ਘਰਾਂ ਤੇ ਪਿੰਡਾਂ ਦੇ 60 ਫੀਸਦੀ ਅਤੇ ਸ਼ਹਿਰੀ ਖਿੱਤਿਆਂ ਵਿਚ 40 ਫੀਸਦੀ ਨੂੰ ਸ਼ਾਮਲ ਕੀਤਾ ਗਿਆ ਸੀ। ਇਸ ਆਧਾਰ 'ਤੇ ਇਹ ਰਿਪੋਰਟ ਦਿੱਤੀ ਗਈ ਹੈ।

ਇਸ ਸਰਵੇ ਦੇ ਅੰਕੜਿਆਂ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਜੇਕਰ ਦੇਖਿਆ ਜਾਵੇ, ਤਾਂ ਪਤਾ ਲੱਗਦਾ ਹੈ ਕਿ ਕੁੱਲ ਆਬਾਦੀ ਦੇ 50 ਫੀਸਦੀ ਲੋਕਾਂ ਦੀ ਪ੍ਰਤੀ ਵਿਅਕਤੀ ਖਰਚਾ ਪਿੰਡਾਂ ਵਾਲੇ 3,094 ਰੁਪਏ ਅਤੇ ਸ਼ਹਿਰੀ 4,963 ਰੁਪਏ ਤੋਂ ਵੱਧ ਨਹੀ ਹੈ। ਸਭ ਤੋਂ ਗਰੀਬ 5 ਫੀਸਦੀ ਲੋਕ ਪੇਂਡੂ 1,373 ਰੁਪਏ ਅਤੇ 2001 ਰੁਪਏ ਸ਼ਹਿਰੀ ਪ੍ਰਤੀ ਮਹੀਨੇ ਵਿਚ ਗੁਜ਼ਾਰਾ ਕਰ ਰਹੇ ਹਨ। ਜੇਕਰ ਇਸ ਨੂੰ ਇਕ ਦਿਨ ਦੇ ਹਿਸਾਬ ਨਾਲ ਵੰਡਿਆ ਜਾਵੇ, ਤਾਂ ਪ੍ਰਤੀ ਦਿਨ ਪੇਂਡੂ 45 ਰੁਪਏ ਅਤੇ ਸ਼ਹਿਰੀ 66 ਰੁਪਏ ਪ੍ਰਤੀ ਦਿਨ 'ਚ ਗੁਜ਼ਾਰਾ ਕਰਦੇ ਹਨ।

1) ਸਿਖਰਲੇ 5 ਫੀਸਦੀ ਪੇਂਡੂ ਖੇਤਰ 10,501, ਸ਼ਹਿਰੀ ਖੇਤਰ 20824

2) ਦਰਮਿਆਨੇ 3773, 6459 ਰੁਪਏ

3) ਹੇਠਲੇ 5 ਫੀਸਦੀ 1373, 2001

4) ਦਰਮਿਆਨੇ 3094, 4693

ਵਿਚ ਗੁਜ਼ਾਰਾ ਕਰਦੇ ਹਨ।

ਹਾਰਵਰਡ ਬਿਜ਼ਨਸ ਸਕੂਲ ਤੋਂ ਪੜ੍ਹੇ ਅਤੇ ਮਨਮੋਹਨ ਸਿੰਘ ਦੀ ਸਰਕਾਰ ਸਮੇਂ ਰਹੇ ਵਿੱਤ ਮੰਤਰੀ ਪੀ. ਚਿੰਦਮਬਰਮ ਨੀਤੀ ਆਯੋਗ ਵਲੋਂ ਪੇਸ਼ ਕੀਤੇ ਗਏ ਇਨ੍ਹਾਂ ਅੰਕੜਿਆਂ ਨੂੰ ਦਰੁੱਸਤ ਨਹੀਂ ਮੰਨਦੇ ਹਨ। ਪੀ. ਚਿੰਦਰਮਬਰਮ ਨੇ 5 ਫੀਸਦੀ ਵਾਲੇ ਦਾਅਵੇ 'ਤੇ ਸਵਾਲ ਉਠਾਉਂਦਿਆਂ ਕਿਹਾ ਕਿ, "ਜੇਕਰ ਨੀਤੀ ਆਯੋਗ ਦਾ ਇਹ ਦਾਅਵਾ ਠੀਕ ਹੈ, ਤਾਂ ਮੋਦੀ ਦੀ ਬੀ.ਜ਼ੇ.ਪੀ. ਦੀ ਸਰਕਾਰ 80 ਕਰੋੜ ਲੋਕਾਂ ਨੂੰ ਹਰ ਮਹੀਨੇ ਪ੍ਰਤੀ ਵਿਅਕਤੀ ਪੰਜ ਕਿਲੋ ਅਨਾਜ ਮੁਫ਼ਤ ਕਿਉਂ ਵੰਡਦੀ ਹੈ? ਉਨ੍ਹਾਂ ਦਾ ਸਵਾਲ ਇਹ ਵੀ ਹੈ ਕਿ ਨੀਤੀ ਆਯੋਗ ਨੇ ਇਸ ਗੱਲ 'ਤੇ ਗੰਭੀਰਤਾ ਨਾਲ ਇਹ ਵੀ ਵਿਚਾਰ ਕੀਤਾ ਹੈ ਕਿ ਜੋ ਪੇਂਡੂ ਲੋਕ ਹਰ ਮਹੀਨੇ ਖਾਦ 'ਤੇ ਗੈਰ-ਖਾਦ, ਖਾਣ ਪੀਣ, ਭੋਜਨ 'ਤੇ ਲਗਭਗ 2,112 ਰੁਪਏ ਜਾਂ ਹਰ ਦਿਨ 70 ਰੁਪਏ ਖਰਚ ਕਰਦੇ ਹਨ, ਕੀ ਉਹ ਗਰੀਬ ਨਹੀਂ ਹਨ? ਜਾਂ ਸ਼ਹਿਰੀ ਇਲਾਕਿਆਂ ਵਿਚ ਜਿਨ੍ਹਾਂ ਲੋਕਾਂ ਕੋਲ ਸਿਰਫ਼ ਮਹੀਨੇ ਦਾ ਖਰਚਾ 3,157 ਰੁਪਏ ਜਾਂ ਪ੍ਰਤੀ ਦਿਨ 100 ਰੁਪਏ ਹੈ, ਕੀ ਉਹ ਗਰੀਬ ਨਹੀਂ ਹਨ?" ਇਸੇ ਤਰ੍ਹਾਂ ਦੇਸ਼ ਦੇ ਸਭ ਤੋਂ ਵੱਡੇ ਅਰਥ ਸ਼ਾਸਤਰੀ ਸਵਾਮੀਨਾਥਨ ਅਈਅਰ ਵੀ ਉਪਰੋਕਤ ਅੰਕੜਿਆਂ ਨੂੰ ਉਜਾਗਰ ਕਰਨ ਦੇ ਤਰੀਕਿਆਂ ਨੂੰ ਸਹੀ ਨਹੀਂ ਮੰਨਦੇ ਹਨ। ਉਨ੍ਹਾਂ ਨੇ ਟਾਈਮਜ਼ ਆਫ ਇੰਡੀਆ 'ਚ ਲਿਖਿਆ ਹੈ ਕਿ ਭਾਰਤ ਸਹੀ ਤਰੀਕਿਆਂ ਨਾਲ ਸਹੀ ਢੰਗ ਦੇ ਨਾਲ ਡੇਟਾ ਦੇਣ ਵਿਚ ਇਕ ਸ਼ੱਕੀ ਡੇਟਾ ਦੇਣ ਦੇ ਮਾਮਲੇ ਵਿਚ ਇਕ ਸੰਪਨ ਦੇਸ਼ ਹਨ।

ਸਵਾਮੀਨਾਥਨ ਇਸ ਦੀ ਸਭ ਤੋਂ ਚੰਗੀ ਉਦਾਹਰਨ ਐੱਚ.ਸੀ.ਈ.ਐੱਸ. ਦੇ ਡੇਟਾ ਨੂੰ ਦੱਸਦੇ ਹਨ ਕਿ ਇਸ ਸਰਵੇ ਦਾ ਡੇਟਾ 'ਤੇ ਉਸ ਦਾ ਵਿਸ਼ਲੇਸ਼ਣ (ਚੀਰਫਾੜ) ਦੋਨਾਂ ਵਿਚ ਤਰੁੱਟੀਆਂ ਹਨ। ਐੱਸ. ਅਈਅਰ ਅਤੇ ਅਰਥ ਸ਼ਾਸਤਰੀ ਸੁਰਜੀਤ ਭੱਲਾ ਦੇ ਹਵਾਲੇ ਇਹ ਦਰਸਾਉਂਦੇ ਹਨ ਕਿ 2011-12 ਤੋਂ ਲੈ ਕੇ ਹੁਣ ਤੱਕ ਸਿਰਫ਼ 2 ਫ਼ੀਸਦੀ ਲੋਕ ਹੀ ਗਰੀਬੀ ਵਿਚੋਂ ਬਾਹਰ ਨਿਕਲੇ ਹਨ। ਉਨ੍ਹਾਂ ਦੇ ਮੁਤਾਬਿਕ ਪੇਂਡੂ ਖਿੱਤਿਆਂ ਵਿਚ ਗਰੀਬੀ 28.7 ਫੀਸਦੀ ਤੋਂ ਘੱਟ ਕੇ ਸਿਰਫ 27 ਅਤੇ ਸ਼ਹਿਰੀ ਖਿੱਤਿਆਂ ਵਿਚ 36.7 ਫੀਸਦੀ ਤੋਂ ਘੱਟ ਕੇ 31.9 ਹੋ ਗਈ ਹੈ। ਭੱਲਾ ਪ੍ਰਤੀ ਦਿਨ 70 ਰੁਪਏ ਤੋਂ ਘੱਟ ਵਿਚ ਜੀਵਨ ਗੁਜ਼ਾਰਨ ਵਾਲੇ ਨੂੰ ਗਰੀਬ ਮੰਨਦੇ ਹਨ। ਅਈਅਰ ਦਾ ਮੰਨਣਾ ਹੈ ਕਿ ਐੱਚ.ਈ.ਸੀ.ਐੱਸ. ਦਾ ਡੇਟਾ ਇਕੱਠਾ ਕਰਨੇ ਦਾ ਤਰੀਕਾ ਹੀ ਗਲਤ ਹੈ। ਕਿਉਂਕਿ ਸਰਵੇ ਦੌਰਾਨ ਲੋਕਾਂ ਕੋਲ ਇਹ ਸਵਾਲ ਤਾਂ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਖਾਣ-ਪੀਣ, ਸਿੱਖਿਆ, ਸਿਹਤ 'ਤੇ ਕਿੰਨਾ ਖਰਚ ਕੀਤਾ ਹੈ? ਪ੍ਰੰਤੂ ਹੋਰ ਰੋਜ਼ਮਰਾ ਦੇ ਖਰਚਿਆਂ ਬਾਰੇ ਕਦੀ ਕੋਈ ਸਵਾਲ ਹੀ ਨਹੀਂ ਪੁੱਛਿਆ ਜਾਂਦਾ ਹੈ। ਪਰ ਕਈ ਲੋਕ ਸਹੀ ਢੰਗ ਦੇ ਨਾਲ ਸਵਾਲ ਦਾ ਜਵਾਬ ਹੀ ਨਹੀਂ ਦਿੰਦੇ ਹਨ। ਇਸ ਤਰ੍ਹਾਂ ਐੱਚ.ਸੀ.ਈ.ਐੱਸ. ਦਾ ਡੇਟਾ ਤੋਂ ਗਰੀਬੀ ਜਾਂ ਅਮੀਰੀ ਦੀ ਤਸਵੀਰ ਸਾਹਮਣੇ ਨਹੀਂ ਆਉਂਦੀ ਹੈ।

**(ਨੌ ਸਾਲਾਂ ਵਿਚ 25 ਕਰੋੜ ਲੋਕ ਗਰੀਬੀ ਤੋਂ ਬਾਹਰ, ਨੀਤੀ-ਆਯੋਗ ਦਾ ਫੁਰਮਾਨ ਜਾਰੀ)**

ਇਸ ਸਾਲ ਦੇ ਸ਼ੁਰੂ ਵਿਚ ਨੀਤੀ ਆਯੋਗ ਨੇ ਇਕ ਰਿਪੋਰਟ ਜਾਰੀ ਕਰਕੇ ਦੱਸਿਆ ਸੀ ਕਿ ਪਿਛਲੇ ਨੌ ਸਾਲਾਂ ਵਿਚ ਭਾਰਤ ਵਿਚ 24.8 ਕਰੋੜ ਲੋਕ ਗਰੀਬੀ ਤੋਂ ਬਾਹਰ ਆ ਗਏ ਹਨ। 2013-14 ਫਿਰ ਭਾਰਤ ਵਿਚ ਗਰੀਬੀ ਦੀ ਦਰ 29.17 ਸੀ, ਜੋ 2022-23 'ਚ ਘੱਟ ਕੇ 11.8 ਫੀਸਦੀ ਹੋ ਗਈ। ਭਾਵ 17.89 ਫੀਸਦੀ ਲੋਕ ਗਰੀਬੀ 'ਚੋਂ ਨਿਕਲੇ ਹਨ। ਗਰੀਬੀ ਵਿਚੋਂ ਨਿਕਲਣ ਵਾਲੇ ਲੋਕਾਂ ਨੂੰ ਜਾਚਣ ਲਈ ਨੀਤੀ-ਆਯੋਗ ਨੇ ਚੰਗੀ ਵਿਦਿਆ, ਸਿਹਤ ਤੇ ਜਿਊਣ ਦੇ ਢੰਗ (ਲਾਈਫ ਸਟਾਈਲ) ਜਿਹੇ ਮਾਪਦੰਡਾਂ ਨੂੰ ਆਧਾਰ ਬਣਾਇਆ ਸੀ। ਇਹ ਸਮਝਣਾ ਵੀ ਜ਼ਰੂਰੀ ਹੈ ਕਿ ਗਰੀਬੀ ਨੂੰ ਨਾਪਣ ਲਈ (ਦੇਖਣ ਲਈ) ਕਮਾਈ ਦਾ ਸਾਧਨ ਅਤੇ ਖਰਚਾ ਕਿੰਨਾ ਹੁੰਦਾ ਹੈ? ਵੀ ਦੇਖਿਆ-ਨਾਪਿਆ ਜਾਂਦਾ ਹੈ। ਭਾਵ ਕੌਣ ਕਿੰਨਾ ਗਰੀਬ ਹੈ? ਇਹ ਪਤਾ ਲਗਾਉਣ ਲਈ ਉਸ ਵਿਅਕਤੀ ਦੀ ਕਮਾਈ ਜਾਂ ਉਸ ਦੇ ਖਰਚ ਕਰਨ ਦੀ ਹਿੰਮਤ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਨੀਤੀ-ਆਯੋਗ ਦੇ ਇਸ ਦਾਅਵੇ ਤੋਂ ਅਲੱਗ ਹੈ ਇਕ "ਹੰਗਰ ਵਾਚ" ਦੀ ਰਿਪੋਰਟ। "ਹੰਗਰ ਵਾਚ" ਨੈਸ਼ਨਲ ਸਰਵੇ ਦੇ ਅਨੁਸਾਰ ਦਸੰਬਰ 2021 ਤੋਂ ਜਨਵਰੀ 2022 ਦੇ ਵਿਚ ਲੋਕਾਂ ਦੀ ਆਮਦਨ ਵਿਚ ਕਮੀ (ਘਾਟ) ਆਈ ਹੈ। ਸਮਾਜ ਦੇ ਆਰਥਿਕ ਰੂਪ ਵਿਚ ਕਮਜ਼ੋਰ ਅਤੇ ਹਾਸ਼ੀਏ ਤੋਂ ਬਾਹਰ ਗਏ ਗਰਵਾਂ ਵਿਚ ਖਾਣ-ਪੀਣ ਦਾ ਸੰਕਟ ਵੀ ਦੱਸਿਆ ਗਿਆ ਹੈ। "ਹੰਗਰ-ਵਾਚ" ਦੇ ਸਰਵੇ ਵਿਚ 80 ਫੀਸਦੀ ਲੋਕਾਂ ਨੇ ਭੋਜਨ ਸੰਕਟ (ਫੂਡ ਇਨ ਸਕਿਉਰਿਟੀ) ਦੀ ਸਮੱਸਿਆ ਨੂੰ ਸਵੀਕਾਰ ਕੀਤਾ ਹੈ। 25 ਫੀਸਦੀ ਨੇ ਭੋਜਨ ਵਿਚ ਘੱਟ ਕਰਨ 'ਤੇ ਭੁੱਖੇ ਢਿੱਡ ਸੌਣ ਦੀ ਗੱਲ ਵੀ ਕਬੂਲੀ ਹੈ। ਭਾਵ ਭੋਜਨ ਵਿਚ ਕਫ਼ਾਇਤ ਕੀਤੀ ਹੈ। ਇਸ ਤੋਂ ਇਲਾਵਾ 'ਪਿਊ ਰੀਸਰਚ ਸੈਂਟਰ' ਦੀ ਇਕ ਰਿਪੋਰਟ ਦੱਸਦੀ ਹੈ ਕਿ 19 ਕੋਵਿਡ ਮਹਾਂਮਾਰੀ ਦੇ ਨਾਲ ਆਈ ਮੰਦੀ ਦੇ ਕਾਰਨ ਸਾਲ 2022 'ਚ ਭਾਰਤ ਵਿਚ ਲਗਭਗ 75 ਮਿਲੀਅਨ ਤੋਂ ਵੀ ਵੱਧ ਲੋਕ ਗਰੀਬੀ ਦੀ ਦਲਦਲ ਵਿਚ ਫ਼ਸ ਗਏ ਸਨ। ਇਸ ਸਰਵੇਖਣ ਵਿਚ ਗਰੀਬਾਂ ਨੂੰ ਉਨ੍ਹਾਂ ਲੋਕਾਂ ਦੇ ਰੂਪ ਵਿਚ ਦਰਸਾਇਆ ਗਿਆ ਹੈ, ਜੋ ਪ੍ਰਤੀ ਦਿਨ ਦੋ-ਡਾਲਰ (165-ਰੁਪਏ) ਜਾਂ ਇਸ ਤੋਂ ਵੀ ਘੱਟ 'ਚ ਆਪਣਾ ਜੀਵਨ ਗੁਜ਼ਾਰਦੇ ਸਨ।

ਸਿਹਤ ਮੰਤਰਾਲੇ ਵਲੋਂ ਕੀਤੇ ਜਾਣ ਵਾਲੇ ਰਾਸ਼ਟਰੀ ਸਿਹਤ ਸਰਵੇਖਣ (ਐੱਨ.ਐੱਫ.ਐੱਚ.ਐੱਸ.) 2019-21 ਦੇ (ਡੇਟਾ) ਅੰਕੜਿਆਂ 'ਤੇ ਆਧਾਰਿਤ ਇਕ ਸਰਵੇਖਣ ਵਿਚ ਅੰਦਾਜ਼ਾ ਲਾਇਆ ਗਿਆ ਹੈ ਕਿ ਭਾਰਤ ਵਿਚ 19.3 ਫੀਸਦੀ ਲੋਕ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਨੂੰ 24 ਘੰਟਿਆਂ ਵਿਚ ਨਾ ਤਾਂ ਕੁਝ ਖਾਣ ਨੂੰ ਅਤੇ ਨਾ ਹੀ ਪੀਣ ਨੂੰ ਮਿਲਿਆ ਹੈ। ਭਾਰਤ ਤੋਂ ਉੱਪਰ ਕੇਵਲ ਅਫ਼ਰੀਕਾ ਦਾ 'ਗੁਆਨਾ' ਵਿਚ ਇਸ ਤਰ੍ਹਾਂ ਦੇ ਬੱਚਿਆਂ (ਜ਼ੀਰੋ ਫੂਡ ਚਿਲਡਰਨ) ਦੀ ਗਿਣਤੀ 21.8 ਫੀਸਦੀ ਅਤੇ 'ਮਾਲੀ' ਵਿਚ 20.5 ਫੀਸਦੀ ਹੈ। ਬੰਗਲਾਦੇਸ਼ ਵਿਚ 5.6 ਫੀਸਦੀ, ਪਾਕਿਸਤਾਨ ਵਿਚ 9.2 ਫੀਸਦੀ, ਕਾਂਗੋ 'ਚ 7.4 ਫੀਸਦੀ, ਨਾਇਜੀਰੀਆ ਵਿਚ 8.8 ਫੀਸਦੀ ਅਤੇ ਇਥੋਪੀਆ ਵਿਚ 14.8 ਫੀਸਦੀ ਜ਼ੀਰੋ ਫੂਡ ਬੱਚੇ ਪਾਏ ਗਏ ਹਨ। ਫਿਰ ਮੋਦੀ ਦਾ ਇਹ ਕਹਿਣਾ ਹੈ ਕਿ ਭਾਰਤ ਅੰਦਰ 25 ਕਰੋੜ ਲੋਕ ਗਰੀਬੀ ਵਿਚੋਂ ਕੱਢੇ ਗਏ ਹਨ; ਕਿਨ੍ਹਾਂ-ਕੁ ਠੀਕ ਹੋਵੇਗਾ? ਕੀ 1947 ਤੋਂ ਦੇਸ਼ ਦੀ ਸੱਤਾ 'ਤੇ ਕਾਬਜ਼ ਹੋਏ ਹਰ ਰਾਜਨੀਤਿਕ ਹਾਕਮ ਨੇ "ਦੇਸ਼ ਵਿਚੋਂ ਗਰੀਬੀ ਹਟਾਓ" ਦਾ ਨਾਅਰਾ ਲਾਇਆ! ਵੋਟ ਪ੍ਰਾਪਤ ਕੀਤੀ ਅਤੇ 5 ਸਾਲ ਰਾਜ ਗੱਦੀ 'ਤੇ ਬਿਰਾਜਮਾਨ ਰਹੇ। ਪਰ ਗਰੀਬੀ ਨਹੀਂ ਹਟੀ। ਹਾਂ! ਪਰ ਗਰੀਬ ਹੋਰ ਗਰੀਬ ਹੁੰਦੇ ਗਏ ਅਤੇ ਅਮੀਰ ਹੋਰ ਅਮੀਰ ਹੁੰਦੇ ਗਏ।

ਜੁਮਲਿਆਂ ਅਤੇ ਰਿਉੜੀਆਂ ਵੰਡ ਕੇ ਗਰੀਬੀ-ਗੁਰਬਤ ਵਿਚ ਗਲਤਾਨ ਲੋਕਾਂ ਨੂੰ ਭਰਮਾ ਕੇ ਵੋਟਾਂ ਤਾਂ ਲਈਆਂ ਜਾ ਸਕਦੀਆਂ ਹਨ। ਪਰ ਇਸ ਤਰ੍ਹਾਂ ਗਰੀਬੀ ਨਾ ਤਾਂ ਦੂਰ ਹੋਵੇਗੀ ਤੇ ਨਾ ਹੀ ਦੇਸ਼ ਅੰਦਰ ਆਰਥਿਕ ਨਾ-ਬਰਾਬਤਾ ਨੂੰ ਰੋਕਿਆ ਜਾ ਸਕੇਗਾ। ਗਰੀਬੀ ਦੂਰ ਕਰਨ ਲਈ ਆਵਾਮ ਨੂੰ ਸਿਹਤ, ਸਿੱਖਿਆ ਅਤੇ ਸਮਾਜਿਕ-ਸੁਰੱਖਿਆ ਦਾ ਸੰਵਿਧਾਨਕ ਹੱਕ ਦੇ ਕੇ, ਹਰ ਬਾਲਗ ਨੂੰ ਕੰਮ ਦੇ ਅਧਿਕਾਰ ਦੀ ਸੰਵਿਧਾਨਕ ਗਰੰਟੀ ਰਾਹੀਂ ਰਿਸ਼ਟ-ਪੁਸ਼ਟ ਨਾਗਰਿਕ ਬਣਾ ਕੇ ਹੀ ਗਰੀਬੀ, ਨੰਗ-ਭੁੱਖ ਅਤੇ ਬੇਰੁਜ਼ਗਾਰੀ ਤੋਂ ਛੁਟਕਾਰਾ ਮਿਲ ਸਕਦਾ ਹੈ। ਇਕ ਪਾਸੇ ਗਰੀਬੀ ਘਟਾਉਣ ਲਈ ਜੁਮਲੇ ਛੱਡੇ ਜਾ ਰਹੇ ਹਨ ਅਤੇ ਦੂਸਰੇ ਪਾਸੇ 25 ਲੱਖ ਕਰੋੜ ਦੇ ਕਰਜ਼ਿਆਂ ਦੀ ਛੋਟ ਅਡਾਨੀਆਂ, ਅੰਬਾਨੀਆਂ ਅਤੇ ਹੋਰ ਪੂੰਜੀਪਤੀਆਂ ਨੂੰ ਦੇ ਕੇ (ਆਰ.ਬੀ.ਆਈ.) ਅਤੇ ਗਰੀਬਾਂ ਨੂੰ ਰਿਊੜੀਆਂ ਵੰਡ ਕੇ ਗਰੀਬੀ ਦੂਰ ਨਹੀਂ ਹੋ ਸਕਦੀ ਹੈ। ਲੋਕ ਮੋਦੀ ਦੇ ਇਸ ਜੁਮਲੇ ਨੂੰ ਕਾਫੀ ਹੱਦ ਤੱਕ ਸਮਝਣ ਵੱਲ ਵੱਧ ਰਹੇ ਹਨ। 18ਵੀਂ ਲੋਕ ਸਭਾ ਲਈ ਲੋਕਮਤ ਸਾਹਮਣੇ ਆ ਹੀ ਜਾਵੇਗਾ। ਇੰਤਜਾਰ ਕਰੀਏ।

# ਮੋਹ-ਮੁਹੱਬਤਾਂ ਦਾ ਵਣਜਾਰਾ : ਅਮਰੀਕ ਸਿੰਘ ਛੀਨਾ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਮੁਹੱਬਤ ਹੀ ਜੀਵਨ ਹੈ, ਜੀਵਨ ਹੀ ਮੁਹੱਬਤ ਹੈ। ਮੁਹੱਬਤ ਜੀਵਨ ਦਾ ਕੇਂਦਰ ਬਿੰਦੂ ਹੈ। ਜੀਵਨ ਨੂੰ ਸੁਖਾਲਾ ਤੇ ਆਰਾਮਦਾਇਕ ਬਣਾਉਣ ਲਈ ਮੁਹੱਬਤ ਵਰਦਾਨ ਹੈ। ਇਨਸਾਨੀ ਜੀਵਨ ਪ੍ਰਮਾਤਮਾ ਦਾ ਨਿਸ਼ਚਿਤ ਸਮੇਂ ਲਈ ਦਿੱਤਾ ਗਿਆ ਇੱਕ ਬੇਸ਼ਕੀਮਤੀ ਤੋਹਫ਼ਾ ਹੈ। ਇਸ ਤੋਹਫ਼ੇ ਦਾ ਸਦਉਪਯੋਗ ਕਰਨਾ ਹਰ ਇਨਸਾਨ ਦੇ ਆਪਣੇ ਹੱਥ ਵਿਚ ਹੈ। ਆਮ ਤੌਰ 'ਤੇ ਇਸ ਤੋਹਫ਼ੇ ਦੇ ਮਿਲਣ ਤੋਂ ਬਾਅਦ ਇਨਸਾਨ ਲਾਪ੍ਰਵਾਹ ਹੋ ਜਾਂਦਾ ਹੈ। ਖਾਮਖਾਹ ਨਿੱਕੇ-ਨਿੱਕੇ ਝਗੜੇ-ਝੇੜਿਆਂ ਵਿਚ ਪੈਂਦਾ ਹੋਇਆ ਆਪਣੀ ਜ਼ਿੰਦਗੀ ਲਈ ਦੁੱਖ ਤੇ ਦਰਦ ਸਹੇੜ ਲੈਂਦਾ ਹੈ। ਕੁਝ ਟਾਵੇਂ-ਟਾਵੇਂ ਇਨਸਾਨ ਇਸ ਤੋਹਫ਼ੇ ਦੀ ਅਹਿਮੀਅਤ ਨੂੰ ਸਮਝਦੇ ਹੋਏ ਮੁਹੱਬਤ ਦੇ ਰੰਗ ਵਿਚ ਵਿਲੀਨ ਹੋ ਜਾਂਦੇ ਹਨ। ਉਹ ਹਰ ਪ੍ਰਾਣੀ ਨੂੰ ਮੁਹੱਬਤ ਦੀ ਨਿਗਾਹ ਨਾਲ ਵੇਖਦੇ ਹਨ। ਅਜਿਹੇ ਇਨਸਾਨਾਂ ਵਿਚ ਸੰਤ ਹਜ਼ਾਰਾ ਸਿੰਘ ਦੀ ਵਿਰਾਸਤ ਦਾ ਪਹਿਰੇਦਾਰ ਤੇ ਚਮਕਦਾ ਸਿਤਾਰਾ ਅਮਰੀਕ ਸਿੰਘ ਛੀਨਾ ਸੀ, ਜਿਹੜਾ ਹਮੇਸ਼ਾ ਸਮਾਜ ਵਿਚ ਮੁਹੱਬਤਾਂ ਦੇ ਗੱਫ਼ੇ ਵੰਡਦਾ ਹੋਇਆ ਖ਼ੁਸ਼ਬੋਆਂ ਦੀਆਂ ਛਹਿਬਰਾਂ ਲਗਾਉਂਦਾ ਰਹਿੰਦਾ ਸੀ। ਦੋਸਤਾਂ ਉਹ ਗਾਂਧੀ ਪਰਿਵਾਰ ਦੇ ਵੀ ਨੇੜੇ ਹੋ ਗਏ ਸਨ। ਸੰਜੇ ਗਾਂਧੀ ਅਤੇ ਰਾਜੀਵ ਗਾਂਧੀ ਦੀ ਯੂਥ ਬ੍ਰਿਗੇਡ ਦੇ ਉਹ ਮਹੱਤਵਪੂਰਨ ਮੈਂਬਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਹੇ ਸਨ। ਉਹ ਪੰਜਾਬ ਯੂਥ ਕਾਂਗਰਸ ਦੇ ਸੰਯੁਕਤ ਸਕੱਤਰ, ਉਪ ਪ੍ਰਧਾਨ, ਜ਼ਿਲ੍ਹਾ ਯੂਥ ਕਾਂਗਰਸ ਪਟਿਆਲਾ ਦਿਹਾਤੀ ਦੇ ਪ੍ਰਧਾਨ ਅਤੇ ਨੈਸ਼ਨਲ ਕਾਊਂਸਲ ਆਫ ਯੂਥ ਕਾਂਗਰਸ ਦੇ ਮੈਂਬਰ ਵੀ ਸਨ। ਦੋਸਤਾਂ-ਮਿੱਤਰਾਂ ਦੀਆਂ ਮਹਿਫ਼ਲਾਂ ਦਾ ਸ਼ਿੰਗਾਰ ਹੁੰਦਾ ਸੀ। ਉਸ ਦਾ ਸੰਗੀਤਕ ਦਿਲ ਸੰਗੀਤ ਦੀਆਂ ਲਹਿਰਾਂ ਦੇ ਵਹਿਣ ਵਿਚ ਵਹਿੰਦਾ ਰਹਿੰਦਾ ਸੀ। ਇਸ ਕਰਕੇ ਸੰਗੀਤਕ ਲਹਿਰ ਉਸ ਦੇ ਵਿਅਕਤੀਤਵ ਦਾ ਹਿੱਸਾ ਬਣ ਗਈ ਸੀ। ਸੰਗੀਤ ਦੀਆਂ ਧੁਨਾਂ ਉਸ ਦੇ ਦਿਲ ਦੀ ਧੜਕਣ ਵਿਚ ਸਮਾਈਆਂ ਹੋਈਆਂ ਸਨ। ਪਟਿਆਲਾ ਦੇ ਸੱਭਿਆਚਾਰ ਵਿਚ ਸੰਗੀਤ ਦਾ ਵਿਸ਼ੇਸ਼ ਸਥਾਨ ਹੈ। ਉਸ ਦੀ ਨਿੱਜੀ ਲਾਇਬ੍ਰੇਰੀ ਵਿਚ ਸੰਸਾਰ ਦੇ ਚੋਟੀ ਦੇ ਸੰਗੀਤਕਾਰਾਂ ਦੀਆਂ ਕੈਸਟਾਂ ਮੌਜੂਦ ਸਨ। ਉਹ ਸਿਆਸਤ, ਸੰਗੀਤ ਅਤੇ ਵਿਰਾਸਤ ਦੀ ਤ੍ਰਵੈਣੀ ਸੀ। ਪੰਜਾਬੀ ਖਾਸ ਤੌਰ 'ਤੇ ਸਿੱਖ ਵਿਰਾਸਤ ਬਹੁਤ ਅਮੀਰ ਹੈ ਪ੍ਰੰਤੂ ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਆਪਣੀ ਵਿਰਾਸਤ 'ਤੇ ਪਹਿਰਾ ਦੇਣ ਵਿਚ ਸੰਜੀਦਾ ਨਹੀਂ ਹਨ। ਅਮਰੀਕ ਸਿੰਘ ਛੀਨਾ ਇਕ ਅਜਿਹੇ ਇਨਸਾਨ ਸਨ, ਜਿਨ੍ਹਾਂ ਆਪਣੀ ਸਾਰੀ ਉਮਰ ਵਿਰਾਸਤ 'ਤੇ ਪਹਿਰਾ ਦੇਣ ਨੂੰ ਅਰਪਨ ਕਰ ਦਿੱਤੀ। ਆਮ ਤੌਰ 'ਤੇ ਇਨਸਾਨ ਆਪਣੀ ਜ਼ਿੰਦਗੀ ਝਗੜਿਆਂ-ਝੇੜਿਆਂ, ਦੁਸ਼ਮਣੀਆਂ, ਰੰਜ਼ਿਸ਼ਾਂ, ਲਾਲਸਾਵਾਂ, ਘੁਣਤਰਾਂ, ਚੁੰਜ ਪਹੁੰਚਿਆਂ ਅਤੇ ਖਹਿਬਾਜ਼ੀ ਵਿਚ ਹੀ ਗੁਜ਼ਾਰ ਦਿੰਦਾ ਹੈ। ਅਮਰੀਕ ਸਿੰਘ ਛੀਨਾ ਦੋਸਤਾਂ ਦਾ ਦੋਸਤ ਸੀ। ਉਸ ਨੂੰ ਦੋਸਤੀ ਬਣਾਉਣ ਅਤੇ ਨਿਭਾਉਣ ਦਾ ਸ਼ੌਕ ਸੀ। ਅਮਰੀਕ ਸਿੰਘ ਛੀਨਾ ਇਕ ਅਜਿਹਾ ਇਨਸਾਨ ਸੀ, ਜਿਹੜਾ ਜ਼ਿੰਦਗੀ ਦੀ ਅਹਿਮੀਅਤ ਨੂੰ ਸਮਝਦਾ ਹੋਇਆ ਹਮੇਸ਼ਾ ਖ਼ੁਸ਼ਮਿਜਾਜ਼ ਰਹਿੰਦਾ ਸੀ। ਦੋਸਤ ਬਣਾਉਣੇ ਅਤੇ ਦੋਸਤੀਆਂ ਨਿਭਾਉਣਾ, ਹਰ ਦੋਸਤ ਦੇ ਦੁੱਖ-ਸੁੱਖ ਦਾ ਸਾਥੀ ਬਣਨਾ ਉਸ ਦਾ ਸ਼ੌਕ ਸੀ। ਉਸ ਦੀ ਦੋਸਤੀ ਦਾ ਦਾਇਰਾ ਵਿਸ਼ਾਲ ਸੀ। ਉਸ ਦੀ ਦੋਸਤੀ ਦੇ ਦਾਇਰੇ ਵਿਚ ਆਮ ਆਦਮੀ ਅਤੇ ਵੱਡੇ ਤੋਂ ਵੱਡੇ ਵਿਅਕਤੀ ਸ਼ਾਮਲ ਸਨ। ਕੈਪਟਨ ਅਮਰਿੰਦਰ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਸ. ਬੇਅੰਤ ਸਿੰਘ ਅਤੇ ਜਸਦੇਵ ਸਿੰਘ ਸੰਧੂ ਨਾਲ ਉਨ੍ਹਾਂ ਦੇ ਨਿੱਜੀ ਸੰਬੰਧ ਸਨ। ਵੱਡੇ ਤੇ ਛੋਟੇ ਦੋਵੇਂ ਤਰ੍ਹਾਂ ਦੇ ਬੰਦਿਆਂ ਨਾਲ ਦੋਸਤੀ ਦਾ ਭਾਵ ਆਪਣੇ ਵਿਚ ਕੋਈ ਖਾਸ ਗੁਣ ਹੋਣਾ ਹੁੰਦਾ ਹੈ। ਹਰ ਵਕਤ ਹੱਸਦੇ ਰਹਿਣਾ ਅਤੇ ਹਰ ਇਕ ਮਿਲਣ ਵਾਲੇ ਵਿਅਕਤੀ ਨਾਲ ਰਚ-ਮਿਚ ਜਾਣਾ, ਇਹੀ ਉਸ ਦੀ ਜ਼ਿੰਦਗੀ ਦਾ ਨਿਸ਼ਾਨਾ ਸੀ। ਉਸ ਨੇ ਹਰ ਦੁੱਖ-ਸੁੱਖ ਵਿਚ ਕਦੇ ਵੀ ਮੱਥੇ ਵੱਟ ਨਹੀਂ ਪਾਇਆ ਸੀ। ਉਹ ਇਕੱਲਾ ਰਹਿਣ ਵਿਚ ਯਕੀਨ ਨਹੀਂ ਰੱਖਦਾ ਸੀ, ਹਮੇਸ਼ਾ ਦੋਸਤਾਂ-ਮਿੱਤਰਾਂ ਦੀ ਮਹਿਫਲ ਵਿਚ ਘਿਰਿਆ ਰਹਿੰਦਾ ਸੀ। ਅਮਰੀਕ ਸਿੰਘ ਛੀਨਾ ਇਕ ਅਜਿਹੀ ਵਿਲੱਖਣ ਸ਼ਖ਼ਸ਼ੀਅਤ ਦੇ ਮਾਲਕ ਸਨ, ਜਿਹੜੇ ਪੁਰਾਤਨ ਵਿਰਾਸਤ ਦੀਆਂ ਪ੍ਰਤੀਕ ਵਸਤਾਂ ਦੀ ਸਾਂਭ-ਸੰਭਾਲ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਰਹੇ ਸਨ। ਅਮਰੀਕ ਸਿੰਘ ਛੀਨਾ ਦੀ ਵਿਰਾਸਤ ਵੀ ਕਾਫੀ ਅਮੀਰ ਸੀ। ਵਿਰਾਸਤੀ ਪੂੰਜੀ ਦੇ ਨਾਲ ਉਹ ਹਰਫਨਮੌਲਾ ਬਣ ਗਿਆ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਨਿਖ਼ਾਰ ਆ ਗਿਆ।



ਪ੍ਰਾਹੁਣਚਾਰੀ ਦੇ ਅਰਥਾਂ ਨੂੰ ਉਹ ਸਮਝਦਾ ਹੀ ਨਹੀਂ, ਸਗੋਂ ਪ੍ਰਾਹੁਣਚਾਰੀ ਕਰਨ ਦਾ ਵੀ ਮਾਹਿਰ ਸੀ। ਉਸ ਦੇ ਸਨੌਰ ਨਜ਼ਦੀਕ ਸੰਤ ਹਜ਼ਾਰਾ ਸਿੰਘ ਫਾਰਮ ਵਿਚ ਦੇਸ਼-ਵਿਦੇਸ਼ ਤੋਂ ਮਹਿਮਾਨ ਆਏ ਹੀ ਰਹਿੰਦੇ ਸੀ। ਉਹ ਉਨ੍ਹਾਂ ਦੋਸਤਾਂ-ਮਿੱਤਰਾਂ ਦੀ ਮਹਿਮਾਨਨਿਵਾਜ਼ੀ ਲਈ ਮਹਿਫ਼ਲਾਂ ਸਜਾਉਂਦਾ ਰਹਿੰਦਾ ਸੀ। ਮਹਿਮਾਨਨਿਵਾਜ਼ੀ ਵੀ ਉਸ ਨੂੰ ਵਿਰਾਸਤ ਵਿਚੋਂ ਹੀ ਮਿਲੀ ਸੀ। ਪਟਿਆਲਾ ਰਿਆਸਤੀ ਸ਼ਹਿਰ ਹੋਣ ਕਰਕੇ ਇਥੇ ਵਿਦੇਸ਼ਾਂ ਵਿਚੋਂ ਸੈਲਾਨੀ ਆਉਂਦੇ ਰਹਿੰਦੇ ਸਨ। ਅਮਰੀਕ ਸਿੰਘ ਛੀਨਾ ਕੈਪਟਨ ਅਮਰਿੰਦਰ ਸਿੰਘ ਦਾ ਰਾਜਨੀਤਿਕ ਸਕੱਤਰ ਹੋਣ ਕਰਕੇ ਉਨ੍ਹਾਂ ਸੈਲਾਨੀਆਂ ਨੂੰ ਇਤਿਹਾਸਕ ਅਤੇ ਪੁਰਾਤਤਵ ਨਾਲ ਸੰਬੰਧਤ 'ਤੇ ਲੈ ਕੇ ਜਾਂਦਾ ਸੀ। ਉਸ ਦੀ ਕੋਸ਼ਿਸ਼ ਹੁੰਦੀ ਸੀ ਕਿ ਉਹ ਸੈਲਾਨੀ ਉਸ ਦੇ ਫਾਰਮ ਹਾਊਸ 'ਤੇ ਜ਼ਰੂਰ ਆਉਣ, ਫਿਰ ਉਹ ਉਨ੍ਹਾਂ ਦੇ ਮਨੋਰੰਜਨ ਲਈ ਸੰਗੀਤ ਦੀਆਂ ਮਹਿਫਲਾਂ ਦਾ ਪ੍ਰਬੰਧ ਕਰਦਾ ਸੀ। ਉਹ ਗਾਂਧੀ ਪਰਿਵਾਰ ਦੇ ਵੀ ਨੇੜੇ ਹੋ ਗਏ ਸਨ। ਸੰਜੇ ਗਾਂਧੀ ਅਤੇ ਰਾਜੀਵ ਗਾਂਧੀ ਦੀ ਯੂਥ ਬ੍ਰਿਗੇਡ ਦੇ ਉਹ ਮਹੱਤਵਪੂਰਨ ਮੈਂਬਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਰਹੇ ਸਨ। ਉਹ ਪੰਜਾਬ ਯੂਥ ਕਾਂਗਰਸ ਦੇ ਸੰਯੁਕਤ ਸਕੱਤਰ, ਉਪ ਪ੍ਰਧਾਨ, ਜ਼ਿਲ੍ਹਾ ਯੂਥ ਕਾਂਗਰਸ ਪਟਿਆਲਾ ਦਿਹਾਤੀ ਦੇ ਪ੍ਰਧਾਨ ਅਤੇ ਨੈਸ਼ਨਲ ਕਾਊਂਸਲ ਆਫ ਯੂਥ ਕਾਂਗਰਸ ਦੇ ਮੈਂਬਰ ਵੀ ਸਨ। ਪ੍ਰੰਤੂ ਬਲਿਊ ਸਟਾਰ ਆਪ੍ਰੇਸ਼ਨ ਤੋਂ ਬਾਅਦ ਉਸ ਨੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ। ਕੈਪਟਨ ਅਮਰਿੰਦਰ ਸਿੰਘ ਵੱਲੋਂ ਲੋਕ ਸਭਾ ਅਤੇ ਕਾਂਗਰਸ ਪਾਰਟੀ ਤੋਂ ਅਸਤੀਫਾ ਦੇਣ ਤੋਂ ਬਾਅਦ ਬਣਾਈ ਗਈ ਸਿੱਖ ਫੋਰਮ ਦੇ ਉਹ ਜਨਰਲ ਸਕੱਤਰ ਸਨ। 1984 ਵਿਚ ਇਨਟੈਕ (ਦਾ ਇੰਡੀਅਨ ਨੈਸ਼ਨਲ ਟਰੱਸਟ ਫਾਰ ਆਰਟ ਐਂਡ ਕਲਚਰਲ ਹੈਰੀਟੇਜ) ਦਾ ਪੰਜਾਬ ਚੈਪਟਰ ਬਣਾਇਆ ਗਿਆ, ਤਾਂ ਅਮਰੀਕ ਸਿੰਘ ਛੀਨਾ ਨੂੰ ਇਨਟੈਕ ਦੇ ਪੰਜਾਬ ਚੈਪਟਰ ਦਾ ਕੋ-ਕਨਵੀਨਰ ਬਣਾਇਆ ਗਿਆ। ਜਿਸ ਕਰਕੇ ਉਨ੍ਹਾਂ ਸਮੁੱਚੇ ਪੰਜਾਬ ਦੀਆਂ ਪੁਰਾਤਨ ਥਾਵਾਂ ਦੀ ਵੇਖ ਭਾਲ ਦਾ ਕੰਮ ਸੰਭਾਲਿਆ ਹੋਇਆ ਸੀ। ਉਹ ਇਨਟੈਕ ਦੇ ਪਟਿਆਲਾ ਚੈਪਟਰ ਦਾ ਕਨਵੀਨਰ ਬਣਾ ਦਿੱਤਾ। ਇਸ ਤੋਂ ਇਲਾਵਾ ਉਹ ਲੰਮਾ ਸਮਾਂ ਇਨਟੈਕ ਦੀ ਗਵਰਨਿੰਗ ਕੌਂਸਲ ਦੇ ਮੈਂਬਰ ਵੀ ਰਹੇ। ਪਟਿਆਲਾ ਚੈਪਟਰ ਦਾ ਕਨਵੀਨਰ ਹੋਣ ਦੇ ਨਾਤੇ ਉਨ੍ਹਾਂ ਦੀ ਜ਼ਿੰਮੇਵਾਰੀ ਸੀ ਕਿ ਉਹ ਪਟਿਆਲਾ ਸਥਿਤ ਪੁਰਾਤਨ ਇਮਾਰਤਾਂ ਜਿਨ੍ਹਾਂ ਵਿਚ ਕਿਲ੍ਹਾ ਮੁਬਾਰਕ, ਸ਼ੀਸ਼ ਮਹਿਲ, ਐੱਨ.ਆਈ.ਐੱਸ., ਮਾਈ ਕੀ ਸਰਾਂ, ਬੱਘੀ ਖਾਨਾ, ਬਹਾਦਰਗੜ੍ਹ ਦਾ ਕਿਲ੍ਹਾ, ਬਾਰਾਂਦਰੀ ਬਾਗ, ਪੋਲੋ ਗਰਾਊਂਡ, ਪਟਿਆਲਾ ਅੰਦਰੂਨ ਦੇ ਆਲੇ ਦੁਆਲੇ ਦਰਵਾਜ਼ੇ, ਕਾਲੀ ਦੇਵੀ ਦਾ ਮੰਦਰ, ਸਰਕਟ ਹਾਊਸ, ਰਾਜਿੰਦਰਾ ਕੋਠੀ, ਫਰਨ ਹਾਊਸ, ਜਿੰਮਖਾਨਾ ਕਲੱਬ ਅਤੇ ਹੋਰ ਪੁਰਾਤਨ ਇਮਾਰਤਾਂ ਦੀ ਸਾਂਭ ਸੰਭਾਲ ਕਰਨ ਦਾ ਕੰਮ ਕਰਨ। ਜਦੋਂ ਪੰਜਾਬ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਨੇ ਕਿਲ੍ਹੇ ਦੀ ਇਮਾਰਤ ਨੂੰ ਸ਼ਹਿਰੀਆਂ ਲਈ ਖ਼ਤਰਨਾਕ ਐਲਾਨ ਕਰਕੇ ਢਾਹੁਣ ਦਾ ਹੁਕਮ ਕਰ ਦਿੱਤਾ, ਤਾਂ ਅਮਰੀਕ ਸਿੰਘ ਛੀਨਾ ਨੇ 1993 'ਚ ਹਾਈ ਕੋਰਟ ਵਿਚ ਇਨਟੈਕ ਵੱਲੋਂ ਰਿਟ ਆਪਣੇ ਖ਼ਰਚੇ 'ਤੇ ਦਾਖਲ ਕਰਕੇ ਕਿਲ੍ਹੇ ਨੂੰ ਢਾਹੁਣ ਤੋਂ ਰੁਕਵਾਇਆ। ਇਸ ਸੰਬੰਧੀ ਉਹ ਉਦੋਂ ਦੇ ਪੰਜਾਬ ਦੇ ਮੁੱਖ ਮੰਤਰੀ ਸ. ਬੇਅੰਤ ਸਿੰਘ ਨੂੰ ਵੀ ਕਿਲ੍ਹਾ ਵਿਖਾਉਣ ਲਈ ਲੈ ਕੇ ਆਇਆ ਸੀ। ਪੋਲੋ ਗਰਾਊਂਡ ਵਿਚ ਇਮਾਰਤਾਂ ਬਣਾਉਣ ਤੋਂ ਰੋਕਣ ਲਈ ਵੀ ਉਨ੍ਹਾਂ ਨੇ ਹਾਈ ਕੋਰਟ ਦਾ ਸਹਾਰਾ ਲਿਆ। ਇਥੋਂ ਤੱਕ ਕਿ ਜਦੋਂ ਕਾਰ ਸੇਵਾ ਦੇ ਨਾਂ 'ਤੇ ਪਟਿਆਲਾ ਸ਼ਹਿਰ ਦੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਬੀੜ ਮੋਤੀ ਬਾਗ ਸਾਹਿਬ ਨੂੰ ਢਾਹ ਕੇ ਨਵੀਂ ਇਮਾਰਤ ਬਣਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਾਰ ਸੇਵਾ ਕਰਵਾਉਣੀ ਚਾਹੀ, ਤਾਂ ਵੀ ਉਸਨੇ ਇਸਦਾ ਡੱਟਕੇ ਵਿਰੋਧ ਕੀਤਾ। ਫਿਰ 1988 ਵਿਚ ਅੰਦਰੂਨ ਸ਼ਹਿਰ ਦੇ ਆਲੇ-ਦੁਆਲੇ ਵਾਲੇ ਦਰਵਾਜ਼ਿਆਂ ਨੂੰ ਢਾਹੁਣ ਤੋਂ ਰੋਕਿਆ, ਤਾਂ ਜੋ ਸ਼ਹਿਰ ਦੀ ਪੁਰਾਤਨ ਦਿਖ ਬਰਕਰਾਰ ਰਹਿ ਸਕੇ। 1988 ਵਿਚ ਹੀ ਉਨ੍ਹਾਂ ਨੇ ਸ਼ੀਸ਼ ਮਹਿਲ ਮੋਤੀ ਬਾਗ ਵਿਚਲੀ ਨੈਸ਼ਨਲ ਹਿਸਟਰੀ ਗੈਲਰੀ ਉਥੋਂ ਹਟਾਉਣ ਤੋਂ ਰੋਕਣ ਲਈ ਰਿਟ ਕਰਕੇ ਸਟੇਅ ਆਰਡਰ ਲਿਆ। ਸਹੀ ਅਰਥਾਂ ਵਿਚ ਅਮਰੀਕ ਸਿੰਘ ਛੀਨਾ ਇਕੱਲਾ ਇਕੱਹਿਰਾ ਹੀ ਇਕ ਸੰਸਥਾ ਜਿਤਨਾ ਕੰਮ ਕਰ ਰਹੇ ਸਨ। ਅਮਰੀਕ ਸਿੰਘ ਛੀਨਾ ਸਰਬਕਲਾਂ ਸੰਪੂਰਨ ਪੜ੍ਹਿਆ-ਲਿਖਿਆ ਅਤੇ ਗੁੜ੍ਹਿਆ ਹੋਇਆ ਵਿਅਕਤੀ ਸੀ, ਜਿਹੜੇ ਹਰ ਖੇਤਰ ਦੀ ਬਾਰੀਕੀ ਨਾਲ ਜਾਣਕਾਰੀ ਰੱਖਦੇ ਸਨ। ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਮਾਹਿਰ ਸਨ। ਉਨ੍ਹਾਂ ਨਾਲ ਕਿਸੇ ਵਿਸ਼ੇ ਉਪਰ ਵਿਚਾਰ-ਚਰਚਾ ਕਰ ਲਵੋ, ਹਮੇਸ਼ਾ ਸਾਰਥਕ ਅਤੇ ਉਸਾਰੂ ਵਿਚਾਰ ਪ੍ਰਗਟ ਕਰਦੇ ਸਨ। ਉਨ੍ਹਾਂ ਦੇ ਘਰ ਹਮੇਸ਼ਾ ਲੰਗਰ ਚਲਦਾ ਰਹਿੰਦਾ ਸੀ। ਗ਼ਰੀਬ ਲੜਕੀਆਂ ਦੀ ਪੜ੍ਹਾਈ ਅਤੇ ਵਿਆਹਾਂ ਵਿਚ ਵੀ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਸਨ। ਕਿਸੇ ਵੀ ਲੋੜਵੰਦ ਨੂੰ ਉਹ ਆਪਣੇ ਘਰੋਂ ਨਿਰਾਸ਼ ਹੋ ਕੇ ਨਹੀਂ ਜਾਣ ਦਿੰਦੇ ਸਨ। ਭੰਗੜੇ ਦੇ ਵੀ ਸ਼ੌਕੀਨ ਸਨ। ਉਸ ਵਿਚ ਇਹ ਗੁਣ ਸੀ ਕਿ ਹਰ ਡੈਲੀਗੇਸ਼ਨ ਦੀ ਪ੍ਰਾਹੁਣਚਾਰੀ ਉਹ ਖ਼ੁਦ ਆਪ ਕਰਦੇ ਸਨ। ਉਹ ਖ਼ੂਨਦਾਨ ਅਤੇ ਅੱਖਾਂ ਦੀਆਂ ਬਿਮਾਰੀਆਂ ਦੇ ਮੁਫ਼ਤ ਕੈਂਪ ਲਗਾਉਂਦੇ ਸਨ। ਰੋਟੇਰੀਅਨ ਦੇ ਤੌਰ 'ਤੇ ਅੰਬੈਸਡਰ ਆਫ ਗੁਡਵਿਲ ਦੇ ਤੌਰ 'ਤੇ ਫਿਨਲੈਂਡ ਅਤੇ ਇੰਗਲੈਂਡ ਵੀ ਗਏ ਸਨ। ਇਸ ਤੋਂ ਇਲਾਵਾ ਅਮਰੀਕਾ, ਕੈਨੇਡਾ, ਇਟਲੀ, ਫਰਾਂਸ ਅਤੇ ਪੱਛਮੀਂ ਜਰਮਨੀ ਦੀ ਯਾਤਰਾ ਵੀ ਕੀਤੀ ਸੀ।

ਅਮਰੀਕ ਸਿੰਘ ਛੀਨਾ ਦਾ ਜਨਮ 9 ਦਸੰਬਰ, 1949 ਨੂੰ ਸੰਤ ਹਜ਼ਾਰਾ ਸਿੰਘ ਅਤੇ ਮਾਤਾ ਇੰਦਰਜੀਤ ਕੌਰ ਦੇ ਘਰ ਲੁਧਿਆਣਾ ਜ਼ਿਲ੍ਹੇ ਦੇ ਦੋਰਾਹਾ ਵਿਖੇ ਹੋਇਆ। ਫਿਰ ਇਹ ਪਰਿਵਾਰ ਪਟਿਆਲਾ ਜ਼ਿਲ੍ਹੇ ਦੇ ਸਨੌਰ ਕਸਬੇ ਦੇ ਬਾਹਰਵਾਰ ਆਕੇ ਖੇਤਾਂ ਵਿਚ ਵਸ ਗਿਆ ਸੀ। ਬੀ.ਏ. ਤੱਕ ਦੀ ਪੜ੍ਹਾਈ ਮਹਿੰਦਰਾ ਕਾਲਜ ਪਟਿਆਲਾ, ਜਰਨਲਿਜ਼ਮ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਲਾਅ ਦੀ ਡਿਗਰੀ ਦੇਹਰਾਦੂਨ ਤੋਂ ਪਾਸ ਕੀਤੀ। ਅਮਰੀਕ ਸਿੰਘ ਛੀਨਾ ਦੀ 28 ਮਈ, 1995 ਨੂੰ ਇਕ ਸੜਕ ਹਾਦਸੇ ਤੋਂ ਬਾਅਦ ਮੌਤ ਹੋ ਗਈ ਸੀ। ਉਨ੍ਹਾਂ ਦੀ ਪਤਨੀ ਸ਼੍ਰੀਮਤੀ ਸੁਖਵੰਤ ਕੌਰ ਛੀਨਾ, ਸਪੁੱਤਰ ਕਰਨਬੀਰ ਸਿੰਘ ਛੀਨਾ, ਨੂੰਹ ਖ਼ੁਸ਼ਪਿੰਦਰ ਕੌਰ ਛੀਨਾਂ ਅਤੇ ਸਪੁੱਤਰੀ ਅਨੰਤਬੀਰ ਕੌਰ ਚੀਮਾ ਸੰਤ ਹਜ਼ਾਰਾ ਸਿੰਘ ਅਤੇ ਅਮਰੀਕ ਸਿੰਘ ਛੀਨਾ ਦੇ ਪਦ ਚਿੰਨ੍ਹਾਂ 'ਤੇ ਚੱਲਦਿਆਂ ਸਮਾਜ ਸੇਵਾ ਦਾ ਕੰਮ ਕਰ ਰਹੇ ਹਨ।

# ਜਦੋਂ ਪ੍ਰਜ਼ਾਈਡਿੰਗ ਅਫਸਰ ਟਰੱਕਾਂ ਦੀ ਬਜਾਇ ਬੱਸਾਂ 'ਚ ਜਾਣ ਲੱਗੇ

ਮੇਜਰ ਸਿੰਘ ਨਾਭਾ
ਮੋ: 94635-53962
ਪੰਜਾਬ ਮੇਲ USA

ਭਾਰਤ ਅੰਦਰ ਲੋਕਤੰਤਰ ਸਰਕਾਰ ਹੋਣ ਕਾਰਨ ਇਥੇ ਸਥਾਨਕ ਸਰਕਾਰਾਂ, ਰਾਜ ਸਰਕਾਰਾਂ ਅਤੇ ਕੇਂਦਰ ਸਰਕਾਰ ਦੀ ਵਿਵਸਥਾ ਹੈ। ਇਨ੍ਹਾਂ ਸਰਕਾਰਾਂ ਨੂੰ ਬਣਾਉਣ ਲਈ ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰਦੇ ਹਨ। ਇਨ੍ਹਾਂ ਦੀ ਮਿਆਦ ਆਮ ਹਾਲਾਤਾਂ 'ਚ ਪੰਜ ਸਾਲ ਹੁੰਦੀ ਹੈ। ਇਨ੍ਹਾਂ ਦੇ ਚੋਣ ਸਮੇਂ ਦਾ ਸਡਿਊਲ ਪੰਜ ਸਾਲਾਂ 'ਚ ਇੱਕੋ ਸਮੇਂ ਨਹੀਂ ਹੁੰਦਾ, ਸਗੋਂ ਵੱਖਰਾ-ਵੱਖਰਾ ਹੋਣ ਕਰਕੇ ਚੋਣ ਅਮਲਾ ਆਪਣੇ ਮਹਿਕਮੇ ਦਾ ਕੰਮ ਛੱਡ ਕੇ ਇਹ ਜ਼ਰੂਰੀ ਡਿਊਟੀ ਨਿਭਾਉਣ ਲਈ ਪਾਬੰਦ ਹੁੰਦਾ ਹੈ। ਚੋਣ ਕਰਵਾਉਣ ਵਾਲੀ ਪਾਰਟੀ ਵਿਚ ਪ੍ਰਜ਼ਾਈਡਿੰਗ ਅਫਸਰ ਦਾ ਚੋਣ ਪ੍ਰਕ੍ਰਿਆ ਵਿਚ ਮਹੱਤਵਪੂਰਣ ਰੋਲ ਹੁੰਦਾ ਹੈ। ਵੋਟਰਾਂ ਨਾਲ ਸਿੱਧਾ ਸਬੰਧ ਪੋਲਿੰਗ ਪਾਰਟੀ ਦਾ ਹੁੰਦਾ ਹੈ। ਦੋ ਜਾਂ ਤਿੰਨ ਪੋਲਿੰਗ ਅਫਸਰ ਅਤੇ ਇੱਕ ਸਹਾਇਕ ਪ੍ਰਜ਼ਾਈਡਿੰਗ ਅਫਸਰ ਨਾਲ ਇੱਕ ਪ੍ਰਜ਼ਾਈਡਿੰਗ ਅਫਸਰ ਲਾਇਆ ਜਾਂਦਾ ਹੈ, ਜੋ ਕਿ ਸਾਰੀ ਪੋਲਿੰਗ ਪਾਰਟੀ ਦੀ ਦੇਖ-ਰੇਖ ਕਰਦਾ ਹੈ। ਪੋਲਿੰਗ ਸਟੇਸ਼ਨ 'ਤੇ ਡਿਊਟੀ ਦੇ ਰਹੀ ਪੁਲਿਸ ਵੀ ਉਸ ਅਧੀਨ ਕੰਮ ਕਰਦੀ ਹੈ। ਉਸ ਨੂੰ ਚੋਣ ਕਮਿਸ਼ਨ ਵਲੋਂ ਮੌਕੇ 'ਤੇ ਫੈਸਲੇ ਲੈਣ ਦੇ ਅਧਿਕਾਰ ਮਿਲੇ ਹੁੰਦੇ ਹਨ। ਵਿਧਾਨ ਸਭਾ ਚੋਣ 2007 ਤੋਂ ਪਹਿਲਾਂ ਇਨ੍ਹਾਂ ਪੋਲਿੰਗ ਅਫਸਰਾਂ ਨੂੰ ਟਰੱਕਾਂ ਵਿਚ ਜਾਨਵਰਾਂ ਵਾਂਗ ਲੱਦ ਕੇ ਲਿਜਾਇਆ ਜਾਂਦਾ ਸੀ। ਪੰਜਾਬ ਦੀਆਂ ਪੇਂਡੂ ਸੜਕਾਂ ਤੋਂ ਲੰਘਦੇ ਇਹ ਟਰੱਕ ਇਨ੍ਹਾਂ ਅਫਸਰਾਂ ਦੀਆਂ ਪੱਸਲੀਆਂ ਹਿੱਲਾ ਕੇ ਰੱਖ ਦਿੰਦੇ। ਕੱਪੜੇ ਟਰੱਕ ਦੀ ਗੰਦੀ ਬਾਡੀ ਨਾਲ ਖਹਿ-ਖਹਿ ਕੇ ਖਰਾਬ ਹੋ ਜਾਂਦੇ ਸਨ।




ਵਿਧਾਨ ਸਭਾ ਚੋਣਾਂ 2007 ਦਾ ਐਲਾਨ ਹੋ ਚੁੱਕਿਆ ਸੀ। ਮੇਰੀ ਨਿਯੁਕਤੀ ਸਿੱਖਿਆ ਵਿਭਾਗ ਵਿਚ ਬਤੌਰ ਅਧਿਆਪਕ 1997 ਵਿਚ ਹੋਈ। ਇਹ ਮੇਰੀ ਤੀਸਰੀ ਚੋਣ ਡਿਊਟੀ ਸੀ। ਡਿਊਟੀ 'ਤੇ ਟਰੱਕਾਂ 'ਚ ਜਾਣ ਦਾ ਦੋ ਚੋਣਾਂ ਨੇ ਤਜ਼ਰਬਾ ਕਰਵਾ ਦਿੱਤਾ ਸੀ। ਸਮਾਜਿਕ ਬੁਰਾਈਆਂ ਜਾਂ ਲੋਕ ਮਸਲਿਆਂ 'ਤੇ ਲਿਖਣ ਦੀ ਮੇਰੀ ਆਦਤ ਪਹਿਲਾਂ ਹੀ ਬਣ ਚੁੱਕੀ ਸੀ। ਇਸ ਵਿਸ਼ੇ ਨਾਲ ਸਬੰਧਤ ਮੇਰੀ ਰਚਨਾ' 'ਕੀ ਐਤਕੀਂ ਵੀ ਪ੍ਰੀਜ਼ਾਇਡਿੰਗ ਅਫਸਰ ਟਰੱਕਾਂ 'ਚ ਹੀ ਜਾਣਗੇ?' ਰੋਜ਼ਾਨਾ ਦੇਸ਼ ਸੇਵਕ ਵਿਚ 1 ਜਨਵਰੀ, 2007 ਨੂੰ ਪ੍ਰਕਾਸ਼ਿਤ ਹੋ ਗਈ। ਇਹ ਰਚਨਾ 'ਪੰਜਾਬੀ ਟ੍ਰਿਬਿਊਨ' ਵਿਚ ਅਤੇ ਕਈ ਹੋਰ ਅਖ਼ਬਾਰਾਂ ਵਿਚ ਵੀ ਛਪੀ। ਇਸ ਮੁੱਦੇ 'ਤੇ ਕਈ ਪਹਿਲੂਆਂ ਨੂੰ ਛੂਹਿਆ ਗਿਆ। ਅਸਲ 'ਚ ਕਾਨੂੰਨੀ ਨਜ਼ਰ ਨਾਲ ਦੇਖਿਆ ਜਾਵੇ, ਤਾਂ ਟਰੱਕ ਸਮਾਨ ਲੱਦਣ ਜਾਂ ਡੰਗਰ ਲੱਦਣ ਲਈ ਤਾਂ ਵਰਤੇ ਜਾ ਸਕਦੇ ਹਨ ਪਰ ਵਿਅਕਤੀ ਢੋਣ ਲਈ ਨਹੀਂ। ਵੈਸੇ ਵੀ ਟਰੱਕ 'ਚ ਚੜ੍ਹਨਾ ਹਰੇਕ ਦੇ ਵਸ ਦਾ ਕੰਮ ਨਹੀਂ, ਔਰਤ ਮੁਲਾਜ਼ਮਾਂ ਲਈ ਤਾਂ ਚੜ੍ਹਨਾ ਕਠਿਨ ਹੋਣਾ ਹੀ ਹੈ। ਕਈ ਮੁਲਾਜ਼ਮ ਗੰਭੀਰ ਬਿਮਾਰੀਆਂ ਤੋਂ ਪੀੜ੍ਹਤ ਹੁੰਦੇ ਹਨ, ਉਨ੍ਹਾਂ ਲਈ ਇਹ ਸਫਰ ਖਤਰੇ ਤੋਂ ਬਾਹਰ ਨਹੀਂ ਹੁੰਦਾ। ਟਰੱਕਾਂ ਦੇ ਪਿਛਾਂਹ ਦੀ ਚੜ੍ਹਨ ਲਈ ਕੋਈ ਸਹੂਲਤ ਨਹੀਂ ਹੁੰਦੀ ਕਿਉਂਕਿ ਇਹ ਸਵਾਰੀ ਲਈ ਨਹੀਂ, ਸਗੋਂ ਭਾਰ ਢੋਣ ਲਈ ਬਣਾਏ ਹੁੰਦੇ ਹਨ। ਪਰ ਸਾਡੇ ਉੱਚ ਯੋਗਤਾ ਪ੍ਰਾਪਤ ਚੋਣ ਕਰਾਉਣ ਦੇ ਤਜ਼ਰਬੇਕਾਰ ਮੁਲਾਜ਼ਮ ਪਿਛਲੇ ਲੰਮੇ ਸਮਿਆਂ ਤੋਂ ਟਰੱਕਾਂ 'ਚ ਸਵਾਰ ਹੋ ਕੇ ਕਠਿਨਾਈਆਂ ਝੱਲਦੇ ਰਹੇ। ਇਸ ਤਰ੍ਹਾਂ ਚੋਣ ਅਮਲੇ ਨੂੰ ਟਰੱਕਾਂ 'ਚ ਲਿਜਾ ਕੇ ਇਥੇ ਸਰਕਾਰ ਆਪਣੇ ਟਰੈਫਿਕ ਨਿਯਮਾਂ ਨੂੰ ਆਪ ਹੀ ਤੋੜਦੀ ਰਹੀ। ਇਸ ਲਈ ਕਿਸੇ ਵੀ ਸਹੂਲਤ ਨੂੰ ਲੈਣ ਲਈ ਆਵਾਜ਼ ਉਠਾਉਣੀ ਜ਼ਰੂਰੀ ਹੈ, ਜੋ ਕਿ ਕਾਨੂੰਨੀ ਤੌਰ 'ਤੇ ਸਰਕਾਰ ਵਲੋਂ ਦੇਣੀ ਬਣਦੀ ਹੋਵੇ।

ਪੰਜਾਬ ਅੰਦਰ ਵਿਧਾਨ ਸਭਾ ਚੋਣਾਂ 2007 ਅਗਲੇ ਮਹੀਨੇ 13 ਫਰਵਰੀ ਨੂੰ ਹੋਈਆਂ, ਤਾਂ ਪਹਿਲੀ ਵਾਰ ਕਈ ਜ਼ਿਲ੍ਹਿਆਂ 'ਚ ਬੱਸਾਂ ਦਾ ਪ੍ਰਬੰਧ ਕੀਤਾ ਗਿਆ। ਮੇਰੀ ਚੋਣ ਡਿਊਟੀ ਸੰਗਰੂਰ ਜ਼ਿਲ੍ਹੇ ਦੇ ਇੱਕ ਪਿੰਡ ਲੱਗੀ ਹੋਈ ਸੀ ਅਤੇ ਉਸ ਦਿਨ ਸਾਰੀ ਰਾਤ ਮੀਂਹ ਪੈਂਦਾ ਰਿਹਾ। ਠੰਡ ਜ਼ਿਆਦਾ ਹੋਣ ਕਾਰਨ ਰਾਤ ਔਖੀ ਹੀ ਲੰਘੀ। ਜੇਕਰ ਟਰੱਕ 'ਚ ਆਏ ਹੁੰਦੇ, ਤਾਂ ਮੀਂਹ ਦਾ ਜਾਣ ਵੇਲੇ ਤੱਕ ਡਰ ਬਣਿਆ ਰਹਿਣਾ ਸੀ। ਮਨ ਨੂੰ ਸਕੂਨ ਮਿਲਿਆ ਕਿ ਜੋ ਆਵਾਜ਼ ਉਠਾਈ ਸੀ, ਉਹ ਪੂਰੀ ਹੋ ਗਈ। ਬੱਸਾਂ 'ਚ ਲਿਜਾਣ ਦਾ ਇਹ ਫੈਸ਼ਲਾ ਪ੍ਰਸ਼ਾਸਨ ਦਾ ਭਾਵੇਂ ਪਹਿਲਾਂ ਹੀ ਸੀ ਜਾਂ ਮੇਰੀ ਰਚਨਾ ਕਰਕੇ ਜਾਂ ਕਿਵੇਂ ਵੀ ਲਿਆ ਗਿਆ, ਜੋ ਕਿ ਬਹੁਤ ਸਮਾਂ ਪਹਿਲਾਂ ਹੀ ਲੈ ਲੈਣਾ ਚਾਹੀਦਾ ਸੀ, ਪਰ ਫੈਸਲਾ ਲੈ ਲਿਆ ਗਿਆ, ਇਹ ਬਹੁਤ ਵਧੀਆ ਲੱਗਿਆ ਅਤੇ ਸਾਰਿਆਂ ਲਈ ਖੁਸ਼ੀ ਵਾਲੀ ਗੱਲ ਸੀ। ਪਰ ਇਸ ਤੋਂ ਪਹਿਲਾਂ ਕਿਸੇ ਜਥੇਬੰਦੀ ਵਲੋਂ ਇਸ ਸਹੂਲਤ ਲਈ ਕਦੇ ਆਵਾਜ਼ ਨਹੀਂ ਉਠਾਈ ਗਈ, ਜੋ ਕਿ ਜ਼ਬਰਦਸਤ ਢੰਗ ਨਾਲ ਉਠਾਉਣੀ ਚਾਹੀਦੀ ਸੀ। ਮੈਂ ਆਪਣੀ ਰਚਨਾ 'ਚ ਦੂਸਰੀ ਗੱਲ ਚੋਣਾਂ ਸਮੇਂ ਰਾਤ ਨੂੰ ਠਹਿਰਣ ਸਮੇਂ ਸੌਣ ਲਈ ਉੱਚਿਤ ਪ੍ਰਬੰਧ ਬਾਰੇ ਵੀ ਜ਼ਿਕਰ ਕੀਤਾ ਸੀ ਕਿਉਂਕਿ ਅਗਲੇ ਦਿਨ ਲਗਾਤਾਰ ਸਖਤ ਡਿਊਟੀ ਦੇਣੀ ਹੁੰਦੀ ਹੈ ਕਿਉਂਕਿ ਉਨੀਂਦਰੇ ਹੋਣ ਕਾਰਣ ਵੋਟਾਂ ਪਵਾਉਣ ਦਾ ਕੰਮ ਕਰਨਾ ਔਖਾ ਹੋ ਜਾਂਦਾ ਹੈ। ਇਸ ਤੋਂ ਬਾਅਦ ਅਗਲੀਆਂ ਸਾਰੀਆਂ ਚੋਣਾਂ 'ਚ ਬੱਸਾਂ ਪੋਲਿੰਗ ਪਾਰਟੀਆਂ ਨੂੰ ਲਿਜਾਣ ਲੱਗੀਆਂ ਪਰ ਅਜੇ ਵੀ ਚੋਣ ਅਮਲੇ ਲਈ ਪੂਰੀਆਂ ਸਹੂਲਤਾਂ ਦੀ ਪੂਰਤੀ ਨਹੀਂ ਹੁੰਦੀ, ਭਾਵੇਂ ਚੋਣ ਕਮਿਸ਼ਨ ਇਸ ਸਬੰਧ 'ਚ ਸਮੇਂ-ਸਮੇਂ ਸਿਰ ਹੋਰ ਵੀ ਲੋੜੀਂਦੇ ਯਤਨ ਕਰ ਰਿਹਾ ਹੈ। ਸੋ ਚੋਣ ਅਮਲੇ ਨੂੰ ਵੀ ਸਾਰਥਕ ਆਸ ਨਾਲ ਆਪਣੀ ਮੰਗ ਮੰਨਵਾਉਣ ਲਈ ਆਪਣੇ ਵਿਚਾਰ ਪ੍ਰਗਟ ਕਰਕੇ ਜਾਂ ਕਿਸੇ ਹੋਰ ਜ਼ਰੀਏ ਆਵਾਜ਼ ਉਠਾ ਕੇ ਆਪਣੇ ਹੱਕਾਂ ਦੀ ਪ੍ਰਾਪਤੀ ਕਰਨ ਲਈ ਯਤਨ ਕਰਨਾ ਚਾਹੀਦਾ ਹੈ।

# ਵੱਡੇ ਨੇਤਾਵਾਂ ਦੇ ਭਾਸ਼ਨ ਅਤੇ ਪੰਜਾਬ ਚੋਣ ਦੰਗਲ


ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA




ਪੰਜਾਬ ਦੀਆਂ ਲੋਕ ਸਭਾ ਚੋਣਾਂ ਦੀ ਤਾਰੀਖ ਪਹਿਲੀ ਜੂਨ ਹੈ। ਪੰਜਾਬ ਭੱਠੀ ਵਾਂਗਰ ਤਪਿਆ ਪਿਆ ਹੈ, ਮੌਸਮੀ ਤੌਰ 'ਤੇ ਵੀ ਅਤੇ ਸਿਆਸੀ ਤੌਰ 'ਤੇ ਵੀ। ਵੱਡੇ ਨੇਤਾ ਤਪੀ ਭੱਠੀ 'ਚ ਆਪੋ-ਆਪਣੇ ਦਾਣੇ ਭੁੰਨ ਰਹੇ ਹਨ।

ਪੰਜਾਬ 'ਚ ਚੋਣਾਂ ਦੌਰਾਨ ਨਰੇਂਦਰ ਮੋਦੀ ਜੀ ਆਏ, ਰਾਹੁਲ ਗਾਂਧੀ ਵੀ ਪਧਾਰੇ, ਮਾਇਆਵਤੀ ਨੇ ਵੀ ਆਪਣੀ ਹੁੰਕਾਰ ਭਰੀ, ਕੇਜਰੀਵਾਲ ਵੀ ਆਪਣੇ ਬਚਨ ਲੋਕਾਂ ਨੂੰ ਸੁਣਾ ਗਏ। ਜਾਪਦਾ ਹੈ ਕਿ ਕਿਸੇ ਵੀ ਸਿਆਸੀ ਧਿਰ ਦਾ ਏਜੰਡਾ ਪੰਜਾਬ ਦੀਆਂ ਸਮੱਸਿਆਵਾਂ ਦੇ ਸੰਬੋਧਨ ਹੋਣ ਤੇ ਹੱਲ ਕਰਨ ਵੱਲ ਨਹੀਂ ਹੈ। ਉਹ ਪੰਜਾਬ ਦੀ ਨਿਰਾਸ਼, ਹਾਲੋਂ-ਬੇਹਾਲ, ਸੁਰੋਂ-ਬੇਸੁਰ, ਤਾਲੋਂ-ਬੇਤਾਲ ਹੋਈ ਲੋਕਾਈ ਨੂੰ ਆਪੋ-ਆਪਣੀ ਪਾਰਟੀ ਦੇ ਹਿੱਤ ਲਈ ਵਰਤਣਾ ਚਾਹੁੰਦੇ ਹਨ। ਲਗਭਗ ਸਾਰੀਆਂ ਪਾਰਟੀਆਂ ਦਾ ਧਿਆਨ, ਅਜਿਹੀਆਂ ਚਾਲਾਂ ਚੱਲਣ ਵੱਲ ਵੀ ਜਾਪਦਾ ਹੈ।



## ਆਓ ਨੇਤਾਵਾਂ ਦੇ ਚੋਣ ਵਿਚਾਰ ਪਰਖੀਏ :

ਭਾਜਪਾ ਨੇਤਾ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਪੰਜਾਬ ਚੋਣ ਦੌਰੇ ਸਮੇਂ 1984 ਦੇ ਸਿੱਖ ਵਿਰੋਧੀ ਦੰਗਿਆਂ (ਸਿੱਖ ਕਤਲੇਆਮ) ਲਈ ਕਾਂਗਰਸ ਨੂੰ ਨਿਸ਼ਾਨਾ ਬਣਾਇਆ ਤੇ ਕਿਹਾ ਕਿ ਤੱਤਕਾਲੀ ਕਾਂਗਰਸ ਸਰਕਾਰ ਨੇ ਜਿੱਥੇ ਦੰਗਾਕਾਰੀਆਂ ਨੂੰ "ਬਚਾਇਆ" ਉਥੇ ਉਨ੍ਹਾਂ (ਮੋਦੀ) ਦੋਸ਼ੀਆਂ ਨੂੰ ਸਜ਼ਾਵਾਂ ਯਕੀਨੀ ਬਣਾਈਆਂ। ਪ੍ਰਧਾਨ ਮੰਤਰੀ ਨੇ ਨਸ਼ਿਆਂ ਨਾਲ ਹੋਈ ਬਰਬਾਦੀ ਦਾ ਜ਼ਿਕਰ ਵੀ ਕੀਤਾ। ਉਨ੍ਹਾਂ ਕਰਤਾਰਪੁਰ ਲਾਂਘੇ ਨੂੰ ਆਪਣੀ ਵੱਡੀ ਪ੍ਰਾਪਤੀ ਦੱਸਿਆ। ਉਨ੍ਹਾਂ ਇਹ ਵੀ ਕਿਹਾ ਕਿ ਬੰਗਲਾ ਦੇਸ਼ ਦੀ ਲੜਾਈ ਵਿਚ 90,000 ਤੋਂ ਵਧ ਪਾਕਿਸਤਾਨੀਆਂ ਨੇ ਆਤਮ-ਸਮਰਪਣ ਕੀਤਾ ਸੀ ਤੇ ਜੇ ਉਹ ਉਸ ਵੇਲੇ ਪ੍ਰਧਾਨ ਮੰਤਰੀ ਹੁੰਦੇ, ਤਾਂ ਕਰਤਾਰਪੁਰ ਸਾਹਿਬ ਲੈ ਕੇ ਹੀ ਉਨ੍ਹਾਂ ਫੌਜੀਆਂ ਨੂੰ ਛੱਡਦੇ।

ਪ੍ਰਧਾਨ ਮੰਤਰੀ ਨੇ ਦੇਸ਼ ਅੰਦਰ ਮੁੜ ਸਰਕਾਰ ਬਣਾਉਣ ਲਈ ਗੁਰੂਆਂ ਦੀ ਧਰਤੀ ਤੋਂ ਆਸ਼ੀਰਵਾਦ ਮੰਗਿਆ। ਪਰ ਪਿਛਲੇ ਦਸ ਸਾਲਾਂ 'ਚ ਉਨ੍ਹਾਂ ਦੀ ਸਰਕਾਰ ਨੇ ਪੰਜਾਬ ਲਈ ਕੀ ਕੀਤਾ? ਪੰਜਾਬ ਦੇ ਕਿਸਾਨਾਂ ਦੀ ਮੰਦੀ ਹਾਲਤ ਸੁਧਾਰਨ ਲਈ ਕੀ ਯੋਗਦਾਨ ਪਾਇਆ? ਪੰਜਾਬ ਦੀਆਂ ਸਮੱਸਿਆਵਾਂ ਸਮੇਤ ਦਰਿਆਈ ਪਾਣੀਆਂ ਸੰਬੰਧੀ ਉਨ੍ਹਾਂ ਇੱਕ ਸ਼ਬਦ ਵੀ ਨਾ ਉਚਾਰਿਆ। ਪੰਜਾਬ ਦੀ ਮੰਦੀ ਆਰਥਿਕ ਹਾਲਤ ਦਾ ਜ਼ਿਕਰ ਤਾਂ ਕੀਤਾ, ਪਰ ਉਨ੍ਹਾਂ ਦੇ ਹੱਲ ਲਈ ਕੀਤੇ ਗਏ ਜਾਂ ਕੀਤੇ ਜਾਣ ਵਾਲੇ ਯਤਨਾਂ ਦਾ ਰਤਾ ਮਾਸਾ ਵੀ ਜ਼ਿਕਰ ਨਾ ਕੀਤਾ। ਸਰਹੱਦੀ ਸੂਬੇ ਪੰਜਾਬ ਦੇ ਲੋਕਾਂ ਦੇ ਵਿੱਤੀ ਹਾਲਤ ਸੁਧਾਰਨ ਲਈ ਪੱਛਮੀ ਪੰਜਾਬ (ਪਾਕਿਸਤਾਨ) ਨਾਲ ਵਪਾਰਕ ਲਾਂਘਾ ਖੋਲ੍ਹਣ ਦੀ ਜਾਂ ਪਾਕਿਸਤਾਨ ਨਾਲ ਸੁਖਾਵੇਂ ਸੰਬੰਧ ਬਨਾਉਣ ਸੰਬੰਧੀ ਉਨ੍ਹਾਂ ਕੋਈ ਚਰਚਾ ਨਾ ਕੀਤੀ, ਉਨ੍ਹਾਂ ਦੋ ਦਿਨਾਂ ਦੌਰੇ ਦੌਰਾਨ ਕਾਂਗਰਸ, ਆਮ ਆਦਮੀ ਪਾਰਟੀ ਨੂੰ ਨਿੰਦਿਆ। ਪੰਜਾਬ ਦੇ ਮਾੜੇ ਹਾਲਾਤਾਂ ਲਈ ਉਨ੍ਹਾਂ ਨੂੰ ਦੋਸ਼ੀ ਗਰਦਾਨਿਆਂ, ਪਰ ਆਪਣੇ ਪੁਰਾਣੇ ਸਾਥੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਬਾਰੇ ਚੁੱਪੀ ਸਾਧੀ ਰੱਖੀ। ਉਨ੍ਹਾਂ ਪਟਿਆਲਾ, ਜਲੰਧਰ, ਗੁਰਦਾਸਪੁਰ ਰੈਲੀਆਂ 'ਚ ਕੇਸਰੀ ਦਸਤਾਰ ਸਜਾਈ ਰੱਖੀ ਅਤੇ ਆਪਣੇ ਭਾਸ਼ਨਾਂ 'ਚ ਪੰਜਾਬ, ਪੰਜਾਬੀਅਤ, ਸਿੱਖ ਸਮਾਜ ਅਤੇ ਸਿੱਖ ਧਰਮ ਦਾ ਵੀ ਗੁਣਗਾਨ ਕੀਤਾ।

ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਨੇ ਪੰਜਾਬ ਵਿਚ ਚੋਣ ਪ੍ਰਚਾਰ ਦੀ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਚੋਣ ਮਾਮਲੇ ਨੂੰ ਗੁਰੂ ਸਾਹਿਬ ਦੀ ਸੋਚ ਨਾਲ ਜੋੜਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਵੀ ਬਰਾਬਰੀ ਦੇ ਹੱਕ ਦੀ ਗੱਲ ਕੀਤੀ ਹੈ। ਉਨ੍ਹਾਂ ਭਾਜਪਾ ਦੀ ਸੋਚ ਨੂੰ ਗੁਰੂਆਂ ਦੀ ਸੋਚ 'ਤੇ ਹਮਲਾ ਕਰਾਰ ਦਿੱਤਾ, ਕਿਉਂਕਿ ਭਾਜਪਾ ਭਾਰਤੀ ਸੰਵਿਧਾਨ ਬਦਲਣਾ ਚਾਹੁੰਦੀ ਹੈ ਅਤੇ ਲੋਕਾਂ ਦਾ ਬਰਾਬਰੀ ਦਾ ਹੱਕ ਖੋਹਣਾ ਚਾਹੁੰਦੀ ਹੈ। ਉਨ੍ਹਾਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੀ ਗੱਲ ਵੀ ਆਪਣੇ ਭਾਸ਼ਨਾਂ 'ਚ ਦੁਹਰਾਈ।

ਰਾਹੁਲ ਗਾਂਧੀ ਨੇ ਇਹ ਕਿਹਾ ਕਿ ਸ੍ਰੀ ਹਰਮਿੰਦਰ ਸਾਹਿਬ ਰੂਹਾਨੀਅਤ ਦਾ ਅਜਿਹਾ ਵਿਸ਼ਾਲ ਕੇਂਦਰ ਹੈ ਅਤੇ ਇਸਨੂੰ ਵਿਸ਼ਵ ਪੱਧਰ ਦੇ ਸਰਬ ਸਾਂਝੀਵਾਲਤਾ ਤੇ ਸ਼ਾਂਤੀ ਦੇ ਕੇਂਦਰ ਵਜੋਂ ਵਿਕਸਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਇਸ ਪਵਿੱਤਰ ਕਾਰਜ ਲਈ ਯੋਗਦਾਨ ਪਾ ਕੇ ਆਪਣੇ-ਆਪ ਨੂੰ ਵੱਡਭਾਗਾ ਸਮਝਣਗੇ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਕਿਸਾਨਾਂ ਦਾ ਦਰਦ ਸਮਝਦੇ ਹਨ, ਤਾਕਤ 'ਚ ਆਉਣ 'ਤੇ ਕਾਂਗਰਸ ਕਿਸਾਨਾਂ ਦੀਆਂ ਫ਼ਸਲਾਂ ਦੀ ਘੱਟੋ-ਘੱਟ ਕੀਮਤ ਤਹਿ ਕਰੇਗੀ। ਪੰਜਾਬ ਦੀ ਮੰਦੀ ਵਿੱਤੀ ਹਾਲਤ ਪੰਜਾਬੀਆਂ ਦੀ ਨਿੱਤ ਪ੍ਰਤੀ ਜ਼ਿੰਦਗੀ 'ਚ ਜੀਊਣ ਹਾਲਤਾਂ ਦੇ ਨਿਘਾਰ, ਪੰਜਾਬ ਦੇ ਦਰਿਆਈ ਪਾਣੀਆਂ ਜਾਂ ਪੰਜਾਬ ਦੇ ਉਦਯੋਗਾਂ 'ਚ ਵਾਧੇ ਦੀ ਥਾਂ ਗਿਰਾਵਟ 'ਚ ਚਲੇ ਜਾਣ ਜਾਂ ਪੰਜਾਬੀ ਨੌਜਵਾਨਾਂ ਦੇ ਪਰਵਾਸ ਵੱਲ ਵਧ ਰਹੇ ਵਰਤਾਰੇ ਸੰਬੰਧੀ ਉਨ੍ਹਾਂ ਚੁੱਪੀ ਵੱਟੀ ਰੱਖੀ।

ਬਸਪਾ ਸੁਪਰੀਮੋ ਮਾਇਆਵਤੀ ਨੇ ਕਿਹਾ ਕਿ ਕਾਂਗਰਸ ਵਾਂਗ ਭਾਜਪਾ ਨੇ ਦੇਸ਼ ਨੂੰ ਲੁੱਟਿਆ ਹੈ। ਕਾਂਗਰਸ ਅਤੇ ਭਾਜਪਾ ਨੇ ਹਮੇਸ਼ਾ ਫਿਰਕੂ ਤਾਕਤਾਂ ਅਤੇ ਜਾਤੀਵਾਦ ਨੂੰ ਸ਼ਹਿ ਦਿੱਤੀ ਹੈ ਇਨ੍ਹਾਂ ਪਾਰਟੀਆਂ ਦੇ ਰਾਜ 'ਚ ਅਨਿਆਂ ਵਧਿਆ ਹੈ। ਕਿਸਾਨ ਸੜਕਾਂ 'ਤੇ ਰੁਲ ਰਹੇ ਹਨ।

ਕੇਜਰੀਵਾਲ ਨੇ ਮੋਦੀ ਦੀ ਤਾਨਾਸ਼ਾਹੀ ਖ਼ਤਮ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਜੇਕਰ ਮੋਦੀ ਜਿੱਤ ਜਾਣਗੇ, ਤਾਂ ਉਹ ਸੰਵਿਧਾਨ ਬਦਲ ਦੇਣਗੇ। ਪੰਜਾਬ ਦੇ ਅਸਲ ਮਸਲਿਆਂ ਬਾਰੇ ਉਹ ਕੁਝ ਨਾ ਬੋਲੇ।

ਪੰਜਾਬ ਦੇ ਚੋਣ ਪ੍ਰਚਾਰ 'ਚ ਅਸਲ ਮੁੱਦਿਆਂ ਦੀ ਥਾਂ 'ਤੇ ਦੂਸ਼ਣਬਾਜ਼ੀ ਭਾਰੂ ਹੈ। ਛੋਟੇ-ਵੱਡੇ ਨੇਤਾ ਇੱਕ-ਦੂਜੇ ਨੂੰ ਕੋਸ ਰਹੇ ਹਨ। ਲੋਕਾਂ ਦੇ ਮਸਲਿਆਂ 'ਤੇ ਗੱਲ ਕਰਨ ਦੀ ਬਜਾਏ ਭੰਡੀ ਪ੍ਰਚਾਰ ਨੂੰ ਤਰਜ਼ੀਹ ਦੇ ਰਹੇ ਹਨ।

ਪੰਜਾਬ ਦੇ ਵੱਡੀ ਗਿਣਤੀ ਲੋਕ ਇਹ ਮਹਿਸੂਸ ਕਰਦੇ ਹਨ ਕਿ ਪੰਜਾਬੀਆਂ ਨੂੰ ਦੇਸ਼ ਹਿੱਤ ਵੱਡੀਆਂ ਕੁਰਬਾਨੀਆਂ ਕਰਨੀਆਂ ਪਈਆਂ, ਸਰਹੱਦਾਂ ਦੀ ਰਾਖੀ ਲਈ ਵੀ ਅਤੇ ਦੇਸ਼ ਦੇ ਅੰਨ ਭੰਡਾਰ ਭਰਨ ਲਈ ਵੀ। ਪਰ ਪੰਜਾਬੀਆਂ ਨੂੰ ਆਜ਼ਾਦੀ ਤੋਂ ਬਾਅਦ ਜਦੋਂ ਵੱਡੇ ਸੰਕਟਾਂ, ਭਾਵੇਂ ਉਹ ਆਰਥਿਕ ਸਨ, ਸਮਾਜਿਕ ਸਨ ਜਾਂ ਧਾਰਮਿਕ, ਉਨ੍ਹਾਂ ਸੰਕਟਾਂ 'ਚ ਦੇਸ਼ ਦੀਆਂ ਵੱਡੀਆਂ ਸਿਆਸੀ ਧਿਰਾਂ ਨੇ ਉਨ੍ਹਾਂ ਦੀ ਬਾਂਹ ਨਹੀਂ ਫੜੀ, ਇਸੇ ਕਰਕੇ ਉਨ੍ਹਾਂ 'ਚ ਰੋਹ ਵਧਦਾ ਗਿਆ। ਸਿੱਟੇ ਵਜੋਂ ਸੂਬੇ 'ਚ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ, ਜਿਸਦਾ ਖਮਿਆਜ਼ਾ ਪੰਜਾਬੀਆਂ ਨੂੰ ਹੀ ਭੁਗਤਣਾ ਪਿਆ, ਚਾਹੇ ਉਹ ਧਰਤੀ ਹੇਠਲੇ ਪਾਣੀ ਸੰਕਟ ਕਾਰਨ ਹੋਵੇ, 1984 'ਚ ਸਿੱਖਾਂ ਦੇ ਕਤਲੇਆਮ ਕਾਰਨ ਹੋਵੇ, ਨਸ਼ਿਆਂ ਦਾ ਵਧ ਰਹੇ ਪ੍ਰਕੋਪ ਕਾਰਨ ਹੋਵੇ ਜਾਂ ਪੰਜਾਬੀਆਂ ਦੇ ਵਿਦੇਸ਼ਾਂ ਵੱਲ ਵਧਦੇ ਪ੍ਰਵਾਸ ਕਾਰਨ ਹੋਵੇ ਜਾਂ ਫਿਰ ਸੂਬੇ 'ਚ ਵਧ ਰਹੀ ਗੁੰਡਾਗਰਦੀ, ਮਾਫੀਆ ਰਾਜ ਜਾਂ ਵਧ ਰਹੇ ਪੰਜਾਬ ਸਿਰ ਕਰਜ਼ੇ ਕਾਰਨ ਹੋਵੇ।

ਸਮੇਂ-ਸਮੇਂ ਵਾਪਰਦੀਆਂ ਇਨ੍ਹਾਂ "ਦੁਰਘਟਨਾਵਾਂ" ਨੂੰ ਥਾਂ ਸਿਰ ਕਰਨ ਦੀ ਥਾਂ ਸਿਆਸੀ ਪਾਰਟੀਆਂ ਦਾ ਏਜੰਡਾ ਪੰਜਾਬ ਘਟਨਾਵਾਂ ਨੂੰ ਅੱਤਵਾਦ ਨਾਲ ਜੋੜਕੇ ਆਪਣੀ ਵੋਟ ਬੈਂਕ ਪੱਕੀ ਕਰਨ ਅਤੇ ਕੇਵਲ ਸੂਬੇ 'ਤੇ ਰਾਜ ਕਰਨ ਦਾ ਰਿਹਾ ਅਤੇ ਪੰਜਾਬ ਦੇ ਹਿੱਤਾਂ ਨੂੰ ਦਰਕਿਨਾਰ ਕਰਦਿਆਂ ਕਦੇ ਰਾਜਸਥਾਨ ਨੂੰ ਸੂਬੇ ਦਾ ਅੱਧਾ ਪਾਣੀ ਦੇ ਦਿੱਤਾ ਗਿਆ, ਤਾਂ ਕਿ ਉਥੇ ਚੋਣਾਂ ਜਿੱਤੀਆਂ ਜਾ ਸਕਣ। ਪੰਜਾਬ ਦੇ ਪਾਣੀ ਹਰਿਆਣੇ ਨੂੰ ਦੇਣ ਦੀਆਂ ਵਿਊਂਤਾਂ ਘੜੀਆਂ ਗਈਆਂ। ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਨੂੰ ਅੱਖੋਂ-ਪਰੋਖੇ ਕਰ ਦਿੱਤਾ ਗਿਆ, ਦਰਿਆਈ ਪਾਣੀਆਂ ਦੀ ਵੰਡ ਵੇਲੇ। ਸੂਬੇ ਪੰਜਾਬ ਦੇ 1966 ਦੇ ਪੁਨਰਗਠਨ ਵੇਲੇ, ਚੰਡੀਗੜ੍ਹ ਰਾਜਧਾਨੀ ਪੰਜਾਬ ਤੋਂ ਖੋਹ ਲਈ। ਪੰਜਾਬ ਦੇ ਪੁਰਨਗਠਨ ਵੇਲੇ ਪੰਜਾਬੀ ਬੋਲਦੇ ਇਲਾਕੇ ਪੰਜਾਬੋਂ ਬਾਹਰ ਕਰ ਦਿੱਤੇ ਗਏ, ਹਿਮਾਚਲ 'ਚ ਮਿਲਾ ਦਿੱਤੇ ਗਏ।

ਪੰਜਾਬ ਦੇ ਮੰਦੇ ਹਾਲਾਤਾਂ ਦੀ ਤਸਵੀਰ ਮੂੰਹੋਂ ਬੋਲਦੀ ਹੈ। ਪੰਜਾਬ ਸਿਰ ਕਰਜ਼ਾ ਇਸ ਵੇਲੇ 3.42 ਲੱਖ ਕਰੋੜ ਹੈ। ਕਰਜ਼ਾ ਲਗਾਤਾਰ ਵਧ ਰਿਹਾ ਹੈ। ਮੂਲ ਰਕਮ 'ਤੇ ਵਿਆਜ ਦਾ ਭੁਗਤਾਨ ਸੂਬੇ ਨੂੰ ਕਰਜ਼ਾਈ ਕਰ ਰਿਹਾ ਹੈ। 45 ਸਾਲ ਪਹਿਲਾ ਸੂਬਾ ਪੰਜਾਬ ਪ੍ਰਤੀ ਵਿਅਕਤੀ ਆਮਦਨ ਵਿਚ ਦੇਸ਼ 'ਚ ਪਹਿਲੀ ਥਾਂ ਸੀ, ਹੁਣ ਇਹ ਦਸਵੇਂ ਥਾਂ 'ਤੇ ਹੈ। ਖੇਤੀ ਪੱਖੋਂ ਪੰਜਾਬ ਦਾ ਦੀਵਾਲਾ ਨਿਕਲਿਆ ਹੋਇਐ। ਨਾ ਕੋਈ ਖੇਤੀ ਨੀਤੀ ਹੈ, ਨਾ ਹੀ ਕਿਸਾਨ ਸਮੱਸਿਆਵਾਂ ਵੱਲ ਕਿਸੇ ਦੀ ਤਵੱਜੋਂ।

ਪੰਜਾਬ 'ਚ ਨਾ ਕੋਈ ਵੱਡਾ ਉਦਯੋਗ ਹੈ ਅਤੇ ਨਾ ਹੀ ਮੌਜੂਦਾ ਉਦਯੋਗ ਨੂੰ ਪ੍ਰਫੁਲਿਤ ਕਰਨ ਜਾਂ ਕਾਇਮ ਰੱਖਣ ਲਈ ਯੋਜਨਾਵਾਂ। ਮੌਕੇ ਮਿਲਦੇ ਹੀ ਉਦਯੋਗਪਤੀ, ਸੂਬੇ ਛੱਡਕੇ ਪੰਜਾਬੋਂ ਭੱਜ ਰਹੇ ਹਨ। ਤਾਂ ਫਿਰ ਲੋਕਾਂ ਨੂੰ ਰੁਜ਼ਗਾਰ ਕਿਥੋਂ ਮਿਲੇਗਾ? ਸਰਕਾਰੀ ਖ਼ਜ਼ਾਨਾ ਕਦੇ ਵੀ ਭਰਿਆ ਨਜ਼ਰ ਨਹੀਂ ਆਉਂਦਾ। ਸਿੱਟੇ ਵਜੋਂ ਸੂਬੇ 'ਚ ਹਜ਼ਾਰਾਂ ਦੀ ਗਿਣਤੀ 'ਚ ਅਸਾਮੀਆਂ ਖਾਲੀ ਹਨ। ਰੁਜ਼ਗਾਰ ਦੀ ਤਲਾਸ਼ ਵਿਚ ਇਹੋ ਜਿਹੇ ਹਾਲਤਾਂ 'ਚ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪ੍ਰਵਾਸ ਵਧਣਾ ਸੁਭਾਵਿਕ ਹੈ। ਸਿੱਟੇ ਵਜੋਂ ਪੰਜਾਬ ਬੌਧਿਕ ਪੱਖੋਂ ਵੀ, ਸਰਮਾਏ ਪੱਖੋਂ ਵੀ ਬੌਨਾ ਹੋ ਰਿਹਾ ਹੈ।

ਪੰਜਾਬ ਦੀ ਇਸ ਪਤਲੀ ਹਾਲਤ ਦਾ ਦੋਸ਼ ਕੇਂਦਰ ਸਰਕਾਰਾਂ ਵੱਲ ਸੇਧਿਤ ਹੁੰਦਾ ਹੈ, ਜਿਸ ਵਲੋਂ ਸੱਤਾ ਦਾ ਕੇਂਦਰੀਕਰਨ ਕਰਕੇ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਦੇਸ਼ ਦਾ ਸੰਘੀ ਢਾਂਚਾ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਰਾਜਪਾਲਾਂ ਦੀ ਭੂਮਿਕਾ ਵਧਾਕੇ ਚੁਣੀਆਂ ਸਰਕਾਰਾਂ ਪੰਗੂ ਬਨਾਉਣ ਦਾ ਯਤਨ ਹੋ ਰਿਹਾ ਹੈ।

ਪਿਛਲੇ ਕੁਝ ਸਾਲਾਂ 'ਚ ਕੇਂਦਰ ਸਰਕਾਰ ਵਲੋਂ ਪੰਜਾਬ ਸਰਕਾਰ ਨਾਲ ਕੀਤੇ ਧੱਕੇ ਦੀਆਂ ਰਿਪੋਰਟਾਂ ਜੱਗ ਜ਼ਾਹਰ ਹਨ। ਕੇਂਦਰੀ ਸੁਰੱਖਿਆ ਏਜੰਸੀ ਬੀ.ਐੱਸ.ਐੱਫ. ਦਾ 5 ਕਿਲੋਮੀਟਰ ਦਾ ਦਾਇਰਾ ਵਧਾਕੇ 50 ਕਿਲੋਮੀਟਰ ਕਰ ਦਿੱਤਾ ਗਿਆ। ਜੀ.ਐੱਸ.ਟੀ. ਲਾਗੂ ਹੋਣ ਨਾਲ ਕੇਂਦਰ ਸਰਕਾਰ ਕੋਲ ਟੈਕਸ ਇਕੱਠੇ ਕਰਨ ਦੀ ਵਿਵਸਥਾ ਹੋ ਗਈ, ਜਿਹੜੀ ਮਰਜ਼ੀ ਨਾਲ ਪੰਜਾਬ ਦਾ ਬਣਦਾ ਹਿੱਸਾ ਰੋਕਦੀ ਰਹੀ। ਕੇਂਦਰ ਵਲੋਂ ਪੰਜਾਬ ਨੂੰ ਦਿੱਤੀਆਂ ਗ੍ਰਾਂਟਾਂ ਅਤੇ ਵਿਕਾਸ ਪ੍ਰਾਜੈਕਟਾਂ 'ਤੇ ਟੋਕਾ ਫੇਰ ਦਿੱਤਾ ਗਿਆ।

ਪੰਜਾਬ ਦੇ ਲੋਕਾਂ ਨੇ ਪ੍ਰਸਥਿਤੀਆਂ ਨੂੰ ਸਮਝਦਿਆਂ ਦੇਸ਼ 'ਚ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਅਗਵਾਈ ਕੀਤੀ, (ਜੋ ਦੇਸ਼ ਦੇ ਸੰਘੀ ਢਾਂਚੇ ਉਤੇ ਸਿੱਧਾ ਹਮਲਾ ਸੀ) ਅਤੇ ਖੇਤੀ ਕਾਨੂੰਨ ਰੱਦ ਕਰਵਾਏ। ਕਦੇ ਪੰਜਾਬ ਦੇ ਲੋਕ, ਰਾਜਾਂ ਨੂੰ ਵਧ ਅਧਿਕਾਰ ਦੇਣ ਹਿੱਤ ਅਨੰਦਪੁਰ ਸਾਹਿਬ ਮਤਾ ਖੁਦ ਮੁਖਤਿਆਰ ਰਾਜ ਬਨਾਉਣ ਦੀ ਮੰਗ ਲੈ ਕੇ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ 'ਚ ਲੜੇ, ਭਾਵੇਂ ਕਿ ਸ਼੍ਰੋਮਣੀ ਅਕਾਲੀ ਦਲ (ਬ) ਨੇ ਬਾਅਦ 'ਚ ਭਾਜਪਾ ਨਾਲ ਗੱਠਜੋੜ ਵੇਲੇ ਇਹ ਮੰਗ ਤਿਆਗ ਹੀ ਦਿੱਤੀ। ਅਕਾਲੀ ਦਲ ਦੇ ਕਿਸਾਨ ਅੰਦੋਲਨ ਸਮੇਂ ਭਾਜਪਾ ਨਾਲੋਂ ਤੋੜ-ਵਿਛੋੜੇ ਬਾਅਦ ਹੁਣ ਅਕਾਲੀ ਦਲ (ਬ) ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਜਿਥੇ 1984 ਦੇ ਹਮਲੇ ਲਈ ਦੋਸ਼ੀ ਕਾਂਗਰਸ ਨੂੰ ਵੋਟ ਨਾ ਦੇਣ ਦੀ ਵਕਾਲਤ ਕਰ ਰਿਹਾ ਹੈ, ਉਥੇ ਭਾਜਪਾ ਉਤੇ ਹਮਲਾਵਰ ਹੁੰਦਿਆਂ ਭਾਜਪਾ ਵਲੋਂ ਇੱਕ ਧਰਮ ਨੂੰ ਦੂਜੇ ਧਰਮ ਨਾਲ ਲੜਾਕੇ ਵੋਟਾਂ ਹਥਿਆਉਣ ਦੀ ਨੀਤੀ ਦਾ ਵਿਰੋਧ ਕਰ ਰਿਹਾ ਹੈ।

ਇਹ ਸਮਝਦਿਆਂ ਹੋਇਆਂ ਕਿ ਪੰਜਾਬ ਦੇਸ਼ ਦਾ ਮਹੱਤਵਪੂਰਨ ਸਰਹੱਦੀ ਸੂਬਾ ਹੈ। ਇਸ ਸੂਬੇ ਦੇ ਵਾਸੀਆਂ ਦੀ ਦੇਸ਼ ਦੀ ਸੁਰੱਖਿਆ, ਵਿਕਾਸ 'ਚ ਅਹਿਮ ਭੂਮਿਕਾ ਹੈ। ਇਹ ਵੀ ਕਿ ਪੰਜਾਬੀ ਆਪਣੇ ਹੱਕਾਂ ਲਈ ਲੜਨ, ਭਿੜਨ ਤੋਂ ਵੀ ਗੁਰੇਜ ਨਹੀਂ ਕਰਦੇ। ਇਹ ਵੀ ਕਿ ਜਦੋਂ ਵੀ ਸਮਾਂ ਆਇਆ ਇਨ੍ਹਾਂ ਦੇਸ਼ ਦੀ ਆਜ਼ਾਦੀ, ਫਿਰ ਸੰਵਿਧਾਨ ਦੀ ਰੱਖਿਆ ਅਤੇ ਸੂਬੇ ਦੇ ਲੋਕਾਂ ਦੇ ਹੱਕਾਂ ਲਈ ਛੋਟੇ, ਵੱਡੇ, ਲੰਬੇ ਅੰਦੋਲਨ ਵੀ ਲੜੇ। ਬੇਅੰਤ ਕੁਰਬਾਨੀਆਂ ਕੀਤੀਆਂ ਅਤੇ ਦਿੱਲੀ ਦੇ ਹਾਕਮਾਂ ਨਾਲ, ਜਦੋਂ ਵੀ ਲੋੜ ਪਈ, ਆਢਾ ਲਾਇਆ। ਇਸ ਸਭ ਕੁਝ ਦੀ ਅਹਿਮੀਅਤ ਨੂੰ ਸਮਝਦਿਆਂ ਵੀ ਦੇਸ਼ ਦੀਆਂ ਸਿਆਸੀ ਧਿਰਾਂ ਜਿਵੇਂ ਕਿ ਉਨ੍ਹਾਂ ਦੇ ਚੋਣ ਪ੍ਰਚਾਰ ਤੋਂ ਜਾਪਦਾ ਹੈ, ਪੰਜਾਬੀਆਂ ਦੇ ਮਸਲਿਆਂ, ਮੁਸੀਬਤਾਂ, ਸਮੱਸਿਆਵਾਂ ਲਈ ਅੱਗੇ ਨਹੀਂ ਆ ਰਹੀਆਂ, ਸਗੋਂ ਸ਼ਾਤਰ ਚਾਲਾਂ ਨਾਲ ਵੋਟਰਾਂ ਨੂੰ ਭਰਮਾਉਣਾ ਚਾਹੁੰਦੀਆਂ ਹਨ।

ਲੋੜ ਇਨ੍ਹਾਂ ਬਿਆਨਾਂ, ਚਾਲਾਂ ਨੂੰ ਸਮਝਣ ਦੀ ਹੈ। ਲੋੜ ਪੰਜਾਬ ਹਿਤੈਸ਼ੀ, ਸੰਘੀ ਢਾਂਚੇ ਦੇ ਮੁਦੱਈ ਅਤੇ ਪੰਜਾਬੀਆਂ ਦੇ ਦੁੱਖ ਦਰਦ ਸਮਝਣ ਵਾਲੇ ਅਤੇ ਉਨ੍ਹਾਂ ਨੂੰ ਹਰਨ ਵਾਲੇ ਉਮੀਦਵਾਰਾਂ ਨੂੰ ਅੱਗੇ ਲਿਆਉਣ ਦੀ ਹੈ, ਤਾਂ ਕਿ ਪੰਜਾਬ ਮੁੜ ਖੁਸ਼ਹਾਲ ਹੋ ਸਕੇ। ਤਾਂ ਕਿ ਸਾਂਝੀਵਾਲਤਾ, ਸਮਾਜਿਕ ਬਰਾਬਰੀ, ਸੰਵਿਧਾਨਿਕ ਲੋਕਤੰਤਰਿਕ ਕਦਰਾਂ ਕੀਮਤਾਂ ਦਾ ਬੋਲਬਾਲਾ ਹੋਏ ਅਤੇ ਪੰਜਾਬ ਪੂਰੇ ਦੇਸ਼ ਲਈ ਚਾਨਣ ਮੁਨਾਰਾ ਬਣ ਸਕੇ।







Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil




Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮੌਜਾਂ ਕਰਦੇ ਆ ਰਾਜਨੀਤਿਕ ਪਲਟੀਮਾਰ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA




ਇਨ੍ਹਾਂ ਚੋਣਾਂ ਵਿਚ ਦਲ ਬਦਲੂਆਂ ਦੀਆਂ ਫੁੱਲ ਮੌਜਾਂ ਲੱਗੀਆਂ ਹੋਈਆਂ ਹਨ। ਐਨਾ ਰੋਲ-ਘਚੋਲਾ ਪਿਆ ਹੋਇਆ ਹੈ ਕਿ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਕਿਹੜਾ ਉਮੀਦਵਾਰ ਕਿਸ ਪਾਰਟੀ ਵੱਲੋਂ ਚੋਣ ਲੜ ਰਿਹਾ ਹੈ। ਜਿਹੜਾ ਕਾਂਗਰਸੀ ਸੀ, ਉਹ ਬੀ.ਜੇ.ਪੀ. ਵਿਚ ਜਾ ਵੜਿਆ ਹੈ ਤੇ ਜਿਹੜਾ ਆਪ ਦਾ ਸੀ, ਉਹ ਅਕਾਲੀ ਹੋ ਗਿਆ। ਉੱਪਰੋਂ ਸਿਤਮ ਇਹ ਹੈ ਕਿ ਹਰੇਕ ਪਾਰਟੀ ਨੇ ਖੁੱਲ੍ਹ ਕੇ ਦਲ ਬਦਲੂਆਂ ਨੂੰ ਟਿਕਟਾਂ ਦਿੱਤੀਆਂ ਹਨ। ਪਰ ਸਮਝ ਨਹੀਂ ਆਉਂਦੀ ਕਿ ਜਿਸ ਲੀਡਰ ਨੂੰ ਨਾਲਾਇਕ, ਭ੍ਰਿਸ਼ਟ, ਚਰਿੱਤਰਹੀਣ, ਫਿਰਕਾਪ੍ਰਸਤ ਤੇ ਜਿੱਤਣ ਦੇ ਨਾਕਾਬਿਲ ਸਮਝ ਕੇ ਉਸ ਦੀ ਮਾਂ ਪਾਰਟੀ ਨੇ ਟਿਕਟ ਨਹੀਂ ਦਿੱਤੀ, ਦੂਸਰੀ ਪਾਰਟੀ ਉਸ ਨੂੰ ਕਿਵੇਂ ਜਿੱਤ ਦੀ ਗਾਰੰਟੀ ਸਮਝ ਕੇ ਟਿਕਟ ਦੇ ਰਹੀ ਹੈ। ਟਕਸਾਲੀ ਵਰਕਰ ਵਿਚਾਰੇ ਜੁੱਤੀਆਂ ਘਸਾਉਂਦੇ ਰਹਿ ਜਾਂਦੇ ਹਨ ਤੇ ਚਾਰ ਦਿਨ ਪਹਿਲਾਂ ਪਾਰਟੀ ਵਿਚ ਸ਼ਾਮਲ ਹੋਇਆ ਕੋਈ ਦਲ ਬਦਲੂ ਟਿਕਟ ਝਪਟ ਕੇ ਲੈ ਜਾਂਦਾ ਹੈ। ਕਿਸੇ ਵੀ ਪਾਰਟੀ ਦਾ ਇੱਕ ਪੱਕਾ ਕੇਡਰ ਹੁੰਦਾ ਹੈ, ਜੋ ਪਾਰਟੀ ਹਾਈ ਕਮਾਂਡ ਦਾ ਹਰ ਆਦੇਸ਼ ਇਲਾਹੀ ਹੁਕਮ ਸਮਝ ਕੇ ਪ੍ਰਵਾਨ ਕਰ ਲੈਂਦਾ ਹੈ। ਜੇ ਕਿਤੇ ਉਹ ਰੁੱਸ ਵੀ ਜਾਣ ਤਾਂ ਫੌਰਨ ਕੋਈ ਵੱਡਾ ਲੀਡਰ ਉਸ ਦੇ ਘਰ ਪਹੁੰਚ ਜਾਂਦਾ ਹੈ, "ਢੀਂਡਸਾ ਸਾਹਿਬ, ਇਹ ਵੇਲਾ ਰੁੱਸਣ ਮਨਾਉਣ ਦਾ ਨਹੀਂ ਹੈ। ਤੁਸੀਂ ਪੁਰਾਣੇ ਲੀਡਰ ਉ ਪਾਰਟੀ ਦੇ, ਤੁਹਾਨੂੰ ਤਾਂ ਪਤਾ ਈ ਆ ਕਿ ਇਨ੍ਹਾਂ ਨਵੇਂ ਬੰਦਿਆਂ ਨੂੰ ਟਿਕਾਈ ਰੱਖਣ ਲਈ ਟਿਕਟਾਂ ਟੁਕਟਾਂ ਦਾ ਲਾਲਚ ਦੇਣਾ ਈ ਪੈਂਦਾ ਆ। ਤੁਸੀਂ ਫਿਕਰ ਨਾ ਕਰੋ, ਸਰਕਾਰ ਬਣਦੇ ਸਾਰ ਬਿਜਲੀ ਬੋਰਡ ਦੀ ਚੇਅਰਮੈਨੀ ਤੁਹਾਡੇ ਪੈਰਾਂ 'ਚ ਪਈ ਹੋਵੇਗੀ।"

ਫਿਰੋਜ਼ਕੋਟ ਸ਼ਹਿਰ ਵਿਚ ਇੱਕ ਪਾਰਟੀ ਦੇ ਉਮੀਦਵਾਰ ਸੋਮ ਨਾਥ ਵੱਲੋਂ ਰੋਡ ਸ਼ੋਅ ਕੀਤਾ ਜਾ ਰਿਹਾ ਸੀ। ਉਸ ਦੇ ਮਾਇਆ ਲੱਗੇ ਦੁੱਧ ਚਿੱਟੇ ਕੁੜਤੇ ਪਜ਼ਾਮੇ, ਸੋਨੇ ਦੇ ਮੋਟੇ ਕੜੇ ਤੇ ਲਿਸ਼ਕਾਂ ਮਾਰਦੀ ਰੋਲੈਕਸ ਘੜੀ ਵੇਖ ਕੇ ਸੋਹਣ ਢਾਬੇਵਾਲੇ ਨੇ ਹੌਕਾ ਭਰਿਆ, "ਵੇਖ ਲਾ ਸੂਬੇਦਾਰਾ, 15-16 ਸਾਲ ਪਹਿਲਾਂ ਇਹ ਵੀ ਸਾਡੇ ਨਾਲ ਪਾਰਟੀ ਦੇ ਪੋਸਟਰ ਲਗਾਉਂਦਾ ਹੁੰਦਾ ਸੀ। ਅੱਜ ਬੰਦੇ ਨੂੰ ਬੰਦਾ ਨਹੀਂ ਸਮਝਦਾ।" ਬਾਜਾ ਸੂਬੇਦਾਰ ਉਸ ਨੂੰ ਖਿਝ ਕੇ ਪਿਆ, "ਜੇ ਉਸ ਵੇਲੇ ਤੂੰ ਸਾਡੀ ਗੱਲ ਮੰਨ ਲੈਂਦਾ ਤਾਂ ਅੱਜ ਇਸ ਦੀ ਜਗ੍ਹਾ ਖੜ੍ਹਾ ਹੁੰਦਾ।" "ਹੈਂ, ਉਹ ਕਿਵੇਂ ?" ਸੋਹਣ ਨੇ ਹੈਰਾਨ ਹੋ ਕੇ ਪੁੱਛਿਆ। ਸੂਬੇਦਾਰ ਬੋਲਿਆ, "ਭੁੱਲ ਗਿਆਂ ? ਚੇਤਾ ਕਰ ਜਦੋਂ ਅੱਜ ਤੋਂ 15 ਸਾਲ ਪਹਿਲਾਂ ਆਪਣੇ ਹਲਕੇ ਦੇ ਐੱਮ.ਐੱਲ.ਏ. ਲੱਖੀ ਚੈਲਦਾਰ (ਕਾਲਪਨਿਕ ਨਾਮ) ਦੇ ਮਰਨ ਕਾਰਨ ਹੋਈ ਜ਼ਿਮਨੀ ਚੋਣਾਂ ਮੌਕੇ ਤੈਨੂੰ ਭਾਰਤ ਦਲ (ਕਾਲਪਨਿਕ ਨਾਮ) ਵਾਲਿਆਂ ਨੇ ਟਿਕਟ ਦੀ ਪੇਸ਼ਕਸ਼ ਕੀਤੀ ਸੀ। ਰਿਜ਼ਰਵ ਸੀਟ ਹੋਣ ਕਾਰਨ ਉਨ੍ਹਾਂ ਕੋਲ ਇਥੇ ਕੋਈ ਤਕੜਾ ਉਮੀਦਵਾਰ ਨਹੀਂ ਸੀ। ਸਾਰੇ ਦੋਸਤਾਂ ਮਿੱਤਰਾਂ ਨੇ ਤੈਨੂੰ ਸਮਝਾਉਣ ਦੀ ਸਿਰ ਤੋੜ ਕੋਸ਼ਿਸ਼ ਕੀਤੀ ਪਰ ਤੂੰ ਅੜੀਅਲ ਖੋਤੇ ਵਾਂਗ ਇੱਕ ਹੀ ਰੱਟ ਲਗਾਈ ਰੱਖੀ ਕਿ ਮੈਂ ਤਾਂ ਆਪਣੇ ਬਾਪ ਦਾਦੇ ਵਾਲੀ ਪਾਰਟੀ ਦਾ ਵਫਾਦਾਰ ਰਹਿਣਾ ਆ। ਤੇਰੀ ਅੜੀ ਕਾਰਨ ਸੋਮ ਨਾਥ ਦਾ ਦਾਅ ਲੱਗ ਗਿਆ ਤੇ ਉਹ ਐੱਮ.ਐੱਲ.ਏ. ਬਣ ਗਿਆ। ਇਸ ਤੋਂ ਬਾਅਦ ਆਪਣੇ ਫਾਇਦੇ ਮੁਤਾਬਕ 2-3 ਪਾਰਟੀਆਂ ਬਦਲ ਚੁੱਕਾ ਹੈ ਤੇ ਢਾਈ ਕੁ ਸਾਲ ਮੰਤਰੀਪੁਣੇ ਦਾ ਆਨੰਦ ਵੀ ਮਾਣ ਲਿਆ ਹੈ। ਇਸ ਵਾਰੀ ਉਹ ਤੇਰੀ ਬਾਪ ਦਾਦੇ ਵਾਲੀ ਪਾਰਟੀ ਦੀ ਟਿਕਟ 'ਤੇ ਚੋਣ ਲੜ ਰਿਹਾ ਹੈ। ਉਹ ਗੱਲ ਵੱਖਰੀ ਹੈ ਕਿ ਜਿਸ ਪਾਰਟੀ ਦਾ ਤੂੰ ਸਵੈ ਘੋਸ਼ਿਤ ਵਫਾਦਾਰ ਸਿਪਾਹੀ ਹੈਂ, ਉਸ ਨੇ ਤੈਨੂੰ ਕਦੇ ਐੱਮ.ਸੀ. ਦੀ ਟਿਕਟ ਵੀ ਨਈਂ ਦਿੱਤੀ। ਹੁਣ ਮਾਂਜੀ ਜਾ ਭਾਂਡੇ ਬੈਠਾ ਢਾਬੇ 'ਤੇ, ਉਧਰ ਸੋਮ ਨਾਥ ਚਾਰ ਪੈਟਰੌਲ ਪੰਪ, ਦੋ ਮੈਰਿਜ਼ ਪੈਲਸ ਤੇ ਰਣਜੀਤ ਐਵੀਨਿਊ ਵਿਚ 1000 ਗਜ਼ ਦੀ ਕੋਠੀ ਦਾ ਮਾਲਕ ਬਣਿਆ ਬੈਠਾ ਆ।

# ਵਹੀ ਕਾਤਿਲ, ਵਹੀ ਮੁਖਬਿਰ, ਵਹੀ ਮੁਨਸਿਫ ਠਹਰੇ

-ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋ: 98781-11445
ਪੰਜਾਬ ਮੇਲ USA



ਸ਼ੁਕਰ ਹੈ ਕਿ ਕਰੋਨਾ ਚੀਨ ਵਿਚ ਪੈਦਾ ਹੋਕੇ ਟੈਲੀਸਕੋਪ ਰਾਹੀਂ ਵਿਗਿਆਨਿਕ ਲੀਹਾਂ 'ਤੇ ਆ ਗਿਆ ਸੀ। ਜੇ ਕਿਤੇ ਕਰੋਨਾ ਸਾਡੇ ਦੇਸ਼ ਵਿਚ ਪੈਦਾ ਹੋ ਜਾਂਦਾ, ਤਾਂ ਇਸ ਨੂੰ ਚੇਚਕ ਵਾਂਗ ਮਾਤਾ ਬਣਾਕੇ ਧੂਣੇ-ਧੂਣੀਆਂ ਲੱਗ ਜਾਣੀਆਂ ਸਨ। ਕਰੋਨਾ ਦੇਵਤਾ ਬਣਨ ਤੋਂ ਇਸੇ ਕਰਕੇ ਖੁੰਝ ਗਿਆ ਸੀ। ਹੁਣ ਸ਼ਾਇਦ ਕਰੋਨਾ ਨੇ ਇਹੀ ਸਰਾਪ ਦਿੱਤਾ ਕਿ ਇਸ ਦੀ ਵੈਕਸੀਨ ਦੇ ਮਨੁੱਖੀ ਸਿਹਤ ਨੂੰ ਦੁਰਪ੍ਰਭਾਵ ਸਾਹਮਣੇ ਆਏ। ਸੰਸਾਰ ਸਿਹਤ ਸੰਸਥਾ ਨੇ 1948 ਵਿਚ ਸਿਹਤ ਦੀ ਪ੍ਰੀਭਾਸ਼ਾ ਦਿੱਤੀ ਸੀ ਕਿ "ਸਰੀਰਿਕ ਮਾਨਸਿਕ ਅਤੇ ਸਮਾਜਿਕ ਪੱਖੋਂ ਪੂਰੀ ਤਰ੍ਹਾਂ ਤੰਦਰੁਸਤ ਅਤੇ ਸਰੀਰਿਕ ਸਮੱਸਿਆ ਤੋਂ ਮੁਕਤ ਹੋਵੇ"। ਕਰੋਨਾ ਦੀ ਚੰਗਿਆੜੀ ਨੇ ਇਹ ਪ੍ਰੀਭਾਸ਼ਾ ਬਦਲ ਦਿੱਤੀ, ਜਿਸ ਦੇ ਪਰਛਾਵੇਂ ਅੱਜ ਫਿਰ ਪੀੜਦਾਇਕ ਬਣਨ ਲੱਗ ਪਏ ਹਨ।

ਸਮਾਜ, ਸਿੱਖਿਆ, ਸੱਭਿਅਤਾ ਅਤੇ ਧਰਮ ਨੂੰ ਨੈਤਿਕ, ਨਾ-ਇਨਸਾਫੀ, ਮਨੁੱਖਤਾ ਦੀ ਸਲਾਮਤੀ ਅਤੇ ਮਾੜੇ-ਚੰਗੇ ਕਰਮ ਦਾ ਨਬੇੜਾ ਕਰਨ ਲਈ ਮਦਦਗਾਰ ਸਮਝਿਆ ਜਾਂਦਾ ਸੀ। ਇਨ੍ਹਾਂ ਸਿਧਾਂਤਾ ਤੋਂ ਗਿਆਨ ਪ੍ਰਾਪਤ ਕਰਨ ਵਾਲੇ ਅੱਗ ਲੱਗ ਕੇ ਗਿਆਨ ਪ੍ਰਾਪਤੀ ਨਾਲ ਹੀ ਮਨੁੱਖ, ਮਨੁੱਖ ਦੀ ਲੁੱਟ ਕਰ ਰਿਹਾ ਹੈ। ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਮਾਫੀਏ ਨਾਲ-ਨਾਲ ਚੱਲ ਰਹੇ ਹਨ। ਬਦਕਿਸਮਤੀ ਇਹ ਹੁੰਦੀ ਹੈ ਕਿ ਵੇਲਾ ਬੀਤਣ ਤੋਂ ਬਾਅਦ ਇਨ੍ਹਾਂ ਦਾ ਪਤਾ ਚੱਲਦਾ ਹੈ। ਇੰਨੇ ਚਿਰ ਨੂੰ ਲੋਕਾਂ ਦੀ ਲੁੱਟ, ਕੁੱਟ, ਪੁੱਟ ਹੋ ਜਾਂਦੀ ਹੈ। ਸੰਸਾਰ ਪੱਧਰ 'ਤੇ ਸਿਹਤ ਨਾਲ ਜੁੜੇ ਮਸਲੇ ਪਰਦੇ ਪਿੱਛੇ ਰਹਿੰਦੇ ਹਨ। ਇਸ ਦਾ ਕਾਰਨ ਲੋਕਾਂ ਨੂੰ ਇਸ ਵਿਸ਼ੇ ਦੀ ਘੱਟ ਜਾਣਕਾਰੀ ਹੁੰਦੀ ਹੈ। ਬੀਤਿਆ ਸਮਾਂ ਨਸੀਹਤ ਦੇ ਸਕਦਾ ਹੈ ਪਰ ਮਨੁੱਖੀ ਸਿਹਤ ਦੇ ਨੁਕਸਾਨ ਦੀ ਪੂਰਤੀ ਨਹੀਂ ਕਰ ਸਕਦਾ। ਹੁਣ ਸ਼ੱਕ ਹੁੰਦਾ ਹੈ ਕਿ ਗਲਤੀ ਨੂੰ ਲੁਕਾਉਣ ਨਾਲ ਇਸ ਵੈਕਸੀਨ ਦੇ ਦੁਰਪ੍ਰਭਾਵ ਕਾਰਨ ਇਹ ਜੁਰਮ ਬਣ ਗਿਆ ਹੈ। ਦੁਨੀਆਂ ਦੇ ਕਰੋੜਾਂ ਲੋਕ ਕਰੋਨਾ ਤੋਂ ਪ੍ਰਭਾਵਿਤ ਹੋਏ ਅਤੇ ਲੱਖਾਂ ਮਰੇ ਵੀ ਸਨ। 40 ਲੱਖ ਲੋਕਾਂ ਦੀ ਸਿਹਤ ਦਾ ਡਾਟਾ ਇਕੱਤਰ ਕਰਕੇ ਵਿਗਿਆਨੀਆਂ ਨੇ ਕੋਵਿਡ ਦੀਆਂ 6 ਕਿਸਮਾਂ ਮੰਨੀਆਂ ਸਨ। ਇਸ ਕਰਕੇ ਮਨੁੱਖ ਆਪਣੇ ਆਪ ਵਿਚ ਗੁਆਚ ਕੇ ਟੱਕਰਾਂ ਮਾਰਨ ਲਈ ਮਾਨਸਿਕ ਪੀੜ ਹੰਢਾਉਣ ਲਈ ਮਜਬੂਰ ਹੋਇਆ। ਕਰੋਨਾ ਦੀ ਵੈਕਸੀਨ ਬਾਰੇ ਸੱਚ-ਝੂਠ ਚੱਲਦਾ ਰਿਹਾ। ਹੁਣ ਝੂਠ-ਸੱਚ ਵਿਚ ਅਤੇ ਸੱਚ ਝੂਠ ਵਿਚ ਬਦਲਣ ਦੇ ਸੰਕੇਤ ਮਿਲਦੇ ਹਨ। ਆਲਮੀ ਬਹਿਸ ਛਿੜ ਗਈ ਹੈ। ਅਜੇ ਸਾਲ ਕੁ ਪਹਿਲਾ ਹੀ ਸੰਸਾਰ ਸਿਹਤ ਸੰਸਥਾਂ ਨੇ ਇਸ ਨੂੰ ਖਤਰਨਾਕ ਬੀਮਾਰੀ ਤੋਂ ਆਮ ਬੀਮਾਰੀ ਦੇ ਖਾਤੇ ਵਿਚ ਪਾਇਆ ਸੀ। ਉਸ ਸਮੇਂ ਮੈਡੀਕਲ ਸਿੱਖਿਆ ਖੇਤਰ ਨੂੰ ਜੱਦੋ-ਜਹਿਦ ਅਤੇ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ। ਇਕ ਵਾਰ ਤਾਂ ਕਰੋਨਾ ਨੂੰ ਹੀ ਜੈਵਿਕ ਹੱਥਿਆਰ ਸਮਝਿਆ ਜਾਣ ਲੱਗ ਪਿਆ ਸੀ।

ਮਨੁੱਖੀ ਜ਼ਿੰਦਗੀ ਇੰਨੀ ਸਸਤੀ ਨਹੀਂ ਹੈ ਕਿ ਅਣਗਹਿਲੀ ਅਤੇ ਘੱਟ ਗਿਆਨ ਵਾਲੇ ਲੋਕਾਂ ਕਰਕੇ ਖਤਮ ਕਰ ਦਿੱਤੀ ਜਾਵੇ। ਹਮੇਸ਼ਾ ਜਿੰਦਗੀ ਜਿਊਂਣ ਲਈ ਵਿਸ਼ਵਾਸ ਪੈਦਾ ਕਰਨਾ ਪੈਂਦਾ ਹੈ। ਕਰੋਨਾ ਦੀ ਵੈਕਸੀਨ ਬਾਰੇ ਵਿਗਿਆਨੀਆਂ ਨੇ ਮਿਹਨਤ ਕੀਤੀ, ਇਸ ਨਾਲ ਵਿਸ਼ਵਾਸ ਪੈਦਾ ਹੋਇਆ। ਹੁਣ ਇੱਕਦਮ ਇਹ ਵਿਸ਼ਵਾਸ ਅਵਿਸ਼ਵਾਸ ਵਿਚ ਬਦਲ ਗਿਆ ਹੈ। ਸਾਰੀਆਂ ਆਸ਼ਾਵਾਂ ਦਾ ਅੰਤ ਹੋ ਗਿਆ। ਸੱਤਾਧਾਰੀ ਲੋਕ ਵੀ ਜਨਤਾ ਲਈ ਤਜ਼ਰਬੇ ਕਰਦੇ ਰਹਿੰਦੇ ਹਨ, ਇਨ੍ਹਾਂ ਦੇ ਸਹੀ ਪ੍ਰਭਾਵ ਸਵੀਕਾਰਨਯੋਗ ਹੁੰਦੇ ਹਨ। ਜਮਹੂਰੀਅਤ ਵਿਚ ਲੋਕ ਮਾੜੇ ਪ੍ਰਭਾਵਾਂ ਨੂੰ ਬਿਲਕੁੱਲ ਬਰਦਾਸ਼ਤ ਨਹੀਂ ਕਰਦੇ। ਗੈਰ ਜ਼ਿੰਮੇਵਾਰਾਨਾ ਪ੍ਰਚਾਰ ਘਾਤਕ ਹੁੰਦਾ ਹੈ। ਇਸੇ ਵਿਸ਼ੇ 'ਤੇ ਵੀ ਅਜਿਹਾ ਹੀ ਹੋਇਆ। ਕੇਂਦਰੀ ਭਾਰਤੀ ਸਰਕਾਰ ਅਤੇ ਸੂਬਾਈ ਸਰਕਾਰ ਨੇ ਸਿਰ ਤੋੜ ਯਤਨ ਕਰਕੇ ਕਰੋਨਾ ਨੂੰ ਹਰਾਇਆ। ਸਭ ਤੋਂ ਵੱਡੀ ਖਾਮੀ ਇਹ ਰਹੀ ਕਿ ਦੂਰਰਸ਼ੀ ਪ੍ਰਭਾਵ ਅੱਖੋਂ-ਪਰੋਖੇ ਕੀਤੇ ਗਏ। ਪਰ ਹੁਣ ਨਵੀਆਂ ਉਠੀਆਂ ਅਫਵਾਹਾਂ ਅਤੇ ਸੱਚਾਈਆਂ ਨੇ ਪੋਚਾ ਫੇਰਕੇ "ਇਲਮੋਂ ਬਸ ਕਰੀਂ ਓ ਯਾਰ" ਦਾ ਰਾਗ ਸ਼ੁਰੂ ਕਰ ਦਿੱਤਾ ਹੈ। ਰਾਸ਼ਟਰ ਦੇ ਹਿੱਤ ਵਿਚ ਜਨਤਾ ਦੇ ਹਿੱਤ ਛੁੱਪੇ ਹੁੰਦੇ ਹਨ। ਸਾਡੇ ਦੇਸ਼ ਦੀ ਸੰਸਕ੍ਰਿਤੀ ਲੋਕ ਭਲਾਈ ਹੈ, ਇਸ ਲਈ ਜਨਤਾ ਨੂੰ ਵੀ ਸੁਚੇਤ ਹੋਣ ਦੀ ਲੋੜ ਹੈ।

ਗਲੋਬਲ ਫਾਰਮਾਸਿਉਟੀਕਲ ਕੰਪਨੀ ਐਸਟਰਾ ਜੈਨਿਕ ਨੇ ਅਦਾਲਤ ਵਿਚ ਮੰਨਿਆ ਹੈ ਕਿ ਕੋਵਿਡ ਮਹਾਂਮਾਰੀ ਨੂੰ ਰੋਕਣ ਲਈ ਕਰੋਨਾ ਵੈਕਸੀਨ ਦੇ ਨਾਂਹ ਪੱਖੀ ਪ੍ਰਭਾਵ ਵੀ ਪਏ ਹਨ। ਖੂਨ ਦੇ ਧੱਬੇ ਜੰਮਣ ਦੀ ਪੁਸ਼ਟੀ ਹੋ ਗਈ ਹੈ। ਸਾਡੇ ਆਪਣੇ ਭਾਰਤ ਦੇਸ਼ ਵਿਚ 174 ਕਰੋੜ ਖੁਰਾਕਾਂ ਦਿੱਤੀਆਂ ਗਈਆਂ। ਇਨ੍ਹਾਂ ਦੇ ਦੁਰਪ੍ਰਭਾਵਾਂ ਬਾਰੇ ਵੀ ਸਾਡੀ ਸਰਕਾਰ ਨੂੰ ਕਮੇਟੀ ਬਣਾਕੇ ਪੱਖ ਪੜਚੋਲ ਕਰਕੇ ਅੱਗੇ ਲਈ ਹੁਸ਼ਿਆਰ ਹੋਣ ਦੀ ਲੋੜ ਹੈ। ਰੈਮਡੇਸੇਵੀਅਰ ਨੇ ਦੁਨੀਆਂ ਭਰ ਦੇ ਹਸਪਤਾਲਾਂ ਵਿਚ ਕਲੀਨਿਕਲ ਟਰਾਇਲ ਕਰਕੇ 11 ਦਿਨ ਪੜਚੋਲ ਕਰਕੇ ਅਧਿਕਾਰੀਆਂ ਨੇ ਵਧੀਆ ਦਵਾਈ ਕਹੀ ਸੀ ਪਰ ਇਲਾਜ ਸਟੀਕ ਨਹੀਂ ਕਿਹਾ ਸੀ। ਪੰਜਾਬ ਵਿਚ 30 ਜੂਨ, 2020 ਤੱਕ 111375 ਕਰੋੜ ਕਰੋਨਾ ਦੇ ਕੇਸ ਆਏ, ਜਿਨ੍ਹਾਂ ਵਿਚੋਂ 90345 ਠੀਕ ਹੋਏ ਅਤੇ 3284 ਮੌਤ ਦੀ ਭੇਟ ਚੜ੍ਹੇ। ਹੁਣ ਕਰੋਨਾ ਦੀ ਵੈਕਸੀਨ ਐਸਟਰਾਜੈਨਿਕਾ ਨੇ ਵਾਪਸ ਲੈ ਲਈ ਹੈ। ਇਸ ਦੇ 3 ਖਰਬ ਟੀਕੇ ਲੱਗ ਚੁੱਕੇ ਹਨ। ਕੰਪਨੀ ਇਹੀ ਵੀ ਕਹਿੰਦੀ ਹੈ ਕਿ ਇਕ ਪਹਿਲੇ ਸਾਲ ਇਸ ਨੇ 65 ਲੱਖ ਜਾਨਾਂ ਬਚਾਈਆਂ। ਹੁਣ ਇਹ ਸਮੇਂ ਦੀ ਹਾਣੀ ਨਹੀਂ ਹੈ, ਇਸ ਲਈ ਇਸ ਨੂੰ ਵਾਪਿਸ ਲੈਣ ਦਾ ਫੈਸਲਾ ਵਪਾਰਕ ਹੈ।

ਸਰਕਾਰਾਂ ਨੇ ਇਸ ਦੀ ਖੋਜ ਕਰਨ ਵਿਚ ਕਾਹਲ ਜ਼ਰੂਰ ਦਿਖਾਈ ਪਰ ਦੂਜੇ ਪਾਸੇ ਲੋਕਾਂ ਦੀ ਹਾਹਾਕਾਰ ਨੂੰ ਮਿਟਾਉਣ ਲਈ ਜ਼ਰੂਰੀ ਵੀ ਸੀ। ਇਸ ਦਾ ਆਧਾਰ ਮੈਡੀਕਲ ਖੇਤਰ ਸੀ, ਇਸ ਲਈ ਲੋਕਾਂ ਦੇ ਹਿੱਤਾਂ ਤੋਂ ਪਹਿਲਾਂ ਵਪਾਰਕ ਹਿੱਤ ਵੀ ਦੇਖੇ ਗਏ। ਭਾਰਤ ਦੇ ਸੀਰਮ ਇੰਸਟੀਚਿਊਟ ਆਫ ਇੰਡੀਆ ਨੇ ਐਸਟਰਾਜੈਨਿਕ ਨਾਲ 1 ਖਰਬ ਕੋਵਿਡ ਵੈਕਸੀਨ ਬਣਾਉਣ ਦਾ ਕਰਾਰ ਕੀਤਾ ਸੀ। ਜਦੋਂ ਕੋਈ ਦਵਾਈ ਬਣਦੀ ਹੈ, ਤਾਂ ਵੱਖ-ਵੱਖ ਪੜਾਵਾਂ ਵਿਚੋਂ ਹੋ ਕੇ ਜਾਂਦੀ ਹੈ, ਫਿਰ ਜੇ ਇਸ ਦੇ ਹੁਣ ਦੁਰਪ੍ਰਭਾਵ ਪਏ ਹਨ, ਤਾਂ ਉਕਾਈ ਅਤੇ ਗਲਤੀ ਤਾਂ ਹੋਈ ਹੈ। ਕਾਹਲੀ ਅੱਗੇ ਟੋਏ ਪਏ ਹਨ। ਉੱਧਰ ਵਿਗਿਆਨਿਕ ਯੁੱਗ ਵਿਚ ਕੁਦਰਤੀ ਘਟਨਾਵਾਂ ਦਾ ਸਹੀ ਮੁਲਾਂਕਣ ਕਰਕੇ ਕਿਸੇ ਸਦਾਬਹਾਰ ਅਤੇ ਸਾਰਥਿਕ ਨਤੀਜੇ 'ਤੇ ਪੁੱਜਣਾ ਹੁੰਦਾ ਹੈ ਪਰ ਅਜਿਹਾ ਘੱਟ ਨਜ਼ਰੀਂ ਆਇਆ। ਬਾਜ਼ਾਰ ਵਿਚ ਮੈਡੀਕਲ ਖੇਤਰ ਪਹਿਲਾਂ ਹੀ ਆਪਣੇ ਦਿੱਖ ਨੂੰ ਸਿੱਕੇ ਦੇ ਦੋਵੇਂ ਪਾਸਿਆਂ ਵਾਂਗ ਨਹੀਂ ਰੱਖ ਸਕਿਆ। ਖੂਨ ਜੰਮਣ ਅਤੇ ਦਿਲ ਦੇ ਦੌਰਿਆਂ ਦੀਆਂ ਚਰਚਾਵਾਂ ਨੇ ਸੁੱਤੀ ਕਲਾ ਜਗ੍ਹਾ ਦਿੱਤੀ ਹੈ। ਵੈਕਸੀਨ ਲਗਵਾਉਣ ਵਾਲਿਆਂ ਲਈ ਮਾਨਸਿਕ ਪ੍ਰੇਸ਼ਾਨੀ ਖੜ੍ਹੀ ਕਰ ਦਿੱਤੀ ਹੈ। ਜਦੋਂਕਿ ਜਿਨ੍ਹਾਂ ਨੇ 'ਮੋਟੀ ਬੁੱਧੀ ਵਰਦਾਨ ਬੁੱਧੀ' ਦੇ ਸਿਧਾਂਤ ਅਨੁਸਾਰ ਟੀਕੇ ਨਹੀਂ ਲਗਵਾਏ, ਉਹ ਹੁਣ ਟੀਕੇ ਲਗਵਾਉਣ ਵਾਲੀਆਂ ਨੂੰ ਟਿੱਚਰਾਂ ਕਰ ਰਹੇ ਹਨ। ਸਲਾਹਾਂ, ਦੁਆਵਾਂ, ਆਸ਼ਾਵਾਂ ਅਤੇ ਛੇ-ਨੌਂ ਦੇ ਫਰਕ ਨੇ ਮੈਡੀਕਲ ਖੇਤਰ ਅਤੇ ਸਰਕਾਰੀ ਨਿਜ਼ਾਮ ਨੇ ਵੈਕਸੀਨ ਕਰਕੇ ਆਪਣੇ ਆਪ ਨੂੰ ਸੁਰਜੀਤ ਪਾਤਰ ਦੀਆਂ ਇਨ੍ਹਾਂ ਸਤਰਾਂ ਉੱਤੇ ਖੜ੍ਹਾ ਕਰ ਲਿਆ ਹੈ:-

"ਇਸ ਵਾਰੀ ਤੂੰ ਹੀ ਸਾਬਤ ਕਰ ਕਿ ਤੂੰ ਮੇਰਾ, ਮੈਂ ਤੇਰਾ ਹਾਂ। ਹਰ ਵਾਰੀ ਸੂਲੀ ਚੜ੍ਹ ਜਾਂ ਮੈਨੂੰ ਇਹ ਪ੍ਰਵਾਨ ਨਹੀਂ।"

ਮੈਡੀਕਲ ਖੇਤਰ ਪਵਿੱਤਰ ਅਤੇ ਰੱਬ ਰੂਪ ਹੈ। ਇਸ ਵਿਚ ਅਣਗਹਿਲੀ ਅਤੇ ਬੇਈਮਾਨੀ ਜ਼ੀਰੋ ਪ੍ਰਤੀਸ਼ਤ ਹੁੰਦੀ ਹੈ। ਇਸ ਨੇ ਮਨੁੱਖਤਾ ਦਾ ਅੱਜ ਅਤੇ ਕੱਲ੍ਹ ਸੁਰੱਖਿਅਤ ਕਰਨਾ ਹੁੰਦਾ ਹੈ। ਉਤਪਾਦਕ ਅਤੇ ਨਿਗਰਾਨੀ ਰੱਖਣ ਵਾਲੇ ਸਮੇਤ ਰਾਜਸੀ ਨਿਜ਼ਾਮ ਅੱਜ ਜਾਂਚ ਦੇ ਘੇਰੇ ਵਿਚ ਖੜ੍ਹ ਗਏ ਹਨ। ਵੈਕਸੀਨ ਦੇ ਹਾਂ-ਪੱਖੀ ਅਤੇ ਚੰਗੇ ਨਤੀਜਿਆਂ ਨੇ ਆਪਣਾ ਰੁੱਖ ਬਦਲਕੇ ਹੁਣ ਨਾਂਹ ਪੱਖੀ ਅਤੇ ਤਾਜ਼ਾ ਦੁਰਪ੍ਰਭਾਵਾਂ ਦੀਆਂ ਖਬਰਾਂ ਵੱਲ ਕੇਂਦਰਿਤ ਕਰ ਦਿੱਤਾ ਹੈ। ਨਿਰਾਸ਼ਾ ਦਾ ਆਲਮ ਅਤੇ ਡਰ ਭੈਅ ਦਾ ਮਾਹੌਲ ਬਣ ਗਿਆ ਹੈ। ਇਉਂ ਲੱਗ ਰਿਹਾ ਹੈ ਕਿ ਜਾਨਾਂ ਬਚਾਉਣ ਵਾਲਿਆਂ ਤੋਂ ਹੀ ਕੁੱਝ ਗਲਤੀ ਹੋਈ, ਜਿਸ ਦਾ ਹੜਕੰਪ ਮੰਚਣਾ ਸੰਭਵ ਹੈ। ਇਸ ਲਈ ਇਹ ਸਾਰੇ ਵਰਤਾਰੇ ਨੂੰ ਅੱਜ ਮਿਰਜ਼ਾ ਗਾਲਿਬ ਦੇ ਸ਼ੇਅਰ ਨਾਲ ਨਾਪਿਆ ਜਾ ਸਕਦਾ ਹੈ।

"ਵਹੀ ਕਾਤਿਲ, ਵਹੀ ਮੁਖਬਿਰ, ਵਹੀ ਮੁਨਸਿਫ ਠਹਿਰੇ,
ਅਕ੍ਰਿਬਾ ਮੇਰੇ ਕਰੇਂ, ਖੂਨ ਕਾ ਦਾਵਾ ਕਿਸ ਪਰ"

## 31 ਮਈ ਗੁਰਤਾ ਗੱਦੀ 'ਤੇ ਵਿਸ਼ੇਸ਼ ਲੇਖ

# ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ




ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸਐਪ : +91-99141-84794
ਪੰਜਾਬ ਮੇਲ USA




ਸੰਮਤ 1651 ਮੁਤਾਬਿਕ 1594 ਈ: ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਛੱਡ ਕੇ ਇੱਥੋਂ 6 ਕਿਲੋਮੀਟਰ ਦੂਰ ਪਿੰਡ ਵਡਾਲੀ ਵਿਖੇ ਜਾ ਬਿਰਾਜੇ ਸਨ। ਇੱਥੇ ਵਡਾਲੀ ਵਿਚ ਰਹਿੰਦਿਆਂ ਹੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਵਾਕ ਪੂਰਾ ਹੋਇਆ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਤੇ ਮਾਤਾ ਗੰਗਾ ਜੀ ਦੀ ਕੁੱਖੋਂ ਸੰਮਤ 1652 ਸੰਨ 1595 ਈ: ਨੂੰ (ਗੁਰੂ) ਸ੍ਰੀ ਹਰਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਸਾਰੇ ਸਿੱਖ ਜਗਤ ਵਿਚ ਅਥਾਹ ਖੁਸ਼ੀ ਹੋਈ। ਪੰਚਮ ਪਾਤਿਸ਼ਾਹ ਜੀ ਨੇ ਮਾਲਕ ਦਾ ਸ਼ੁਕਰਾਨਾ ਕਰਦਿਆਂ ਇਹ ਸ਼ਬਦ ਉਚਾਰਨ ਕੀਤਾ :

ਸਤਿਗੁਰ ਸਾਚੈ ਦੀਆਂ ਭੇਜਿ
ਚਿਰ ਜੀਵਨੁ ਉਪਜਿਆ ਸੰਜੋਗਿ
ਉਦਰੈ ਮਾਹਿ ਆਇ ਕੀਆ ਨਿਵਾਸੈ
ਮਾਤਾ ਕੇ ਮਨਿ ਬਹੁਤ ਬਿਗਾਸੁ ॥ 1 ॥
ਜੰਮਿਆ ਪੂਤੁ ਭਗਤ ਗੋਵਿੰਦ ਕਾ
ਪ੍ਰਗਟਿਆ ਸਭ ਮਹਿ ਲਿਖਿਆ ਧੁਰ ਕਾ

**(ਆਸਾ ਮਹੱਲਾ 5 ਸ੍ਰੀ ਗੁਰੂ ਗੰਥ ਸਾਹਿਬ ਅੰਗ:** 396)

ਜਦ ਹਰਗੋਬਿੰਦ ਸਾਹਿਬ 2 ਸਾਲ ਦੇ ਹੋਏ ਤਾਂ ਪੰਚਮ ਪਾਤਿਸ਼ਾਹ ਵਡਾਲੀ ਛੱਡ ਕੇ ਅੰਮ੍ਰਿਤਸਰ ਰਹਿਣ ਲੱਗ ਪਏ।

**ਬਚਪਨ ਤੇ ਵਿਦਿਆ:** ਜਦ ਹਰਗੋਬਿੰਦ ਸਾਹਿਬ ਜੀ ਵਿਦਿਆ ਪ੍ਰਾਪਤੀ ਲਈ ਯੋਗ ਅਵਸਥਾ ਵਿਚ ਪਹੁੰਚੇ, ਤਾਂ ਵਿਦਿਆ ਦੇਣ ਦਾ ਕਾਰਜ ਬਾਬਾ ਬੁੱਢਾ ਜੀ ਨੂੰ ਸੌਂਪ ਦਿੱਤਾ ਗਿਆ। ਥੋੜ੍ਹੇ ਦਿਨਾਂ ਵਿਚ ਹੀ ਉਨ੍ਹਾਂ ਅੱਖਰ ਸਿੱਖ ਲਏ ਤੇ ਗੁਰਬਾਣੀ ਪੜ੍ਹਨ ਲੱਗ ਪਏ। ਉਸ ਪਿਛੋਂ ਉਨ੍ਹਾਂ ਨੂੰ ਸ਼ਸਤਰ ਚਲਾਉਣੇ, ਘੋੜ ਸਵਾਰੀ ਕਰਨੀ, ਹਿਕਮਤ ਤੇ ਰਸਾਇਨਿਕ ਵਿਦਿਆ ਆਦਿ ਸਿਖਾਈਆਂ ਗਈਆਂ।

**ਵਿਆਹ:** ਗੁਰੂ ਹਰਗੋਬਿੰਦ ਸਾਹਿਬ ਜੀ ਦੇ ਤਿੰਨ ਵਿਆਹ ਹੋਏ। (1) ਮਾਘ ਸੁਦੀ 7 ਸੰਮਤ 1661 ਸੰਨ 1604 ਈ: ਨੂੰ ਪਿੰਡ ਡੱਲੇ ਦੇ ਰਹਿਣ ਵਾਲੇ ਬਾਬਾ ਨਰਾਇਣ ਦਾਸ ਦੀ ਸਪੁੱਤਰੀ ਦਮੋਦਰੀ ਜੀ ਨਾਲ ਹੋਇਆ। (2) ਸੰਮਤ 1670 ਸੰਨ 1613 ਈ: ਨੂੰ ਬਾਬਾ ਹਰੀ ਚੰਦ ਜੀ ਬਾਬਾ ਬਕਾਲਾ ਨਿਵਾਸੀ ਦੀ ਸਪੁੱਤਰੀ ਬੀਬੀ ਨਾਨਕੀ ਨਾਲ ਹੋਇਆ। (3) ਸੰਮਤ 1672 ਸੰਨ 1615 ਈ: ਨੂੰ ਪਿੰਡ ਮੰਡਿਆਲੀ ਦੇ ਰਹਿਣ ਵਾਲੇ ਬਾਬਾ ਦਯਾ ਰਾਮ ਮਰਵਾਹੇ ਖੱਤਰੀ ਦੀ ਸਪੁੱਤਰੀ ਮਹਾਂਦੇਵੀ ਨਾਲ ਹੋਇਆ।

**ਗੁਰਆਈ ਮਿਲਣਾ** : ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸਮੇਂ ਸ੍ਰੀ ਅੰਮ੍ਰਿਤਸਰ ਸਰੋਵਰ ਦੀ ਕਾਰ ਸੇਵਾ ਵਾਲੀ ਮਿੱਟੀ ਕਢਦਿਆਂ ਸ੍ਰੀ ਹਰਿਮੰਦਰ ਸਾਹਿਬ ਦੇ ਪੱਛਮ ਵੱਲ ਮਿੱਟੀ ਦਾ ਇਕ ਕੱਚਾ ਥੜ੍ਹਾ ਬਣ ਗਿਆ ਸੀ। ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਪੱਕਾ ਕਰਨ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਆਪਣੇ ਆਰਾਮ ਲਈ ਇੱਥੇ ਇਕ ਕੋਠੜੀ ਬਣਵਾਈ ਸੀ, ਜਿਸ ਨੂੰ ਅੱਜਕੱਲ੍ਹ ਕੋਠਾ ਸਾਹਿਬ ਕਹਿੰਦੇ ਹਨ।

ਸੰਮਤ 1661 ਸਾਲ 1604 ਈ: ਵਿਚ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ, ਤਾਂ ਗੁਰੂ ਸਾਹਿਬ ਜੀ ਦੇ ਕਹਿਣ ਤੇ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁੱਖ-ਆਸਣ ਕੋਠਾ ਸਾਹਿਬ ਵਿਖੇ ਕੀਤਾ। ਉਸ ਦਿਨ ਤੋਂ ਪੰਜਵੇਂ ਪਾਤਿਸ਼ਾਹ ਸੁਖ-ਆਸਣ ਵਾਲੇ ਪਲੰਘ ਸਾਹਿਬ ਦੇ ਥੱਲੇ ਦਰੀ ਉੱਤੇ ਚਾਦਰ ਵਿਛਾ ਕੇ ਰਾਤ ਨੂੰ ਬਿਰਾਜਦੇ ਰਹੇ। ਇਹ ਮਰਿਆਦਾ ਅੱਜ ਵੀ ਚੱਲੀ ਆ ਰਹੀ ਹੈ।

ਭਾਈ ਸੰਤੋਖ ਸਿੰਘ ਅਨੁਸਾਰ ਜਿਸ ਵੇਲੇ ਗੁਰੂ ਅਰਜਨ ਦੇਵ ਜੀ ਨੂੰ ਬਾਦਸ਼ਾਹ ਦੇ ਭੇਜੇ ਹੋਏ ਅਹਿਦੀਆਂ ਨੇ ਬੁਲਾਵੇ ਦਾ ਹੁਕਮ ਸੁਣਾਇਆ, ਤਾਂ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ ਬਾਬਾ ਬੁੱਢਾ ਜੀ ਨਾਲ ਸਲਾਹ ਕਰਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਨਾਲ ਲੈ ਕੇ ਜੇਠ ਵਦੀ 8 ਸੰਮਤ 1663 ਸੰਨ 1606 ਈ: ਵਿਚ ਕੋਠਾ ਸਾਹਿਬ ਵਾਲੇ ਕਮਰੇ ਵਿਚ ਆ ਗਏ। ਉਥੇ ਹੀ ਭਾਈ ਗੁਰਦਾਸ ਜੀ ਨੂੰ ਬੁਲਾ ਲਿਆ।

ਪੰਚਮ ਪਾਤਿਸ਼ਾਹ ਨੇ (ਗੁਰੂ) ਹਰਿਗੋਬਿੰਦ ਸਾਹਿਬ ਅੱਗੇ ਪੰਜ ਪੈਸੇ ਤੇ ਨਾਰੀਅਲ ਰੱਖ ਕੇ ਤਿੰਨ ਪ੍ਰਕਰਮਾਂ ਕਰ ਕੇ ਮੱਥਾ ਟੇਕ ਕੇ ਕਿਹਾ ਕਿ ਇਹ ਸਾਡੇ ਬਾਅਦ ਸਾਡਾ ਗੁਰੂ ਰੂਪ ਹੋਵੇਗਾ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਗੁਰੂ ਘਰ ਦੀ ਮਰਿਆਦਾ ਅਨੁਸਾਰ ਕੇਸਰ ਤੇ ਚੰਦਨ ਨਾਲ ਗੁਰਤਾਗੱਦੀ ਦਾ ਤਿਲਕ ਕਰ ਦਿੱਤਾ। ਉਸ ਟਾਇਮ (ਗੁਰੂ) ਹਰਿਗੋਬਿੰਦ ਸਾਹਿਬ ਜੀ ਦੀ ਉਮਰ 11 ਸਾਲ ਸੀ।

ਇਸ ਦੇ ਨਾਲ ਹੀ ਪੰਚਮ ਪਾਤਿਸ਼ਾਹ ਜੀ ਨੇ ਹਰਗੋਬਿੰਦ ਸਾਹਿਬ ਜੀ ਨੂੰ ਸ਼ਸਤਰਧਾਰੀ ਹੋਣ ਦਾ ਹੁਕਮ ਦਿੱਤਾ ਤੇ ਨਾਲ ਹੀ ਕਿਹਾ, ਹੁਣ ਤਖ਼ਤ 'ਤੇ ਬੈਠਣ ਦਾ ਸਮਾਂ ਆ ਗਿਆ ਹੈ। ਧਰਮ ਦਾ ਰਾਜ ਕਾਇਮ ਕਰਨ ਲਈ ਸ਼ਸਤਰ ਤੇ ਫ਼ੌਜ ਨੂੰ ਕਾਇਮ ਕਰਨਾ ਤੇ ਚੰਦੂ ਦੇ ਕਰਮਾਂ ਦਾ ਫਲ ਭੁਗਤਾਨ ਕਰਨਾ ਤੁਹਾਡੀ ਡਿਊਟੀ ਹੈ।

ਜੇਠ ਸੁਦੀ 4 ਸੰਮਤ 1663 ਸੰਨ 1606 ਈ: ਨੂੰ ਲਾਹੌਰ ਵਿਖੇ ਪੰਚਮ ਪਾਤਿਸ਼ਾਹ ਦੀ ਸ਼ਹੀਦੀ ਉਪਰੰਤ ਗੁਰਮਤਿ ਰਹੁ-ਰੀਤਾਂ ਅਨੁਸਾਰ ਸਤਿਗੁਰਾਂ ਨਿਮਤ ਕੋਠਾ ਸਾਹਿਬ ਵਾਲੇ ਕਮਰੇ ਅੰਦਰ ਬਾਬਾ ਬੁੱਢਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਆਰੰਭ ਕੀਤਾ, ਤੇਰਵੇਂ ਦਿਨ ਹਾੜ ਵਦੀ ਇਕ ਦੀ ਸੰਗਰਾਂਦ ਨੂੰ ਕੋਠਾ ਸਾਹਿਬ ਦੇ ਸਾਹਮਣੇ ਸਜੇ ਦੀਵਾਨ ਵਿਚ ਬਾਬਾ ਬੁੱਢਾ ਜੀ ਨੇ ਭੋਗ ਪਾਇਆ।

ਪੁਰਾਤਨ ਰੀਤੀ ਅਨੁਸਾਰ ਮਸੰਦ, ਸੇਲੀ, ਮਾਲਾ, ਟੋਪੀ ਲੈ ਕੇ ਆਏ, ਤਾਂ ਹਰਗੋਬਿੰਦ ਪਾਤਿਸ਼ਾਹ ਨੇ ਬਾਬਾ ਬੁੱਢਾ ਜੀ ਨੂੰ ਕਿਹਾ, ਇਹ ਸਮਾਨ ਤੋਸ਼ੇਖਾਨੇ ਪਹੁੰਚਾ ਦਿਓ ਅਤੇ ਸਾਨੂੰ ਦਸਤਾਰ ਪਹਿਨਾਓ, ਅਸੀਂ ਸ਼ਸਤਰ ਪਹਿਨ ਕੇ ਜੰਗ ਕਰਨੇ ਹਨ, ਤਾਂ ਬਾਬਾ ਬੁੱਢਾ ਜੀ ਨੇ ਉਹ ਸਮਾਨ ਤੋਸ਼ੇਖਾਨੇ ਪਹੁੰਚਾ ਦਿੱਤਾ ਅਤੇ ਪਾਠ ਦੇ ਭੋਗ ਦੀ ਅਰਦਾਸ ਉਪਰੰਤ ਬਾਬਾ ਬੁੱਢਾ ਜੀ ਨੇ ਸ੍ਰੀ ਹਰਗੋਬਿੰਦ ਪਾਤਿਸ਼ਾਹ ਨੂੰ ਪੱਗ ਬਨਾਈ (ਭਾਵ ਦਸਤਾਰ ਬੰਦੀ ਦੀ ਰਸਮ ਕੀਤੀ)।

ਫਿਰ ਬੇਦੀਆਂ, ਤਰੇਹਣਾ, ਭੱਲਿਆ, ਸੋਢੀਆਂ, ਮਸੰਦਾਂ, ਮੁਖੀ ਸਿੱਖਾਂ, ਸ਼ਹਿਰ ਦੇ ਪੰਤਵੰਤਿਆ, ਦੇਸ ਪ੍ਰਦੇਸ ਦੀਆਂ ਸੰਗਤਾਂ ਨੇ ਗੁਰੂ ਜੀ ਨੂੰ ਦਸਤਾਰਾਂ ਤੇ ਮਾਇਆ ਭੇਟ ਕੀਤੀ।

**ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨਣੀਆਂ:**

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਤਖ਼ਤ ਦੀ ਰਚਨਾ ਚਾਹੁੰਦੇ ਸਨ, ਉਨ੍ਹਾਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨਾਲ ਸਲਾਹ ਕਰਕੇ ਹਾੜ ਵਦੀ ਪੰਚਮੀ ਦਾ ਦਿਨ ਮੁਕਰਰ ਕਰਕੇ ਕੋਠਾ ਸਾਹਿਬ ਦੇ ਖੱਬੇ ਪਾਸੇ ਥਾਂ ਪੱਧਰਾ ਕਰਕੇ ਇੱਟਾਂ ਤੇ ਚੂਨਾ ਸਮੱਗਰੀ ਇਕੱਠੀ ਕਰਨ ਦਾ ਹੁਕਮ ਦਿੱਤਾ। ਦਿੱਤੇ ਸਮੇਂ ਅਨੁਸਾਰ ਹਰਗੋਬਿੰਦ ਸਾਹਿਬ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਉੱਥੇ ਪਹੁੰਚ ਗਏ। ਅਰਦਾਸ ਉਪਰੰਤ ਸਤਿਗੁਰਾਂ ਨੇ ਤਖ਼ਤ ਦੀ ਪਹਿਲੀ ਇੱਟ ਆਪਣੇ ਪਵਿੱਤਰ ਕਰ-ਕਮਲਾਂ ਨਾਲ ਰੱਖੀ। ਬਾਕੀ ਸਾਰੀ ਉਸਾਰੀ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਨੇ ਕੀਤੀ। ਥੋੜ੍ਹੇ ਸਮੇਂ ਵਿਚ 1608 ਨੂੰ ਤਖ਼ਤ ਦਾ ਥੜ੍ਹਾ ਤਿਆਰ ਹੋ ਗਿਆ। ਗੁਰੂ ਸਾਹਿਬ ਜੀ ਨੇ ਇਸ ਨੂੰ ਅਕਾਲ ਤਖ਼ਤ ਦਾ ਨਾਮ ਦਿੱਤਾ, ਇਹ ਉਸ ਪ੍ਰਮਾਤਮਾਂ ਅਕਾਲ ਪੁਰਖ ਦਾ ਅਕਾਲ ਤਖ਼ਤ ਹੈ।

ਤਖ਼ਤ ਨਸ਼ੀਨੀ ਦੇ ਤਿਲਕ ਸਮਾਗਮ ਦੀ ਤਰੀਕ ਹਾੜ ਸੁਦੀ ਦੱਸਵੀਂ ਮਿੱਥ ਕੇ ਸਤਿਗੁਰਾਂ ਨੇ ਸਗਤਾਂ ਨੂੰ ਹੁੰਮਹੁਮਾ ਕੇ ਪੁੱਜਣ ਹਿਤ ਹੁਕਮਨਾਵੇਂ ਭੇਜ ਦਿੱਤੇ, ਨਾਲ ਹੀ ਲਿਖ ਭੇਜਿਆ, 'ਸ਼ਸਤਰਾਂ ਅਤੇ ਵਧੀਆ ਘੋੜਿਆਂ ਦੀ ਭੇਟਾ ਲੈ ਕੇ ਆਓ'।

ਹਾੜ ਸੁਦੀ ਦਸਵੀਂ ਨੂੰ ਸਤਿਗੁਰਾਂ ਦੇ ਬੈਠਣ ਲਈ ਸਿੰਘਾਸਣ ਸਜਾਇਆ ਗਿਆ। ਸਤਿਗੁਰਾਂ ਦੇ ਬਹੁਤ ਸੁੰਦਰ ਕੀਮਤੀ ਪੀਲੀ ਪੁਸ਼ਾਕ ਪਹਿਨੀ ਹੋਈ ਸੀ। ਸੁੰਦਰ ਦਸਤਾਰ ਉੱਪਰ ਜਿਗ੍ਹਾ ਤੇ ਕਲਗੀ ਸਜਾਈ ਹੋਈ ਸੀ। ਬਾਹਾਂ ਵਿਚ ਅੰਗਦ ਸੋਭ ਰਹੇ ਸਨ। ਪਿੰਡੇ ਉੱਤੇ ਢਾਲ ਸਜਾਈ ਫ਼ਬ ਰਹੀ ਸੀ। ਸਤਿਗੁਰੂ ਸਿੰਘਾਸਣ ਉੱਪਰ ਬਿਰਾਜਮਾਨ ਹੋ ਗਏ। ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਸੰਗਤਾਂ ਨਾਲ ਦੀਵਾਨ ਭਰਿਆ ਹੋਇਆ ਸੀ।

ਸਤਿਗੁਰਾਂ ਨੇ ਹੁਕਮ ਕੀਤਾ, ਉਹ ਸ਼ਸਤਰ ਲਿਆਓ, ਜੋ ਅਸੀਂ ਬਣਵਾਏ ਹਨ। ਸਾਰੇ ਸ਼ਸਤਰ ਸਤਿਗੁਰਾਂ ਅੱਗੇ ਲਿਆ ਦਿੱਤੇ ਗਏ। ਸਤਿਗੁਰਾਂ ਜੀ ਦੇ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ ਦੋ ਸਿਰੀ ਸਾਹਿਬ ਸਤਿਗੁਰਾਂ ਨੂੰ ਪਹਿਨਾਏ। ਤੀਰਾਂ ਦਾ ਭਰਿਆ ਭੱਥਾ ਲੱਕ ਨਾਲ ਸਜਾਇਆ। ਖੱਬੇ ਹੱਥ ਵਿਚ ਭਾਰੀ ਧਨੁੱਖ ਪਕੜਿਆ ਅਤੇ ਸੱਜੇ ਹੱਥ ਵਿਚ ਤੀਰ ਪਕੜ ਕੇ ਘੁਮਾਇਆ।

ਸਤਿਗੁਰਾਂ ਦੇ ਤਖ਼ਤ 'ਤੇ ਬੈਠਣ ਸਬੰਧੀ ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਲਿਖਦੇ ਹਨ :

ਪੰਜ ਪਿਆਲੇ, ਪੰਜਿ ਪੀਰ, ਛਠਮ ਪੀਰੁ ਬੈਠਾ ਗੁਰ ਭਾਰੀ।
ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਗੋਬਿੰਦ ਸਵਾਰੀ ॥ (ਭਾਈ ਗੁਰਦਾਸ)

ਮੁੱਖੀ ਸਿੱਖਾਂ ਅਤੇ ਸੰਗਤਾਂ ਨੇ ਦੋ ਤਲਵਾਰਾ ਪਹਿਨਣ ਦਾ ਕਾਰਨ ਪੁੱਛਿਆ, ਤਾਂ ਸਤਿਗੁਰਾਂ ਨੇ ਫੁਰਮਾਇਆ ਇਕ ਮੀਰੀ ਦੀ, ਇਕ ਪੀਰੀ ਦੀ। ਇਕ ਸ਼ਕਤੀ ਦੀ, ਇਕ ਭਗਤੀ ਦੀ। ਇਕ ਧਰਮ ਦੀ, ਇਕ ਰਾਜਨੀਤੀ ਦੀ। ਸੰਗਤਾਂ ਵਲੋਂ ਲਿਆਂਦੇ ਸ਼ਸਤਰਾਂ ਨਾਲ ਵੱਡਾ ਢੇਰ ਲੱਗ ਗਿਆ ਸੀ ਅਤੇ ਘੋੜਿਆਂ ਦਾ ਪੂਰਾ ਤਬੇਲਾ ਬਣ ਗਿਆ ਸੀ।

---

## ਐਦਾਂ ਨੀਂ ਗੁਲਝਾ ਕੱਢਦੀਆਂ


ਕੰਵਲ ਭੱਟੀ
ਯੂ.ਐੱਸ.ਏ.
ਪੰਜਾਬ ਮੇਲ USA




ਜਦੋਂ ਕੇਸੀ ਨਹਾ ਕੇ ਹਟੀ, ਵਾਲ ਸੁੱਕਿਆਂ ਤੋਂ ਗੁਲਝਾਂ ਕੱਢਦੀ ਵੇਖ ਮਾਂ ਨੇ ਕਿਹਾ "ਹੌਲੀ-ਹੌਲੀ ਸੁਲਝਾ ਧੀਏ ਕਾਹਲੀ ਨਾਲ ਤਾਂ ਹੋਰ ਉਲਝ ਜਾਣਗੀਆਂ"।

"ਮਾਂ ਆਹ ਗੁਲਝ ਨਿਕਲਦੀ ਹੀ ਨਹੀਂ, ਇਹਨੂੰ ਕੱਟ ਦੇਵਾਂ ?"

"ਨਾਹ ਧੀਏ ......... ਸਬਰ ਨਾਲ ਸੁਲਝਾ, ਜੋ ਉਲਝਿਆ ਸੁਲਝੇ ਨਾ, ਕੱਟੀ ਦਾ ਥੋੜ੍ਹੋ ਹੁੰਦਾ? ਸਬਰ ਨਾਲ ਸੁਲਝਾਈ ਦਾ।"

ਹੁਣ ਵੀ ਬਹੁਤ ਕੁੱਝ ਉਲਝਦਾ ਮਾਂ............

ਪਰ ਤੇਰੀ ਦੱਸੀ ਹੋਈ ਗੱਲ ਪੱਲ੍ਹੇ ਬੰਨ੍ਹੀ ਹੋਈ ਏ।

ਕਈ ਵਾਰ ਸਭ ਕੁੱਝ ਸਲਝਾਉਂਦੀ-ਸਲਝਾਉਂਦੀ ਆਪ ਉਲਝ ਜਾਨੀ ਆ,

ਪਰ "ਸਬਰ ਨਾਲ ਸੁਲਝਾਈ ਦਾ, ਕੱਟੀ ਦਾ ਥੋੜ੍ਹੋ ਹੁੰਦਾ।"

ਇਹ ਬੋਲ ਮੈਨੂੰ ਮੁੜ ਖੜ੍ਹਾ ਕਰ ਦਿੰਦੇ ਨੇ।

# ਉਮੀਦਵਾਰਾਂ ਦਾ ਲੇਖਾ ਜੋਖਾ



-ਅਮਰਬੀਰ ਸਿੰਘ ਚੀਮਾ
ਸਰਹਿੰਦ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
ਪੰਜਾਬ ਮੇਲ USA



2024 ਦੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਤੋਂ ਕੁੱਲ 328 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਇਨ੍ਹਾਂ ਵਿਚੋਂ 30 ਉਮੀਦਵਾਰ ਅੰਮ੍ਰਿਤਸਰ ਤੋਂ, 28 ਆਨੰਦਪੁਰ ਸਾਹਿਬ ਤੋਂ, 18 ਬਠਿੰਡੇ ਤੋਂ, ਫਰੀਦਕੋਟ (ਰਿਜ਼ਰਵ) ਤੋਂ 28, ਫ਼ਤਿਹਗੜ੍ਹ ਸਾਹਿਬ (ਰਿਜ਼ਰਵ) ਤੋਂ 14, ਫਿਰੋਜ਼ਪੁਰ ਤੋਂ 29, ਗੁਰਦਾਸਪੁਰ ਤੋਂ 26, ਹਸ਼ਿਆਰਪੁਰ (ਰਿਜ਼ਰਵ) ਤੋਂ 16, ਜਲੰਧਰ (ਰਿਜ਼ਰਵ) ਤੋਂ 20, ਖਡੂਰ ਸਾਹਿਬ ਤੋਂ 27, ਲੁਧਿਆਣਾ ਤੋਂ 43, ਪਟਿਆਲਾ ਤੋਂ 26 ਜਦਕਿ ਸੰਗਰੂਰ ਤੋਂ 23 ਉਮੀਦਵਾਰ ਮੈਦਾਨ ਵਿਚ ਹਨ। ਇਨ੍ਹਾਂ 328 ਉਮੀਦਵਾਰਾਂ ਵਿਚੋਂ 69 (21%) ਉਮੀਦਵਾਰਾਂ ਉੱਤੇ ਅਪਰਾਧਿਕ ਮਾਮਲੇ ਤੇ 47 (14%) ਉਮੀਦਵਾਰਾਂ ਉੱਤੇ ਗੰਭੀਰ ਅਪਰਾਧਿਕ ਮਾਮਲੇ ਦਰਜ ਹਨ। ਕੁੱਲ ਉਮੀਦਵਾਰਾਂ ਵਿਚੋਂ 102 (31%) ਉਮੀਦਵਾਰ ਕਰੋੜਪਤੀ ਹਨ।

### ਅਪਰਾਧਿਕ ਮਾਮਲੇ

ਉਮੀਦਵਾਰਾਂ ਵੱਲੋਂ ਭਰੇ ਐਫੀਡੇਵਟਾਂ ਅਨੁਸਾਰ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ 13 ਉਮੀਦਵਾਰਾਂ ਵਿਚੋਂ ਤਿੰਨ-ਤਿੰਨ, ਆਮ ਆਦਮੀ ਪਾਰਟੀ ਦੇ 13 ਵਿਚੋਂ 5, ਸ਼੍ਰੋਮਣੀ ਅਕਾਲੀ ਦਲ ਦੇ 13 ਵਿਚੋਂ 8, ਜਦਕਿ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ 12 ਵਿਚੋਂ 7 ਉਮੀਦਵਾਰਾਂ ਉੱਤੇ ਅਪਰਾਧਿਕ ਮਾਮਲੇ ਚੱਲ ਰਹੇ ਹਨ। ਇਸ ਤੋਂ ਇਲਾਵਾ ਇੱਕ ਉਮੀਦਵਾਰ ਉੱਤੇ ਕਤਲ ਤੇ ਛੇ ਉਮੀਦਵਾਰਾਂ ਉੱਤੇ ਇਰਾਦਾ ਕਤਲ ਦੇ ਮੁਕੱਦਮੇ ਦਰਜ ਹਨ।

### ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਜਾਇਦਾਦ

ਜਾਇਦਾਦ ਪੱਖੋ ਬਠਿੰਡੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬੀਬੀ ਹਰਸਿਮਰਤ ਕੌਰ ਬਾਦਲ ਸਭ ਤੋਂ ਅਮੀਰ ਹਨ, ਜਿਨ੍ਹਾਂ ਕੋਲ 198 ਕਰੋੜ ਦੀ ਚਲ ਤੇ ਅਚਲ ਜਾਇਦਾਦ ਹੈ। ਉਨ੍ਹਾਂ ਤੋਂ ਬਾਅਦ ਪਟਿਆਲੇ ਤੋਂ ਭਾਜਪਾ ਦੇ ਉਮੀਦਵਾਰ ਮਹਾਰਾਣੀ ਪਰਨੀਤ ਕੌਰ ਹਨ, ਜਿਨ੍ਹਾਂ ਦੀ ਚਲ ਤੇ ਅਚਲ ਜਾਇਦਾਦ 60 ਕਰੋੜ ਦੇ ਕਰੀਬ ਹੈ। ਇਸੇ ਤਰ੍ਹਾਂ ਤੀਜਾ ਨੰਬਰ ਸੰਗਰੂਰ ਤੋਂ ਕਾਂਗਰਸ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦਾ ਆਉਂਦਾ ਹੈ, ਜਿਨ੍ਹਾਂ ਦੀ ਚਲ ਤੇ ਅਚਲ ਜਾਇਦਾਦ 50 ਕਰੋੜ ਦੇ ਕਰੀਬ ਹੈ।

ਦੂਜੇ ਪਾਸੇ ਜੇਕਰ ਸਭ ਤੋਂ ਘੱਟ ਜਾਇਦਾਦ ਵਾਲੇ ਉਮੀਦਵਾਰਾਂ ਦੀ ਗੱਲ ਕਰੀਏ, ਤਾਂ ਲੁਧਿਆਣਾ ਤੋਂ ਜਨ ਸੇਵਾ ਡਰਾਈਵਰ ਪਾਰਟੀ ਦੇ ਉਮੀਦਵਾਰ ਰਾਜੀਵ ਕੁਮਾਰ ਮਹਿਰਾ ਦਾ ਨਾਂ ਜ਼ਿਕਰਯੋਗ ਹੈ, ਜਿਨ੍ਹਾਂ ਕੋਲ ਸਿਰਫ਼ 2500 ਰੁਪਏ ਦੀ ਚਲ ਜਾਇਦਾਦ ਹੈ। ਉਨ੍ਹਾਂ ਤੋਂ ਬਾਅਦ ਲੁਧਿਆਣੇ ਤੋਂ ਹੀ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੇ ਘਨੱ੍ਹਈਆ ਲਾਲ (ਡਾ. ਕਿਸਨ ਕੁਮਾਰ) ਦਾ ਨਾਂ ਆਉਂਦਾ ਹੈ, ਜਿਨ੍ਹਾਂ ਦੇ ਮੂਵੇਬਲ ਅਸੈਟਸ ਸਿਰਫ 3100 ਰੁਪਏ ਹਨ। ਫਿਰੋਜ਼ਪੁਰ ਤੋਂ ਆਜ਼ਾਦ ਉਮੀਦਵਾਰ ਚਮਕੌਰ ਸਿੰਘ ਹੋਰਾਂ ਕੋਲ 10,000/- ਰੁਪਏ ਦੀ ਕੁੱਲ ਜਾਇਦਾਦ ਹੈ।

### ਵਿਦਿਅਕ ਯੋਗਤਾ

ਕੁੱਲ 328 ਉਮੀਦਵਾਰਾਂ ਵਿਚੋਂ 23 ਅਨਪੜ੍ਹ ਹਨ, ਪੰਜ ਕੁੱਝ ਪੜ੍ਹੇ ਹੋਏ, 20 ਉਮੀਦਵਾਰ ਪੰਜਵੀਂ ਪਾਸ, 32 ਅੱਠਵੀਂ ਪਾਸ, 73 ਉਮੀਦਵਾਰ ਦਸਵੀਂ ਪਾਸ, 59 ਉਮੀਦਵਾਰ 12 ਪਾਸ, 46 ਗ੍ਰੈਜੂਏਟ ਜਦਕਿ 23 ਉਮੀਦਵਾਰ ਗ੍ਰੈਜੂਏਟ ਪ੍ਰੋਫੈਸਨਲ ਹਨ। ਇਨ੍ਹਾਂ ਤੋਂ ਇਲਾਵਾ 37 ਉਮੀਦਵਾਰ ਪੋਸਟ ਗ੍ਰੈਜੂਏਟ ਹਨ, ਜਦਕਿ ਤਿੰਨ ਉਮੀਦਵਾਰਾਂ ਕੋਲ ਡਾਕਟਰੇਟ ਦੀ ਡਿਗਰੀ ਹੈ। ਛੇ ਉਮੀਦਵਾਰਾਂ ਨੇ ਡਿਪਲੋਮਾ ਕੀਤਾ ਹੋਇਆ, ਜਦਕਿ ਇਕ ਉਮੀਦਵਾਰ ਵੱਲੋਂ ਆਪਣੀ ਵਿਦਿਅਕ ਯੋਗਤਾ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ।

### 302 ਮਰਦ ਤੇ 26 ਔਰਤਾਂ

ਪੰਜਾਬ ਵਿਚ ਕੁੱਲ 328 ਉਮੀਦਵਾਰਾਂ ਵਿਚੋਂ 302 ਮਰਦ, ਜਦਕਿ 26 ਔਰਤਾਂ ਵੀ ਆਪਣੀ ਕਿਸਮਤ ਅਜ਼ਮਾ ਰਹੀਆਂ ਹਨ। ਔਰਤਾਂ ਨੂੰ ਚੋਣਾਂ ਵਿਚ 33 ਫੀਸਦੀ ਰਾਖਵਾਂਕਰਨ ਦੇਣ ਦੇ ਦਮਗਜ਼ੇ ਮਾਰੇ ਜਾਂਦੇ ਹਨ, ਜਦਕਿ ਅਸਲ 'ਚ ਸਿਰਫ 8 ਫੀਸਦੀ ਔਰਤਾਂ ਹੀ ਪੰਜਾਬ ਵਿਚ ਚੋਣ ਲੜ ਰਹੀਆਂ ਹਨ। ਭਾਰਤੀ ਜਨਤਾ ਪਾਰਟੀ ਵੱਲੋਂ ਪੰਜਾਬ 'ਚ ਕੁੱਲ 13 ਸੀਟਾਂ ਵਿਚੋਂ 10 ਮਰਦ ਤੇ ਤਿੰਨ ਔਰਤ ਉਮੀਦਵਾਰਾਂ ਨੂੰ ਟਿਕਟ ਦਿੱਤੀ ਗਈ ਹੈ। ਇਸੇ ਤਰ੍ਹਾਂ ਕਾਂਗਰਸ ਵੱਲੋਂ 11 ਮਰਦ ਅਤੇ ਦੋ ਔਰਤ ਉਮੀਦਵਾਰਾਂ ਨੂੰ ਮੈਦਾਨ ਵਿਚ ਉਤਾਰਿਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਰਫ ਇੱਕੋ ਇੱਕ ਔਰਤ ਉਮੀਦਵਾਰ ਚੋਣ ਲੜ ਰਹੀ ਹੈ। ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਸਾਰੀਆਂ ਸੀਟਾਂ 'ਤੇ ਸਿਰਫ਼ ਮਰਦ ਉਮੀਦਵਾਰ ਹੀ ਖੜ੍ਹੇ ਕੀਤੇ ਗਏ ਹਨ, ਭਾਵ ਇਨ੍ਹਾਂ ਤਿੰਨਾਂ ਪਾਰਟੀਆਂ ਵੱਲੋਂ ਕਿਸੇ ਵੀ ਔਰਤ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਨਹੀਂ ਉਤਾਰਿਆ ਗਿਆ ਹੈ।

2024 ਦੀਆਂ ਲੋਕ ਸਭਾ ਚੋਣਾਂ ਲੜ ਰਹੇ ਪੰਜਾਬ ਦੇ ਉਮੀਦਵਾਰਾਂ ਸਬੰਧੀ ਹੋਰ ਵਿਸਥਾਰਤ ਜਾਣਕਾਰੀ ਐਸੋਸੀਏਸ਼ਨ ਫੋਰ ਡੈਮੋਕਰੇਟਿਕ ਰਿਫਾਰਮਜ (ਏ.ਡੀ.ਆਰ.) ਦੀ ਵੈੱਬਸਾਈਟ www.adrindia.org, www.mynetta.info ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਮਾਈਨੇਤਾ ਐਪ (myneta app) 'ਤੇ ਵੀ ਇਹ ਜਾਣਕਾਰੀ ਉਪਲਬਧ ਹੈ।

---

## ਪਰਵਚਨ

ਸੁਖਦੇਵ ਸਿੰਘ ਸ਼ਾਂਤ
ਸ਼ਰਲਟ, ਇੰਡੀਆਨਾ
001-317-406-0002
ਪੰਜਾਬ ਮੇਲ USA



ਉਪਰਲੇ ਕਮਰੇ 'ਚ ਮੈਂ ਆਪਣੇ ਚਾਚੇ ਦੇ ਮੁੰਡੇ ਹਰਪ੍ਰੀਤ ਕੋਲ ਬੈਠਾ ਸਾਂ। ਕਿਸੇ ਵਧੀਆ ਪੀਜ਼ਾ ਹੱਟ ਤੋਂ ਮੰਗਵਾਏ ਹੋਏ ਪੀਜ਼ੇ ਦਾ ਮਜ਼ਾ ਲੈਂਦਿਆਂ ਸਾਡੀਆਂ ਘਰੇਲੂ ਗੱਲਾਂ ਚੱਲ ਰਹੀਆਂ ਸਨ। ਹਰਪ੍ਰੀਤ ਮੈਨੂੰ ਦੱਸ ਰਿਹਾ ਸੀ, "ਭਾ ਜੀ, ਮੈਂ ਇੱਕ ਗੈਸ ਸਟੇਸ਼ਨ ਦਾ ਸੌਦਾ ਕਰ ਰਿਹਾ...ਨਾਲ ਸਟੋਰ ਵੀ ਐ। ਸਸਤਾ ਮਿਲ ਰਿਹੈ। ਕੋਈ ਆਪਣਾ ਦੇਸੀ ਭਰਾ ਈ ਵੇਚ ਰਿਹੈ। ਜੇ ਸੌਦਾ ਪੱਕਾ ਹੋ ਗਿਆ, ਤਾਂ ਆਪਣੇ ਤਿੰਨ ਸਟੋਰ ਹੋ ਜਾਣ ਕਰਕੇ ਇੱਕ ਵੱਡਾ ਪੀਕਾ ਲੈਣਾ ਪੈਣੇ....ਸਟੋਰਾਂ ਦਾ ਸਮਾਨ ਢੋਣ ਲਈ।"

ਹੇਠੋਂ ਹਰਪ੍ਰੀਤ ਦਾ ਬੇਟਾ ਆਇਆ ਤੇ ਉਹਦੇ ਕੰਨ 'ਚ ਕੁਝ ਕਹਿ ਗਿਆ।

ਹਰਪ੍ਰੀਤ ਮੈਨੂੰ ਕਹਿਣ ਲੱਗਿਆ, "ਹੇਠਾਂ ਬਾਬਾ ਜੀ ਆਏ ਨੇ। ਬੜੀ ਕਰਨੀ ਵਾਲੇ ਨੇ। ਇਹ ਦੁਨੀਆਦਾਰੀ ਦੀਆਂ ਗੱਲਾਂ ਤਾਂ ਖਤਮ ਈ ਨ੍ਹੀਂ ਹੁੰਦੀਆਂ। ਕਹਿੰਦੇ ਆ ਨਾ, ਮੈਂ ਮੁੱਕ ਜੂੰ ਮੁੱਕਣੇ ਨ੍ਹੀਂ ਸਿਆਪੇ। ਆਓ ਭਾ ਜੀ, ਬਾਬਾ ਜੀ ਪਾਸੋਂ ਕੋਈ ਬ੍ਰਹਮ ਗਿਆਨ ਦੀ ਗੱਲ ਈ ਸੁਣ ਲਈਏ....ਜੇ ਅਗਲਾ ਜੀਵਨ ਈ ਸੌਰ ਜਾਏ।"

ਅਸੀਂ ਹੇਠਾਂ ਆ ਕੇ ਨਮਸਕਾਰ ਕਰਕੇ ਬਹਿ ਗਏ। ਹਰਪ੍ਰੀਤ ਦੇ ਮੰਮੀ-ਡੈਡੀ ਪਹਿਲਾਂ ਹੀ ਬੈਠੇ ਬਾਬਾ ਜੀ ਦੇ ਬਚਨ ਸੁਣ ਰਹੇ ਸਨ।

ਬਾਬਾ ਜੀ ਪੀਜ਼ਾ ਖਾ ਰਹੇ ਸਨ ਤੇ ਨਾਲ-ਨਾਲ ਕਹਿ ਰਹੇ ਸਨ, "ਆਹਾ! ਨਿਊਜਰਸੀ ਗਏ। ਉੱਥੇ ਸਾਡੇ ਇੱਕ ਸ਼ਰਧਾਲੂ ਨੇ ਕਿਆ ਕਮਾਲ ਦਾ ਪੀਜ਼ਾ ਖੁਆਇਆ। ਇਹੋ ਜਿਹਾ ਸੁਆਦੀ ਪੀਜ਼ਾ ਅਸੀਂ ਪਹਿਲੀ ਵਾਰ ਖਾਧਾ ਸੀ। ਉੱਥੇ ਅਸੀਂ ਸ਼ਰਧਾਲੂਆਂ ਨੂੰ ਦੱਸਿਆ, ਪਈ ਅਸੀਂ ਡੇਰੇ ਲਈ ਪੰਜ-ਸੱਤ ਏਕੜ ਨਾਲ ਲੱਗਦੀ ਜ਼ਮੀਨ ਖਰੀਦਣੀ ਐਂ....ਉਨ੍ਹਾਂ ਨੇ ਤਾਂ ਡਾਲਰਾਂ ਦੀ ਝੜੀ ਲਾ ਦਿੱਤੀ। ਬੱਸ ਐਤਕੀਂ ਅਸੀਂ ਆਪਣੇ ਡੇਰੇ ਲਈ ਦੋ ਟਰੱਕ ਵੀ ਲੈ ਲੈਣੇ ਐਂ...ਇੱਕ ਵੱਡੀ ਗੱਡੀ ਵੀ ਲੈਣੀ ਐਂ।"

## 4 ਮਿੰਨੀ ਕਹਾਣੀਆਂ

### ਅੰਨ੍ਹੀ ਵਕਾਲਤ

ਗੁਰਬਚਨ ਸਿੰਘ ਅੱਜ ਦਫ਼ਤਰੋਂ ਛੁੱਟੀ 'ਤੇ ਸੀ। ਪੁੱਛਣ 'ਤੇ ਪਤਾ ਲੱਗਿਆ ਕਿ ਉਸ ਦੀ ਘਰ ਵਾਲੀ ਹਸਪਤਾਲ ਦਾਖਲ ਹੈ। ਮੈਨੂੰ ਯਾਦ ਆਇਆ। ਉਸ ਨੇ ਮੈਨੂੰ ਦੱਸਿਆ ਸੀ, "ਸਰ ਜੀ, ਬਾਬਾ ਜੀ ਬੜੀ ਕਰਨੀ ਵਾਲੇ ਨੇ। ਉਨ੍ਹਾਂ ਨੇ ਪੂਰੀ ਗਰੰਟੀ ਨਾਲ ਕਿਹਾ ਹੈ, ਇਸ ਵਾਰ ਸਾਡੇ ਬੇਟਾ ਈ ਹੋਵੇਗਾ। ਬਾਬਾ ਜੀ ਦਾ ਕਿਹਾ ਬਚਨ ਕਦੇ ਬਿਰਥਾ ਨਹੀਂ ਜਾਂਦਾ।"

ਦਫ਼ਤਰੋਂ ਛੁੱਟੀ ਹੁੰਦਿਆਂ ਈਂ ਸੋਚਿਆ ਰਾਹ 'ਚ ਹਸਪਤਾਲ ਐ ਪਤਾ ਈ ਕਰ ਚੱਲਦੇ ਆਂ। ਗੁਰਬਚਨ ਸਿੰਘ ਮੈਨੂੰ ਹਸਪਤਾਲ ਦੇ ਗੇਟ ਕੋਲ ਹੀ ਮਿਲ ਗਿਆ। ਮੂੰਹ ਲਟਕਾਈ ਤੁਰਿਆ ਆ ਰਿਹਾ ਸੀ। ਬੜੇ ਉਦਾਸ ਲਹਿਜੇ 'ਚ ਬੋਲਿਆ, "ਸਰ ਜੀ, ਬਾਬਾ ਜੀ ਦੀ ਭਵਿੱਖਬਾਣੀ ਬਿਲਕੁਲ ਸੱਚ ਨਿਕਲੀ ਪਰ ਸਾਡੀ ਤਕਦੀਰ ਈ ਮਾੜੀ ਐ। ਐਤਕੀਂ ਜੁੜਵਾਂ ਬੱਚੇ ਹੋਏ ਨੇ ਇੱਕ ਬੇਟਾ ਤੇ ਇੱਕ ਬੇਟੀ। ਬੇਟਾ ਤਾਂ ਬੱਸ ਮੂੰਹ ਦਿਖਾਉਣ ਈ ਆਇਆ ਸੀ। ਦੋ ਘੰਟਿਆਂ ਬਾਅਦ ਪੂਰਾ ਹੋ ਗਿਆ। ਚਲੋ ਹੁਣ ਸਾਡੇ ਤਿੰਨ ਬੇਟੀਆਂ ਹੋ ਗਈਆਂ ਨੇ....ਇਨ੍ਹਾਂ ਦੇ ਕਰਮ ਇਨ੍ਹਾਂ ਨਾਲ।"

ਮੈਂ ਉਸ ਨਾਲ ਹਮਦਰਦੀ ਜਤਾਈ ਤੇ ਸਕੂਟਰ ਘਰ ਵੱਲ ਮੋੜ ਲਿਆ। ਰਸਤੇ 'ਚ ਗੁਰਬਚਨ ਸਿੰਘ ਦੇ ਚਾਚਾ ਜੀ ਮਿਲ ਗਏ। ਮੈਂ ਉਨ੍ਹਾਂ ਕੋਲ ਵੀ ਅਫ਼ਸੋਸ ਕਰਨ ਲਈ ਰੁਕ ਗਿਆ।

"ਅੰਕਲ ਜੀ ਗੁਰਬਚਨ ਸਿੰਘ ਵਿਚਾਰੇ ਨਾਲ ਤਾਂ ਜੱਗੋਂ ਤੇਰ੍ਹਵੀਂ ਹੋ ਗਈ ਐ। ਜੇ ਰੱਬ ਨੇ ਜੌੜੇ ਬੱਚੇ ਦੇ ਈ ਦਿੱਤੇ ਸਨ, ਤਾਂ ਬੇਟਾ ਵੀ ਜਿਊਂਦਾ ਰਹਿੰਦਾ। ਆ ਕੇ ਵੀ ਏਨਾ ਵੱਡਾ ਦੁੱਖ ਦੇ ਕੇ ਚਲਾ ਗਿਆ।"

ਮੇਰੀ ਗੱਲ ਨੂੰ ਟੋਕਦਿਆਂ ਉਸ ਦੇ ਚਾਚਾ ਜੀ ਬੋਲੇ, "ਕਮਲੈ ਮੇਰਾ ਭਤੀਜਾ। ਮੈਨੂੰ ਵੀ ਕਹਿੰਦਾ ਸੀ, ਸਾਰਿਆਂ ਨੂੰ ਇਹੀ ਦੱਸਣੈ। ਕਹਿੰਦਾ ਆਪਾਂ ਬਾਬਾ ਜੀ ਨੂੰ ਝੂਠੇ ਨਹੀਂ ਪੈਣ ਦੇਣਾ। ਜਣੇਪੇ ਵੇਲੇ ਉਹਦੀ ਚਾਚੀ ਆਪਣੀ ਨੂੰਹ ਦੇ ਕੋਲ ਈ ਸੀ। ਇਕੱਲੀ ਬੇਟੀ ਪੈਦਾ ਹੋਈ ਐ। ਜੌੜੇ ਬੱਚੇ ਤਾਂ ਹੋਏ ਈ ਨਹੀਂ।"

### ਰਿਸ਼ਤੇਦਾਰੀ

"ਦਾਦਾ ਜੀ ਆ ਗਏ....ਦਾਦਾ ਜੀ ਆ ਗਏ।"

ਤਿੰਨ-ਚਾਰ ਸਾਲਾਂ ਦੇ ਬੱਚੇ ਨੇ ਘਰ 'ਚ ਦਾਖਲ ਹੋਏ ਦਾਦਾ ਜੀ ਨੂੰ ਦੇਖਦਿਆਂ ਹੀ ਰੌਲਾ ਪਾ ਦਿੱਤਾ।

ਤੇ ਫਿਰ ਦਾਦਾ ਜੀ ਦੀਆਂ ਲੱਤਾਂ ਨਾਲ ਆ ਚਿੰਬੜਿਆ।

ਦਾਦੀ ਬੋਲੀ, "ਦੇਖ ਲਓ, ਕਿੰਨਾ ਪਿਆਰ ਕਰਦੈ ਥੋਡਾ ਪੋਤਾ! ਕਦੋਂ ਆਉਣਗੇ ਦਾਦਾ ਜੀ, ਕਦੋਂ ਆਉਣਗੇ ਦਾਦਾ ਜੀ, ਮੈਨੂੰ ਤਾਂ ਪੁੱਛ-ਪੁੱਛ ਕੇ ਇਹਨੇ ਮੇਰਾ ਸਿਰ ਖਾ ਲਿਐ।"

ਬੱਚਾ ਰੀਂ-ਰੀਂ ਕਰਨ ਲੱਗ ਪਿਆ। ਦਾਦਾ ਜੀ ਸਮਝ ਗਏ ਤੇ ਉਨ੍ਹਾਂ ਨੇ ਆਪਣਾ ਮੋਬਾਈਲ ਫ਼ੋਨ ਉਸ ਨੂੰ ਚੁੱਪ ਕਰਾਉਣ ਲਈ ਦੇ ਦਿੱਤਾ।

ਬੱਚੇ ਨੇ ਮੋਬਾਈਲ ਫ਼ੋਨ ਫੜਿਆ। ਬਿਨਾ ਦਾਦਾ-ਦਾਦੀ ਵੱਲ ਦੇਖੇ ਇਕਦਮ ਪੌੜੀਆਂ ਚੜ੍ਹਿਆ ਤੇ ਆਪਣੇ ਕਮਰੇ ਵਿਚ ਚਲਾ ਗਿਆ।

ਦਾਦਾ ਜੀ ਮੱਲੋ-ਮੱਲੀ ਮੁਸਕਰਾਏ ਅਤੇ ਉਸ ਦੀ ਦਾਦੀ ਜੀ ਨੂੰ ਕਹਿਣ ਲੱਗੇ, "ਅਸਲੀ ਦਾਦਾ ਤਾਂ ਇਹ ਮੋਬਾਈਲ ਫ਼ੋਨ ਐ....ਮੇਰਾ ਕੀ ਐ? ਮੈਂ ਤਾਂ ਨਾਂਅ ਦਾ ਹੀ ਦਾਦਾ ਹਾਂ।"

### ਜ਼ਿੰਦਗੀ ਦੀ ਵਾਪਸੀ

ਸੱਤਰ-ਅੱਸੀ ਸਾਲਾਂ ਦੀ ਹੋਵੇਗੀ ਉਹ ਬਜ਼ੁਰਗ ਔਰਤ। ਆਈ.ਸੀ.ਯੂ. ਵਿਚ ਮੇਰੇ ਨਾਲ ਵਾਲੇ ਬੈੱਡ 'ਤੇ ਹੀ ਉਸ ਨੂੰ ਸਟਰੈਚਰ ਤੋਂ ਉਤਾਰ ਕੇ ਪਾ ਦਿੱਤਾ ਗਿਆ। ਉਹ ਦਰਦ ਨਾਲ ਕਰਾਹ ਰਹੀ ਸੀ। ਡਾਕਟਰ ਨਰਸਾਂ ਸਭ ਉਸ ਦੇ ਦੁਆਲੇ ਹੋ ਗਏ। ਗੁਲੂਕੋਸ਼ ਲਾ ਦਿੱਤਾ ਗਿਆ। ਆਕਸੀਜਨ ਵੀ ਲਾ ਦਿੱਤੀ। ਇੰਜੈਕਸ਼ਨ 'ਤੇ ਇੰਜੈਕਸ਼ਨ ਲਾਇਆ ਜਾ ਰਿਹਾ ਸੀ।

ਇੱਕ ਨਰਸ ਨੇ ਉਸ ਔਰਤ ਦੀਆਂ ਜੇਬਾਂ ਫਰੋਲੀਆਂ। ਚਾਬੀਆਂ 'ਤੇ ਪੈਸੇ ਕੱਢ ਲਏ। ਉਸ ਦੇ ਹੱਥ ਵਿਚ ਪਾਈ ਹੋਈ ਸੋਨੇ ਦੀ ਛਾਪ ਵੀ ਲਾਹ ਲਈ। ਇਹ ਸਾਰਾ ਸਮਾਨ ਲਿਖਤੀ ਰੂਪ 'ਚ ਨਰਸ ਨੇ ਉਹਦੀ ਪੜ੍ਹੀ-ਲਿਖੀ ਪੋਤੀ ਜਾਂ ਦੋਹਤੀ ਦੇ ਹਵਾਲੇ ਕਰ ਦਿੱਤਾ।

ਅਚਾਨਕ ਉਸ ਬਜ਼ੁਰਗ ਔਰਤ ਦੀ ਤਬੀਅਤ ਵਿਗੜੀ ਅਤੇ ਉਹ ਇਕਦਮ ਬੇਹੋਸ਼ ਹੋ ਗਈ। ਉਹਦੇ ਘਰ ਦੇ ਜੀਅ ਘਬਰਾ ਗਏ। ਡਾਕਟਰਾਂ ਅਤੇ ਨਰਸਾਂ ਨੂੰ ਹੱਥਾਂ-ਪੈਰਾਂ ਦੀ ਪੈ ਗਈ।

"ਬੀ ਜੀ ਬੋਲੋ....ਬੀ ਜੀ ਅੱਖਾਂ ਖੋਲ੍ਹੋ" ਦੀਆਂ ਉੱਚੀਆਂ ਆਵਾਜ਼ਾਂ ਸ਼ੁਰੂ ਹੋ ਗਈਆਂ। ਇੱਕ ਡਾਕਟਰ ਨੇ ਉਸ ਦੀ ਛਾਤੀ ਨੂੰ ਦਬਾਉਣਾ ਸ਼ੁਰੂ ਕੀਤਾ। ਇੱਕ ਨਰਸ ਉਸਦੇ ਪੈਰਾਂ ਦੀਆਂ ਤਲੀਆਂ ਮਲਣ ਲੱਗੀ। ਦੋ-ਚਾਰ ਟੀਕੇ ਗੁਲੂਕੋਸ਼ ਰਾਹੀਂ ਲਾਏ ਗਏ।


ਡਾਕਟਰਾਂ ਅਤੇ ਨਰਸਾਂ ਦੀ ਮਿਹਨਤ ਰੰਗ ਲਿਆਈ। ਬਜ਼ੁਰਗ ਔਰਤ ਨੇ ਥੋੜ੍ਹੀ ਜਿਹੀ ਹਿੱਲਜੁਲ ਕੀਤੀ। ਉਸ ਨੇ ਹੌਲੀ-ਹੌਲੀ ਅੱਖਾਂ ਖੋਲ੍ਹੀਆਂ ਤੇ ਉਸ ਦੇ ਬੁਲ੍ਹ ਫਰਕੇ।

ਸਾਰਿਆਂ ਦੇ ਸਾਹ ਵਿਚ ਸਾਹ ਆਇਆ। ਥੋੜ੍ਹੀ ਜਿਹੀ ਹੋਰ ਹੋਸ਼ ਆਈ ਤਾਂ ਉਹ ਔਰਤ ਆਪਣੇ ਹੱਥਾਂ ਨੂੰ ਆਪਸ ਵਿਚ ਮਲਣ ਲੱਗੀ। ਆਪਣੇ ਹੱਥਾਂ ਵੱਲ ਗਹੁ ਨਾਲ ਦੇਖਣ ਲੱਗੀ।

ਪੋਤੀ ਉਸ ਦੇ ਨੇੜੇ ਹੋ ਕੇ ਪੁੱਛਣ ਲੱਗੀ, "ਦਾਦੀ ਜੀ....ਤੁਸੀਂ ਠੀਕ ਓਂ?....ਪਾਣੀ ਲਿਆਵਾਂ?"

ਉਸ ਔਰਤ ਨੇ ਪੋਤੀ ਨੂੰ ਆਪਣੇ ਖੱਬੇ ਹੱਥ ਦੀ ਉਂਗਲ ਦਿਖਾਉਂਦਿਆਂ ਇਸ਼ਾਰਾ ਕੀਤਾ ਤੇ ਘਬਰਾਹਟ 'ਚ ਪੁੱਛਿਆ, "ਮੇਰੀ ਛਾਪ?"

# ਬਣਾਉਟੀ ਬੁੱਧੀ ਦੀ ਨਿਖੇਧੀ - ਇੱਕ ਨਿਰਮੂਲ ਰੁਝਾਨ



-ਇੰਜ. ਈਸ਼ਰ ਸਿੰਘ
647-640-2014
ਪੰਜਾਬ ਮੇਲ USA

ਅੱਜ ਸਾਇੰਸ ਅਤੇ ਤਕਨੌਲੋਜੀ ਦੇ ਇਜ਼ਾਰੇ-ਦਾਰਾਂ ਨੇ ਇਸ ਨੂੰ ਅਤੇ ਖਾਸ ਕਰ ਕੇ ਇਸ ਦੀ ਬ੍ਰਾਂਚ ਕੰਪਿਊਟਰ ਸਾਇੰਸ ਨੂੰ, ਬੇ-ਲੋੜੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੀਆਂ ਕਾਢਾਂ ਕੱਢ-ਕੱਢ ਕੇ ਆਪਣੇ ਰਸਤੇ ਤੋਂ ਭਟਕਾਇਆ ਹੋਇਆ ਹੈ। ਪਰ ਡੇਢ ਕੁ ਸਾਲ ਪਹਿਲਾਂ ਵਿਕਸਿਤ ਕੀਤੀ ਇਸ ਦੀ ਇੱਕ ਉਪ-ਕਾਢ (ਚੈਟ-ਜੀ.ਪੀ.ਟੀ. 4) ਨੇ ਇਸ ਦੇ ਹਾਮੀਆਂ ਨੂੰ ਵੀ ਚਿੰਤਾ 'ਚ ਪਾ ਦਿੱਤਾ ਹੈ। ਸੰਸਾਰ ਭਰ ਦੇ 27,000 ਤੋਂ ਵੱਧ ਬਣਾਉਟੀ ਬੁੱਧੀ ਦੇ ਮਾਹਿਰਾਂ, ਸਾਇੰਸਦਾਨਾਂ ਅਤੇ ਫ਼ਿਲਾਸਫ਼ਰਾਂ ਨੇ ਇੱਕ ਖੁੱਲ੍ਹਾ ਪੱਤਰ ਲਿਖ ਕੇ ਇਸ ਤਰ੍ਹਾਂ ਦੀਆਂ ਕਾਢਾਂ 'ਤੇ ਕੁਛ ਸਮੇਂ ਲਈ ਰੋਕ ਲਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਇਸ ਤਰ੍ਹਾਂ ਦੀਆਂ ਕਾਢਾਂ ਨੂੰ ਕਾਬੂ ਤੋਂ ਬਾਹਰ ਹੋ ਰਹੀ ਤਕਨੌਲੋਜੀ ਦਾ ਪ੍ਰਤੀਕ ਗਰਦਾਨਿਆ ਐ।

ਜਿਸ ਚੈਟ-ਜੀ.ਪੀ.ਟੀ. 4 ਨੇ ਇਹ ਸਥਿਤੀ ਪੈਦਾ ਕੀਤੀ ਹੈ, ਉਹ ਬਣਾਉਟੀ ਬੁੱਧੀ ਦੀ ਅਗਲੀ ਸਟੇਜ ਹੈ। ਸਰਲ ਢੰਗ ਨਾਲ ਕਹਿ ਸਕਦੇ ਹਾਂ ਕਿ ਪਹਿਲੀ ਸਟੇਜ ਦੀ ਬਣਾਉਟੀ ਬੁੱਧੀ ਹਰ ਖੇਤਰ ਦੀ ਆਪੋ-ਆਪਣੀ ਹੁੰਦੀ ਹੈ। ਇਸ ਦੀ ਆਪੋ-ਆਪਣੀ ਲਿਪੀ ਜਾਂ ਭਾਸ਼ਾ ਹੁੰਦੀ ਹੈ, ਜਿਸ ਦਾ ਜਨ-ਸਾਧਾਰਨ ਨਾਲ ਕੋਈ ਤਾਅੱਲੁਕ ਨਹੀਂ ਹੁੰਦਾ। ਇਸ ਦੀ ਅਗਲੀ ਸਟੇਜ 'ਜਨਰਲ ਬਣਾਉਟੀ ਬੁੱਧੀ' ਹੈ, ਜੋ ਸੰਸਾਰ ਦੀਆਂ ਮੁੱਖ ਭਾਸ਼ਾਵਾਂ 'ਚ ਅਤੇ ਅਨੇਕਾਂ ਖੇਤਰਾਂ 'ਚ ਅੱਡ-ਅੱਡ ਕੰਮ ਕਰ ਸਕਦੀ ਹੈ। ਇਹ ਮੌਲਿਕ ਵਰਗਾ ਸਾਹਿਤ ਲਿਖ ਸਕਦੀ ਹੈ, ਸਕਰੀਨ-ਪਲੇਅ, ਕਵਿਤਾ, ਹਾਸ-ਰਸ ਅਤੇ ਹਰ ਕਿਸਮ ਦੇ ਲੇਖ ਅਤੇ ਕਹਾਣੀਆਂ ਲਿਖ ਸਕਦੀ ਹੈ। ਖ਼ੁਦ ਕੰਪਿਊਟਰਾਂ ਲਈ ਕੋਡ ਤਿਆਰ ਕਰ ਸਕਦੀ ਹੈ। ਅਖ਼ਬਾਰੀ ਖ਼ਬਰਾਂ ਅਤੇ ਕਾਨੂੰਨੀ ਦਸਤਾਵੇਜ਼ ਲਿਖ ਸਕਦੀ ਹੈ। ਡੀਪ-ਫੇਕ ਬਣਾ ਸਕਦੀ ਹੈ, ਆਵਾਜ਼ ਦੀ ਨਕਲ ਕਰ ਸਕਦੀ ਹੈ ਅਤੇ ਇੰਨ-ਬਿੰਨ ਸ਼ਕਲਾਂ ਬਣਾ ਸਕਦਾ ਹੈ। ਸਮਾਜ ਦੇ ਮੰਦੇ ਅਨਸਰਾਂ ਦੇ ਹੱਥ ਚੜ੍ਹ ਕੇ ਇਹ ਸੰਸਾਰ 'ਚ ਅਨੇਕਾਂ ਨੁਕਸਾਨ ਕਰ ਸਕਦੀ ਹੈ। ਥੋੜੇ ਸਮੇਂ 'ਚ ਹੀ ਇਸ ਦਾ ਸੋਸ਼ਲ ਮੀਡੀਆ 'ਤੇ ਪੈ ਰਿਹਾ ਮਾੜਾ ਪ੍ਰਭਾਵ ਪ੍ਰਤੱਖ ਦਿਖ ਰਿਹਾ ਹੈ ਅਤੇ ਵੋਟਾਂ ਦੇ ਸਮੇਂ ਇਸ ਦਾ ਵਿਗੜ-ਰੂਪ ਹੋਰ ਵੀ ਘਿਣਾਉਣਾ ਹੋ ਰਿਹਾ ਹੈ।

ਚੈਟ-ਜੀ.ਪੀ.ਟੀ. 4 ਅਤੇ ਇਸ ਵਰਗ ਦੀਆਂ ਹੋਰ ਉਪ-ਕਾਢਾਂ ਦੀ ਦੁਰਵਰਤੋਂ ਦਾ ਯੂ.ਐੱਨ.ਓ. ਸਣੇ ਸਾਰੇ ਦੇਸ਼ਾਂ ਨੇ ਗੰਭੀਰ ਨੋਟਿਸ ਲਿਆ ਹੈ। ਸਭ ਨੇ ਇੱਕਮਤ ਹੋ ਕੇ ਚਿੰਤਾ ਪ੍ਰਗਟ ਕੀਤੀ ਹੈ ਅਤੇ ਬਣਾਉਟੀ ਬੁੱਧੀ ਦੇ ਬੇਲੋੜੇ ਉਭਾਰ ਨੂੰ ਠੱਲ੍ਹਣ ਅਤੇ ਨਿਯੰਤਰਣ ਕਰਨ ਲਈ ਹੋਰ ਪ੍ਰਭਾਵਕਾਰੀ ਉਪਰਾਲੇ ਕਰਨ ਦੀ ਲੋੜ ਨੂੰ ਦੁਹਰਾਇਆ ਹੈ। ਫ਼ੌਰੀ ਕਾਰਵਾਈ ਕਰਦਿਆਂ ਯੂ.ਐੱਨ. ਜਨਰਲ ਅਸੈਂਬਲੀ ਨੇ (21 ਮਾਰਚ, 2024 ਨੂੰ), ਇਸ ਸਬੰਧ 'ਚ ਅਮਰੀਕਾ ਵਲੋਂ ਪੇਸ਼ ਕੀਤਾ ਇੱਕ ਇਤਿਹਾਸਕ ਅਤੇ ਮਹੱਤਵਪੂਰਨ ਮਤਾ ਵਿਚਾਰਿਆ ਅਤੇ ਵੋਟਾਂ ਤੋਂ ਬਗੈਰ ਹੀ ਸਰਬ-ਸੰਮਤੀ ਨਾਲ ਪਾਸ ਕੀਤਾ। ਅਮਰੀਕਾ ਵਲੋਂ ਪੇਸ਼ ਕੀਤੇ ਅਤੇ ਚੀਨ ਅਤੇ ਭਾਰਤ ਸਣੇ ਸਾਰਿਆਂ ਦੇਸ਼ਾਂ ਵਲੋਂ ਸਰਬ-ਸੰਮਤੀ ਨਾਲ ਪਾਸ ਕੀਤੇ ਇਸ ਮਤੇ ਨੂੰ 'ਲੈਂਡ-ਮਾਰਕ' ਸਮਝਿਆ ਜਾਂਦਾ ਹੈ। ਇਸ ਲਈ ਕਿ ਇਹ ਇਸ ਪ੍ਰਮੁੱਖ ਅਸੈਂਬਲੀ ਦੇ ਇਤਿਹਾਸ 'ਚ ਪਹਿਲਾ ਮਤਾ ਹੈ, ਜੋ ਕਿਸੇ ਉੱਭਰ ਰਹੇ ਵਿਸ਼ੇ ਨੂੰ ਨਿਯੰਤਰਣ ਕਰਨ ਲਈ ਅਗਾਮੀ ਹੀ ਪਾਸ ਕੀਤਾ ਗਿਆ ਹੋਵੇ।

ਇਸ ਵਿਸ਼ੇ ਨਾਲ ਜੁੜੀ ਦਿਲਚਸਪ ਜਾਣਕਾਰੀ ਇਹ ਹੈ ਕਿ ਅੱਜਕੱਲ੍ਹ ਸ਼੍ਰੀ ਅਮਨਦੀਪ ਸਿੰਘ ਗਿੱਲ, ਯੂ.ਐੱਨ.ਓ. ਦੇ ਸਕੱਤਰ-ਜਨਰਲ ਦੇ 'ਐਨਵੁਆਇ ਔਨ ਤਕਨੌਲੋਜੀ' ਦੀ ਅਹਿਮ ਪੋਸਟ 'ਤੇ ਨਿਯੁਕਤ ਹਨ। ਆਪ ਬਣਾਉਟੀ ਬੁੱਧੀ (ਏ.ਆਈ.) ਦੇ ਸੰਸਾਰ ਦੇ ਚੋਟੀ ਦੇ ਮਾਹਿਰਾਂ 'ਚੋਂ ਹਨ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀ ਰਹੇ ਹਨ ਅਤੇ ਪੰਜਾਬੀ ਦੇ ਵਿਦਵਾਨ ਹਨ। ਇਸ ਮਤੇ ਦੀ ਪੈਰਵੀ ਸਬੰਧੀ ਕਾਰਵਾਈਆਂ 'ਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ।

ਇਸ ਮਤੇ ਰਾਹੀਂ ਸਾਰੇ ਦੇਸ਼ਾਂ ਅਤੇ ਸਬੰਧਿਤ ਅਦਾਰਿਆਂ ਨੂੰ ਬਣਾਉਟੀ ਬੁੱਧੀ ਦੀ ਲਾਭਕਾਰੀ, ਸੁਰੱਖਿਅਤ ਅਤੇ ਭਰੋਸੇਯੋਗ ਵਰਤੋਂ ਯਕੀਨੀ ਬਣਾਉਣ ਦੀ ਤਾਕੀਦ ਕੀਤੀ ਗਈ ਹੈ। ਵਿਸ਼ੇਸ਼ ਤੌਰ 'ਤੇ ਕਿਹਾ ਗਿਆ ਕਿ ਬਣਾਉਟੀ ਬੁੱਧੀ ਦੇ ਡੀਜ਼ਾਈਨ, ਵਿਕਾਸ ਅਤੇ ਵਰਤੋਂ ਕਰਨ ਦੌਰਾਨ ਮਨੁੱਖੀ ਮਾਣ-ਮਰਿਆਦਾ, ਸੁਰੱਖਿਆ ਅਤੇ ਭਲਾਈ ਯਕੀਨੀ ਬਣਾਈਆਂ ਜਾਣ। ਇਹ ਹਰ ਖੋਜ ਨੂੰ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੇ ਅਨੁਸਾਰੀ ਬਣਾਉਣ ਅਤੇ ਬਣਾਉਟੀ ਬੁੱਧੀ ਦਾ ਸਵੈ-ਨਿਰਭਰਤਾ ਅਤੇ ਵਿਸ਼ਵ-ਵਿਆਪੀ ਖ਼ੁਸ਼ਹਾਲੀ ਨਾਲ ਸੁਮੇਲ ਕਰਨ ਦਾ ਸੁਨੇਹਾ ਹੈ। ਇਹ ਸਮੁੱਚੇ ਮਾਡਰਨ ਸੰਸਾਰ ਲਈ ਇੱਕ ਉਦੇਸ਼ ਤੋਂ ਵੱਧ ਇੱਕ ਆਦੇਸ਼ ਹੈ, ਸਭ ਲਈ ਵੰਗਾਰ ਹੈ ਕਿ ਅਸੀਂ ਸਭ ਰਲ ਕੇ ਬਣਾਉਟੀ ਬੁੱਧੀ ਦੀ ਹਰ ਕਾਢ ਨੂੰ ਸਿਆਣਪ ਨਾਲ ਵਰਤੀਏ। ਇਸ ਰਾਹੀਂ ਇੱਕ ਐਸੀ ਸਿਰਜਣਾ ਕਰੀਏ, ਜੋ ਉੱਚਤਮ ਮਨੁੱਖੀ ਆਦਰਸ਼ਾਂ ਅਤੇ ਡੂੰਘੀਆਂ ਨੈਤਿਕ ਕਦਰਾਂ-ਕੀਮਤਾਂ ਦਾ ਚਿਤਰਣ ਕਰਦੀ ਹੋਵੇ।

ਮਤੇ ਨੂੰ ਪੜ੍ਹਦਿਆਂ ਇਸ ਗੱਲ ਦਾ ਕੋਈ ਅਹਿਸਾਸ ਹੀ ਨਹੀਂ ਹੁੰਦਾ ਕਿ ਇਹ ਸਾਇੰਸਦਾਨਾਂ ਅਤੇ ਰਾਜਨੀਤਿਕਾਂ ਵਲੋਂ ਤਿਆਰ ਕੀਤਾ ਗਿਆ ਹੈ। ਬਲਕਿ ਇਹ ਸਮਾਜ-ਸੁਧਾਰਕਾਂ, ਮਨੁੱਖਤਾ ਦੀ ਸਮੁਚੀ ਭਲਾਈ ਅਤੇ ਸਰਬ-ਸਾਂਝੀਵਾਲਤਾ ਦੇ ਹਾਮੀਆਂ ਵਲੋਂ ਲਿਖੀ ਆਸ਼ਾਜਨਕ ਵਾਰਤਾ ਲੱਗਦਾ ਹੈ। ਇਸ ਵਿਸ਼ੇ ਨਾਲ ਜੁੜੇ ਹਰ ਵਧੀਆ ਸਬਦ ਦਾ ਸੰਗ੍ਰਿਹ ਲੱਗਦਾ ਹੈ। ਮਤੇ ਦਾ ਥੀਮ ਹੈ ਕਿ: 'ਅਸੀਂ ਬਣਾਉਟੀ ਬੁੱਧੀ ਨੂੰ ਪੂਰੀ ਤਰ੍ਹਾਂ ਨਿਯੰਤਰਤ ਕਰੀਏ, ਬਜਾਇ ਇਸ ਦੇ ਕਿ ਇਹ ਸਾਨੂੰ ਨਿਯੰਤਰਤ ਕਰੇ' ਮਤਾ ਇਹ ਵੀ ਅਪੀਲ ਕਰਦਾ ਹੈ ਕਿ ਹਰ ਦੇਸ਼ ਅਤੇ ਹਰ ਸੰਸਥਾ ਆਪਣੀ ਸਮਰੱਥਾ ਅਤੇ ਸਥਿਤੀ ਅਨੁਸਾਰ ਇਸ ਮਤੇ ਦੇ ਥੀਮ ਨੂੰ ਆਪਣਾ ਮਿਸ਼ਨ ਬਣਾਵੇ।

ਮਤੇ ਦੀ ਵਿਲੱਖਣਤਾ ਇਹ ਹੈ ਕਿ ਇਸ 'ਚ ਸਾਇੰਸ ਅਤੇ ਤਕਨੌਲੋਜੀ ਦੀ ਕੋਈ ਚਰਚਾ ਨਹੀਂ ਕੀਤੀ ਗਈ। ਇਸ ਨੇ ਸਾਡੀ ਵਿਚਾਰਧਾਰਾ ਨੂੰ ਨਵੀਂ ਸੇਧ ਦਿੱਤੀ ਹੈ ਅਤੇ ਬਣਾਉਟੀ ਬੁੱਧੀ ਸਣੇ ਸਾਇੰਸ ਅਤੇ ਤਕਨੌਲੋਜੀ ਦੇ ਸਮੁੱਚੇ ਖੇਤਰ ਨੂੰ ਨਵੇ ਪਰਿਪੇਖ 'ਚ ਵਿਚਾਰਨ ਲਈ ਮਜਬੂਰ ਕੀਤਾ ਹੈ। ਇਸ ਦੀ ਇਬਾਰਤ ਤੋਂ ਸਪੱਸ਼ਟ ਹੈ ਕਿ ਸਾਇੰਸ ਅਤੇ ਤਕਨੌਲੋਜੀ ਸਾਡੀਆਂ ਅਜੋਕੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦੀ। ਇਸ ਕਰਕੇ ਇਸ ਦੀ ਪਹਿਲ ਨੂੰ ਬਦਲਣ ਦੀ ਲੋੜ ਹੈ ਅਤੇ ਮਤਾ ਇਸ ਨਵੀਂ ਪਹੁੰਚ ਦਾ ਸੂਚਕ ਹੈ। ਨਵੀਆਂ ਕਾਢਾਂ ਦੀ ਬਜਾਇ ਹੁਣ ਤੱਕ ਹੋ ਚੁੱਕੀਆਂ ਦੀ, ਸਦ-ਵਰਤੋਂ ਅਤੇ ਇਨ੍ਹਾਂ ਨੂੰ ਸਾਰੇ ਸੰਸਾਰ 'ਚ ਫੈਲਾਉਣ 'ਤੇ ਜ਼ੋਰ ਦਿੱਤਾ ਹੈ। ਇਸ ਮਤੇ ਦੀ ਅਹਿਮੀਅਤ ਸਮਝਣ ਅਤੇ ਇਸ 'ਤੇ ਸੰਜੀਦਗੀ ਅਤੇ ਸੁਹਿਰਦਤਾ ਨਾਲ ਅਮਲ ਕਰਨ ਲਈ, ਅਸਲੀ ਅਤੇ ਬਣਾਉਟੀ ਬੁੱਧੀ ਦੇ ਸੰਕਲਪ ਨੂੰ ਵੀ ਮਾਡਰਨ ਸੱਚਾਈਆਂ ਦੇ ਸੰਦਰਭ 'ਚ ਵਿਚਾਰਨ ਦੀ ਲੋੜ ਹੈ।

ਅੱਜ ਬਹੁਤੀ ਚਰਚਾ 'ਬਣਾਉਟੀ ਬੁੱਧੀ' ਦੀ ਹੀ ਹੁੰਦੀ ਹੈ ਅਤੇ 'ਅਸਲੀ ਬੁੱਧੀ' ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਭਾਵੇਂ ਮਨੋ-ਵਿਗਿਆਨੀ ਸ਼ੁਰੂ ਤੋਂ ਹੀ ਇਸ ਸਬੰਧ 'ਚ ਖੋਜਾਂ ਕਰ ਰਹੇ ਹਨ ਪਰ ਅੱਧੀ-ਅਧੂਰੀ ਖੋਜ ਕਾਰਨ ਸਮਝਿਆ ਜਾ ਰਿਹਾ ਹੈ ਕਿ ਸਾਡੀ ਵਿਅਕਤੀਗਤ/ਨਿੱਜੀ/ਕੁਦਰਤੀ ਬੁੱਧੀ ਹੀ ਅਸਲੀ ਬੁੱਧੀ (ਇੰਟੈਲੀਜੈਂਸ) ਹੈ। ਇਹ ਜਨਮ ਵੇਲੇ ਕੁਦਰਤ ਵਲੋਂ ਮਨੁੱਖ ਨੂੰ ਮਿਲੀ ਇੱਕ ਵਿਲੱਖਣ ਪ੍ਰਤਿਭਾ ਐ, ਜਿਸ ਕਰਕੇ ਅਸੀਂ ਸੋਚਣ, ਸਮਝਣ ਅਤੇ ਕਲਪਨਾ ਕਰਨ ਦੇ ਸਮਰੱਥ ਹਾਂ। ਜੀਵਨ ਦੇ ਤਜ਼ਰਬੇ ਸਾਂਭ ਸਕਣ ਅਤੇ ਲੋੜ ਪੈਣ 'ਤੇ ਇਨ੍ਹਾਂ ਨੂੰ ਯਾਦ ਕਰਨ ਅਤੇ ਵਰਤਣ ਦੇ ਸਮਰੱਥ ਬਣੇ ਹੋਏ ਹਾਂ। ਮੌਲਿਕ ਸਿਰਜਣਾ ਕਰਨ ਅਤੇ ਨਵੇਂ ਬਿਰਤਾਂਤ ਸਿਰਜਣ ਦੀ ਸਮਰੱਥਾ ਰੱਖਦੇ ਹਾਂ। ਜਜ਼ਬਾਤਾਂ ਅਤੇ ਭਾਵਨਾਵਾਂ ਸਦਕਾ 'ਸੁਪਰ ਸੋਸ਼ਲ ਐਨੀਮਲ' ਹਾਂ ਅਤੇ ਵੱਡੀਆਂ-ਵੱਡੀਆਂ ਸੰਸਥਾਵਾਂ ਬਣਾ ਸਕੇ ਹਾਂ। ਹਰ ਖੇਤਰ 'ਚ ਅਭੂਤ-ਪੂਰਨ ਤਰੱਕੀ ਕਰ ਸਕੇ ਹਾਂ ਅਤੇ ਆਪਣੇ-ਆਪ ਨੂੰ ਸਿਆਣਾ ਮਨੁੱਖ ('ਹੋਮੋ ਸੇਪੀਅਨਜ਼') ਕਹਿੰਦੇ ਹਾਂ।

ਜੇ ਸਾਡੀ ਵਿਅਕਤੀਗਤ/ਨਿੱਜੀ/ਕੁਦਰਤੀ ਬੁੱਧੀ ਨੂੰ ਅਸਲੀ ਬੁੱਧੀ (ਇੰਟੈਲੀਜੈਂਸ) ਮੰਨ ਲਿਆ ਜਾਵੇ, ਤਾਂ ਹਰ ਕਿਸਮ ਦੀ ਬਾਹਰੀ ਬੁੱਧੀ ਬਣਾਉਟੀ ਬੁੱਧੀ ਹੈ। ਪਰ ਮਨੁੱਖ ਤਾਂ ਜਨਮ ਤੋਂ ਹੀ ਬਾਹਰੀ ਬੁੱਧੀ 'ਤੇ ਨਿਰਭਰ ਹੁੰਦਾ ਹੈ ਅਤੇ ਸਾਰੀ ਉਮਰ ਇਸ 'ਤੇ ਨਿਰਭਰ ਰਹਿੰਦਾ ਹੈ। ਭੁੱਲ ਜਾਂਦੇ ਹਾਂ ਕਿ ਇਨਸਾਨ ਨੂੰ ਉਸ ਦੀ ਵਿਅਕਤੀਗਤ/ਨਿੱਜੀ ਬੁੱਧੀ ਤੋਂ ਕਿਤੇ ਵੱਧ ਸਾਂਝੀ, ਸਮੂਹਿਕ ਅਤੇ ਹਜ਼ਾਰਾਂ ਸਾਲਾਂ ਦੀ ਇਕੱਤਰ ਹੋਈ ਸੰਚਿਤ ਬੁੱਧੀ ਲਾਭਕਾਰੀ ਹੈ। ਇਸ ਦੀ ਵਰਤੋਂ ਰਾਹੀਂ ਹੀ ਉਸ ਦੀ ਹੋਂਦ ਕਾਇਮ ਰਹੀ ਹੈ ਅਤੇ ਉਹ ਬਹੁ-ਪੱਖੀ ਤਰੱਕੀ ਕਰ ਸਕਿਆ ਹੈ। ਸਪੱਸ਼ਟ ਹੈ ਕਿ ਮਨੁੱਖ ਆਦਿ ਕਾਲ ਤੋਂ ਹੀ ਬਣਾਉਟੀ ਬੁੱਧੀ ਵਰਤ ਰਿਹਾ ਹੈ ਅਤੇ ਕੰਪਿਊਟਰ ਸਾਇੰਸ ਨੇ ਸਿਰਫ ਇਸ ਦਾ ਸਰੂਪ ਬਦਲਿਆ ਹੈ।

ਅਸਲੀ ਬੁੱਧੀ ਦਾ ਇੰਨਾ ਹੀ ਅਹਿਮ ਦੂਜਾ ਪੱਖ ਵੀ ਹੈ। ਜਦ ਅਸੀਂ ਬਣਾਉਟੀ ਬੁੱਧੀ ਦੀ ਦੁਰਵਰਤੋਂ ਦੀ ਗੱਲ ਕਰਦੇ ਹਾਂ, ਤਾਂ ਤੁਰੰਤ ਵਿਚਾਰ ਆਉਂਦਾ ਹੈ ਕਿ ਸਦਵਰਤੋਂ ਤਾਂ ਮਨੁੱਖ ਅਸਲੀ ਬੁੱਧੀ ਦੀ ਵੀ ਨਹੀਂ ਕਰ ਸਕਿਆ। ਕੰਪਿਊਟਰ ਸਾਇੰਸ ਵਾਲੀ ਬਣਾਉਟੀ ਬੁੱਧੀ ਤਾਂ ਸਿਰਫ 7-8 ਦਹਾਕੇ ਪਹਿਲਾਂ ਹੀ ਹੋਂਦ 'ਚ ਆਈ ਹੈ, ਉਸ ਤੋਂ ਹਜ਼ਾਰਾਂ ਸਾਲ ਪਹਿਲਾਂ ਤਾਂ ਅਸੀਂ ਅਸਲ ਬੁੱਧੀ ਹੀ ਵਰਤਦੇ ਸੀ। ਸੰਸਾਰ ਦਾ ਇਤਿਹਾਸ ਅਤੇ ਇਸ ਦੇ ਮੌਜੂਦਾ ਹਾਲਾਤ ਇਸ ਤੱਥ ਦੇ ਸਬੂਤ ਹਨ ਕਿ ਮਨੁੱਖ ਪਹਿਲਾਂ ਵੀ ਕਦੇ ਇਸ ਦਾ ਸਦਉਪਯੋਗ ਨਹੀਂ ਕਰ ਸਕਿਆ। ਇਸ ਦਾ ਕਾਰਨ ਹੈ ਕਿ ਮਨੁੱਖ ਦੀ ਅਸਲ ਬੁੱਧੀ 'ਚ ਬਹੁਤ ਨੁਕਸ, ਕਮੀਆਂ ਤੇ ਤਰੁੱਟੀਆਂ ਹਨ, ਜਿਨ੍ਹਾਂ ਕਰਕੇ ਬਣਾਉਟੀ ਬੁੱਧੀ ਦੀ ਕਾਢ ਦੀ ਲੋੜ ਪਈ। ਮਨੁੱਖੀ ਬੁੱਧੀ ਚਲਾਇਮਾਨ ਅਤੇ ਤਰਕ-ਹੀਣ (ਇਰ-ਰੈਸ਼ਨਲ) ਹੁੰਦੀ ਹੈ। ਸਾਡੇ ਜਨਮ, ਪੜ੍ਹਾਈ, ਮੂਡ, ਕਾਮ, ਕ੍ਰੋਧ, ਹੰਕਾਰ, ਲੋਭ, ਮੋਹ, ਪਖੰਡ, ਗਿਆਨ ਅਤੇ ਸਮਰੱਥਾ ਬਾਰੇ ਭੁਲੇਖੇ ਆਦਿ 'ਤੇ ਨਿਰਭਰ ਕਰਦੀ ਹੈ। ਅਧਿਆਤਮਿਕ ਮਹਾਂਪੁਰਖਾਂ ਨੇ ਇਨ੍ਹਾਂ ਤਰੁੱਟੀਆਂ ਕਰਕੇ ਮਨੁੱਖ ਦੀ ਨਿਖੇਧੀ ਵੀ ਬਹੁਤ ਕੀਤੀ ਐ।

ਪਰ ਹੁਣ ਪੱਛਮੀ ਸਿਆਣਿਆਂ ਅਤੇ ਹੋਰ ਪ੍ਰਸਿੱਧ ਮਨੋਵਿਗਿਆਨੀਆਂ ਨੇ ਵੀ ਖੋਜਾਂ ਕਰ-ਕਰ ਕੇ ਇਨ੍ਹਾਂ ਤਰੁੱਟੀਆਂ ਨੂੰ ਉਜਾਗਰ ਕੀਤਾ ਹੈ। ਇਨ੍ਹਾਂ 'ਚ 2002 ਦੇ ਨੋਬਲ ਪੁਰਸਕਾਰ ਜੇਤੂ ਡੈਨੀਅਲ ਕਾਹਨਮਿਨ ਪ੍ਰਮੁੱਖ ਹਨ, ਜੋ ਹਨ ਮਨੋਵਿਗਿਆਨੀ ਪਰ ਜਿਨ੍ਹਾਂ ਨੂੰ ਨੋਬਲ ਪੁਰਸਕਾਰ ਇਕਨੌਮਿਕਸ 'ਚ ਮਿਲਿਆ ਐ। ਇਹ ਸਿੱਟੇ ਹੀ ਮਾਰਟਿਨ ਸੈਲਿਗਮੈਨ ਅਤੇ ਜੌਨਾਥਨ ਹਾਈਟ ਵਰਗੇ ਨੈਤਿਕ ਕਦਰਾਂ-ਕੀਮਤਾਂ ਦੇ ਮਾਹਿਰ ਸਮਾਜਿਕ ਮਨੋ-ਵਿਗਿਆਨੀਆਂ ਨੇ ਕੱਢੇ ਹਨ। ਉਨ੍ਹਾਂ ਦੀਆਂ ਖੋਜਾਂ ਅਨੁਸਾਰ, ਆਪੋ-ਆਪਣੀ ਜਗ੍ਹਾ ਅਸਲੀ ਅਤੇ ਬਣਾਉਟੀ ਦੋਵੇਂ ਬੁੱਧੀਆਂ ਅਧੂਰੀਆਂ ਹਨ। ਇਸ ਲਈ ਬਣਾਉਟੀ ਬੁੱਧੀ ਦੀ ਪ੍ਰਚੱਲਿਤ ਨਿਖੇਧੀ ਨਿਰਮੂਲ ਹੈ। ਇਨ੍ਹਾਂ ਦਾ ਸਹੀ ਸੁਮੇਲ ਅਤੇ ਇਨ੍ਹਾਂ 'ਤੇ ਮਨੁੱਖੀ ਕਦਰਾਂ-ਕੀਮਤਾਂ ਵਾਲੀ ਕਿਸੇ ਹੋਰ ਉੱਚੀ ਮੱਤ ਦਾ ਪੂਰਾ ਨਿਯੰਤਰਣ ਜ਼ਰੂਰੀ ਹੈ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦਾ ਨਿਯੰਤਰਣ ਜ਼ਰੂਰੀ ਹੈ। ਇਸ ਮੰਤਵ ਦੀ ਪ੍ਰਾਪਤੀ 'ਚ ਆਪਣਾ ਯੋਗਦਾਨ ਪਾਉਣ ਲਈ, ਆਪਾਂ ਨੂੰ ਜ਼ਮੀਨੀ ਹਕੀਕਤਾਂ ਦੀ ਜਾਣਕਾਰੀ ਜ਼ਰੂਰੀ ਹੈ।

ਤਕਨੌਲੋਜੀ ਦੇ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਹਰ ਨਵੀਂ ਤਕਨੌਲੋਜੀ ਨੇ ਸਮਾਜ 'ਚ ਨਾ-ਬਰਾਬਰੀ ਅਤੇ ਬੇ-ਇਨਸਾਫ਼ੀ ਨੂੰ ਵਧਾਇਆ ਹੈ। ਇਸ 'ਚ ਸੁਧਾਰ ਤਾਂ ਸਿਰਫ ਸਮਾਜ-ਸੁਧਾਰਕਾਂ, ਸਿਆਣਿਆਂ ਅਤੇ ਸੁਹਿਰਦ ਸਿਆਸਤਦਾਨਾਂ ਨੇ ਹੀ ਕੀਤੇ ਹਨ। ਅੱਜ ਦੀ ਤ੍ਰਾਸਦੀ ਵੀ ਇਹ ਹੈ ਕਿ ਇਸ ਖੇਤਰ 'ਤੇ ਕਾਬਜ਼ ਇਜ਼ਾਰੇ-ਦਾਰਾਂ ਨੇ ਸਾਨੂੰ ਇਸ ਭੁਲੇਖੇ 'ਚ ਪਾ ਰੱਖਿਆ ਹੈ ਕਿ ਇਹ ਸਾਇੰਸ ਅਤੇ ਤਕਨੌਲੋਜੀ ਦੀ ਸਮੱਸਿਆ ਹੈ ਅਤੇ ਇਸ ਦਾ ਹੱਲ ਇਸ ਰਾਹੀਂ ਹੀ ਹੋਣਾ ਹੈ। ਇਸ ਭੁਲੇਖੇ ਓਹਲੇ ਓਹ ਬੇ-ਲੋੜੀਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਤੋਂ ਸੱਖਣੀਆਂ ਕਾਢਾਂ ਤਾਂ ਕਰਦੇ ਹੀ ਹਨ ਅਤੇ ਨਾਲ ਧਰਤੀ ਦੇ ਵਡਮੁੱਲੇ ਕੁਦਰਤੀ ਸਾਧਨਾਂ ਨੂੰ ਵੀ ਬਰਬਾਦ ਕਰ ਰਹੇ ਹਨ। ਇਹ ਮਾਇਕ, ਰਾਜਨੀਤਿਕ ਅਤੇ ਲੌਬਿੰਗ ਪੱਖੋਂ ਬਹੁਤ ਤਕੜੇ ਹੋ ਚੁੱਕੇ ਹਨ ਅਤੇ ਆਪਣੇ ਮੰਤਵਾਂ ਨੂੰ ਹਾਸਲ ਕਰ ਸਕਣ ਦੇ ਹਰ ਲੀਵਰ 'ਤੇ ਇਨ੍ਹਾਂ ਦਾ ਕਬਜ਼ਾ ਹੈ। ਇਕੱਠੇ ਹੋ ਕੇ ਇਹ ਯੂ.ਐੱਨ.ਓ. ਸਣੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਟੱਕਰ ਲੈਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਸਾਇੰਸ ਅਤੇ ਤਕਨੌਲੋਜੀ ਅਤੇ ਖਾਸ ਕਰਕੇ ਕੰਪਿਊਟਰ ਦੀਆਂ ਕਾਢਾਂ, ਸਮਾਜ ਨੂੰ ਲੁੱਟਣ ਦਾ ਸਭ ਤੋਂ ਕਾਰਗਰ ਅਤੇ ਸਸਤਾ ਢੰਗ ਹੈ। ਇਸ ਲਈ ਕਿਸੇ ਨਵੇਂ ਨਿਵੇਸ਼ ਦੀ ਲੋੜ ਨਹੀ, ਸਰੀਰਕ ਅਤੇ ਬੌਧਿਕ ਮਿਹਨਤ ਦੀ ਲੋੜ ਨਹੀਂ ਅਤੇ ਕਾਢਾਂ ਵੀ ਏ.ਸੀ. ਦਫਤਰਾਂ 'ਚ ਬੈਠ ਕੇ ਕੀਤੀਆਂ ਜਾ ਰਹੀਆਂ ਹਨ। ਇਸ ਕਰਕੇ ਹੀ ਸੰਸਾਰ ਦੇ ਉੱਪਰਲੇ ਦਸ ਖਰਬਪਤੀਆਂ 'ਚੋਂ ਸੱਤ ਇਸ ਖੇਤਰ ਨਾਲ ਜੁੜੇ ਹੋਏ ਹਨ। ਇਸ ਖੇਤਰ ਨੂੰ ਦਿੱਤੀ ਜਾ ਰਹੀ ਨਾਜਾਇਜ਼ ਪਹਿਲ ਕਰਕੇ ਹੀ ਪਿਛਲੇ 65-70 ਸਾਲ ਤੋਂ ਖੇਤੀ-ਬਾੜੀ ਜਾਂ ਉਦਯੋਗ 'ਚ ਕੋਈ ਕਾਢ ਜਾਂ ਖੋਜ ਨਹੀਂ ਕੀਤੀ ਗਈ, ਹਾਲਾਂਕਿ ਇਨ੍ਹਾਂ ਦੀ ਬਹੁਤ ਲੋੜ ਹੈ। ਖੇਤੀ-ਬਾੜੀ ਦੀ ਸਭ ਤੋਂ ਜ਼ਰੂਰੀ ਲੋੜ ਹੈ ਕਿ ਇਸ ਤਰ੍ਹਾਂ ਦੀਆਂ ਫਸਲਾਂ ਵਿਕਸਿਤ ਕੀਤੀਆਂ ਜਾਣ, ਜੋ ਦਾਲਾਂ ਵਾਂਗੂ ਹਵਾ ਦੀ ਨਾਈਟ੍ਰੋਜਨ ਵਰਤ ਸਕਣ। ਐਟਮੀ ਬਿਜਲੀ ਨੂੰ ਹੋਰ ਵਿਕਸਿਤ ਕਰਨ ਦੀ ਲੋੜ ਹੈ। ਅਨਾਜ ਅਤੇ ਖੁਰਾਕ ਦੀ ਬਰਬਾਦੀ ਨੂੰ ਰੋਕਣਾ ਵੱਡਾ ਕੰਮ ਅਤੇ ਇਸ ਲਈ ਕਿਸੇ ਨਵੀਂ ਕਾਢ ਦੀ ਲੋੜ ਹੀ ਨਹੀਂ।

ਆਪਣੀਆਂ ਕਾਢਾਂ ਨੂੰ ਜਾਇਜ਼ ਠਹਿਰਾਉਣ ਲਈ ਇਹ ਇਜ਼ਾਰੇਦਾਰ ਕਈ ਦਲੀਲਾਂ ਦਿੰਦੇ ਹਨ। ਪਹਿਲੀ ਇਹ ਕਿ ਹਰ ਨਵੀਂ ਤਕਨੌਲੋਜੀ ਦਾ ਸ਼ੁਰੂ 'ਚ ਵਿਰੋਧ ਹੋਇਆ ਹੈ। ਦੂਜੀ ਇਹ ਕਿ ਤਕਨੌਲੋਜੀ ਅਤੇ ਬਣਾਉਟੀ ਬੁੱਧੀ ਤਾਂ ਜੰਤਰ ਹਨ, ਇਨ੍ਹਾਂ ਨੂੰ ਵਰਤਣ ਵਾਲੇ ਦੀ ਆਪਣੀ ਜ਼ਿੰਮੇਵਾਰੀ ਹੈ ਕਿ ਇਨ੍ਹਾਂ ਦੀ ਸਿਆਣਪ ਨਾਲ ਵਰਤੋਂ ਕਰੇ। ਇਨ੍ਹਾਂ ਫੋਕੀਆਂ ਦਲੀਲਾਂ ਰਾਹੀਂ ਆਪਣੇ ਮੁਨਾਫ਼ਿਆਂ ਹਿਤ ਮਾਰਕੀਟ 'ਚ ਹਾਨੀਕਾਰਕ ਅਤੇ ਅਸੁਰੱਖਿਅਤ ਕਾਢਾਂ ਦੀ ਭਰਮਾਰ ਕਰ ਰਹੇ ਹਨ। ਸੰਸਾਰ ਨੂੰ ਲੁੱਟ ਵੀ ਰਹੇ ਹਨ ਅਤੇ ਉਸ ਨੂੰ ਮੂਰਖ ਵੀ ਗਰਦਾਨ ਰਹੇ ਹਨ।

ਉਹ ਸੰਸਾਰ ਦਾ ਮੂੰਹ ਇਸ ਪਾਸੇ ਵਲ ਹੋਣ ਹੀ ਨਹੀਂ ਦਿੰਦੇ ਕਿ ਅੱਜ ਇਸ ਨੂੰ ਸਹੀ ਵੰਡ-ਵੰਡਾਈ, ਬਰਾਬਰਤਾ ਅਤੇ ਸਰਬ ਸਾਂਝੀਵਾਲਤਾ ਦੀ ਲੋੜ ਹੈ। ਸਾਨੂੰ ਕਿਸੇ ਨਵੇਂ ਗਿਆਨ, ਜਾਣਕਾਰੀ ਜਾਂ ਹੋਰ ਉਪਜ (ਗਰੋਅਥ) ਦੀ ਲੋੜ ਨਹੀਂ। ਬਲਕਿ ਆਪਣੀਆਂ ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪ੍ਰਬੰਧ-ਪ੍ਰਣਾਲੀਆਂ ਨੂੰ ਸਮਕਾਲੀ ਅਤੇ ਪ੍ਰਭਾਵਕਾਰੀ ਬਣਾਉਣ ਦੀ ਲੋੜ ਹੈ। ਅੱਜ ਦੇ ਪ੍ਰਸਿੱਧ ਫ਼ਿਲਾਸਫ਼ਰ-ਇਤਿਹਾਸਕਾਰ ਯੂਵਲ ਹਰਾਰੀ ਦਾ ਕਹਿਣਾ ਹੈ ਕਿ ਜਿੰਨਾ ਸਮਾਂ, ਜ਼ੋਰ ਅਤੇ ਪੈਸਾ ਬਣਾਉਟੀ ਬੁੱਧੀ ਦੇ ਵਿਕਾਸ ਲਈ ਵਰਤਿਆ ਜਾ ਰਿਹਾ ਹੈ, ਉਸ ਤੋਂ ਕਿਤੇ ਘੱਟ ਨਾਲ ਇਹ ਕੰਮ ਹੋ ਸਕਦਾ ਹੈ। ਯੂ.ਐੱਨ.ਜੀ.ਏ. ਦਾ ਮੌਜੂਦਾ ਮਤਾ ਇਸ ਮੰਤਵ ਦੀ ਪ੍ਰਾਪਤੀ ਲਈ ਇੱਕ ਠੋਸ ਉਪਰਾਲਾ ਹੈ। ਅਸੀਂ ਜਨ-ਸਾਧਾਰਨ ਆਪਣੇ ਨਿੱਜੀ ਜੀਵਨ ਨੂੰ ਇਸ ਮਤੇ ਦੇ ਅਨੁਸਾਰੀ ਬਣਾ ਕੇ, ਸਹੀ ਜਾਣਕਾਰੀ ਹਾਸਲ ਕਰਕੇ ਅਤੇ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੇ ਹੱਥ ਮਜ਼ਬੂਤ ਕਰ ਕੇ, ਆਪਣਾ ਯੋਗ-ਦਾਨ ਪਾ ਸਕਦੇ ਹਾਂ।

# ਛਾਡਿ ਮਨ ਹਰਿ ਬਿਮੁਖਨ ਕੋ ਸੰਗੁ

ਡਾ. ਸਤਿੰਦਰ ਪਾਲ ਸਿੰਘ
ਈ : 1716, ਰਾਜਾਜੀਪੁਰਮ
ਲਖਨਊ : 226017
ਪੰਜਾਬ ਮੇਲUSA



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹੀ ਪੰਦ੍ਹ ਭਗਤਾਂ ਦੀ ਬਾਣੀ ਦੇ ਵੀ ਦਰਸ਼ਨ ਹੁੰਦੇ ਹਨ। ਇਨ੍ਹਾਂ ਭਗਤਾਂ ਵਿਚ ਭਗਤ ਸੂਰਦਾਸ ਜੀ ਵੀ ਸ਼ਾਮਲ ਹਨ। ਵਿਸਮਾਦ ਇਹ ਹੈ ਕਿ ਬਾਣੀ ਦੇ ਨਾਮ ’ਤੇ ਭਗਤ ਰਵਿਦਾਸ ਜੀ ਦੀ ਮਾਤਰ ਇੱਕ ਪੰਕਤੀ ਸੁਸ਼ੋਭਿਤ ਹੈ। ਗੁਰੂ ਅਰਜਨ ਸਾਹਿਬ ਦੀ ਦ੍ਰਿਸ਼ਟੀ ਵਿਚ ਇਹ ਇੱਕ ਪੰਕਤੀ ਹੀ ਇੰਨੀ ਅਨਮੋਲ ਸਾਬਿਤ ਹੋਈ ਕਿ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣਾਇਆ ਨਾਲ ਹੀ ਭਗਤ ਸੂਰਦਾਸ ਜੀ ਦੇ ਨਾਮ ’ਤੇ ਕੀਤੀ ਆਪਣੀ ਵਿਆਖਿਆ ਵੀ ਜੋੜੀ। ਇਹ ਭਗਤ ਜੀ ਦਾ ਸਨਮਾਨ ਵੀ ਸੀ ਤੇ ਗੁਰੂ ਸਾਹਿਬ ਦੀ ਨਿਮਰਤਾ ਦਾ ਪ੍ਰਤੀਕ ਵੀ। ਗੁਰੂ ਸਾਹਿਬ ਨੇ ਇਹ ਸਨਮਾਨ ਹੋਰਨਾਂ ਭਗਤਾਂ ਨੂੰ ਵੀ ਦਿੱਤਾ। ਭਗਤ ਸੂਰਦਾਸ ਜੀ ਦਾ ਜੀਵਨ ਕਾਲ ਸੰਨ 1483 ਤੋਂ ਸੰਨ 1573 ਤੱਕ ਦਾ ਮੰਨਿਆ ਗਿਆ ਹੈ। ਭਗਤ ਜੀ ਨੇਤਰਹੀਨ ਸਨ। ਆਪ ਨੇ ਭਗਵਾਨ ਕ੍ਰਿਸ਼ਨ ਦੇ ਅਸਥਾਨ ਵ੍ਰਿੰਦਾਵਨ ਵਿਚ ਰਹਿ ਕੇ ਅਗਾਧ ਭਗਤੀ ਕੀਤੀ। ਭਗਤ ਜੀ ਕਵੀ ਦੇ ਨਾਲ ਹੀ ਗਾਇਕ ਵੀ ਸਨ। ਆਪ ਦੀਆਂ ਕ੍ਰਿਤਿਆਂ ਮੁੱਖ ਤੌਰ ’ਤੇ ਬ੍ਰਜ ਭਾਸ਼ਾ ਵਿਚ ਮਿਲਦੀਆਂ ਹਨ, ਜਿਨ੍ਹਾਂ ਨੂੰ ਭਜਨ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੋ ਭਗਤ ਸੂਰਦਾਸ ਜੀ ਗੁਰੂ ਦਾ ਸਤਿਕਾਰ ਪ੍ਰਾਪਤ ਹੋ ਗਏ। ਭਗਤ ਜੀ ਦੇ ਚਿੰਤਨ ’ਤੇ ਗੁਰਮਤਿ ਵਿਚ ਮੁੱਢਲੀ ਸਮਾਨਤਾ ਵਿਖਾਈ ਦਿੰਦੀ ਹੈ।

ਗੁਰੂ ਸਾਹਿਬਾਨ ਦੀ ਬਾਣੀ ਵਿਚ ਬਹੁਤਾ ਸੰਵਾਦ ਮਨ ਨਾਲ ਕੀਤਾ ਗਿਆ ਹੈ। ਭਗਤ ਸੂਰਦਾਸ ਜੀ ਵੀ ਮਨ ਨੂੰ ਸੰਬੋਧਨ ਕਰਦੇ ਹਨ। ਮਨ ਵਿਚ ਮਾਇਆ, ਵਿਕਾਰਾਂ ਦੀ ਪ੍ਰਧਾਨਤਾ ਹੈ। ਮਨ ਅਗਿਆਨਤਾ ਦੇ ਹਨੇਰੇ ਵਿਚ ਡੁੱਬਿਆ ਹੋਇਆ ਹੈ। ਇਸ ਕਾਰਨ ਮਨ ਚੰਚਲ ਹੋ ਗਿਆ ਹੈ। ਉਹ ਟਿਕਦਾ ਨਹੀਂ। ਅੰਤਰਮੁਖੀ ਨਹੀਂ ਰਿਹਾ, ਬਾਹਰ ਭਟਕ ਰਿਹਾ ਹੈ। ਸਤ-ਅਸਤ ਦਾ ਭੇਦ ਕਰਨ ਜੋਗ ਨਹੀਂ ਰਿਹਾ। ਮਨ ਦੀ ਇਹ ਖੁਆਰੀ ਉਸ ਦੇ ਕੁਸੰਗ ਕਾਰਨ ਹੈ।

ਸਾਧੋ ਇਹੁ ਮਨੁ ਗਹਿਓ ਨ ਜਾਈ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥ (ਅੰਗ : 219)

ਗੁਰੂ ਤੇਗ ਬਹਾਦਰ ਸਾਹਿਬ ਨੇ ਆਪਣੇ ਉਪਰੋਕਤ ਵਚਨ ਵਿਚ ਮਨ ਨੂੰ ਹੀ ਮਨੁੱਖ ਦੀ ਭਟਕਣ ਦਾ ਜ਼ਿੰਮੇਵਾਰ ਦੱਸਿਆ ਹੈ। ਮਨ ਵੱਸ ’ਚ ਹੀ ਨਹੀਂ ਆਉਂਦਾ ਕਿਉਂਕਿ ਮਨ ਕੁਸੰਗ ਵਿਚ ਫੱਸਿਆ ਹੋਇਆ ਹੈ। ਉਸ ਨੇ ਤ੍ਰਿਸ਼ਨਾ ਭਾਵ ਮਾਇਆ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਆਪਣਾ ਸੰਗੀ ਬਣਾ ਲਿਆ ਹੈ। ਇਸ ਸੰਗ ਵਿਚ ਉਹ ਆਪਣਾ ਹਿੱਤ ਵੇਖ ਰਿਹਾ ਹੈ। ਭਗਤ ਸੂਰਦਾਸ ਜੀ ਅਜਿਹੇ ਸੰਗ ਨੂੰ ਪ੍ਰਮਾਤਮਾ ਤੋਂ ਵੇਮੁਖ ਕਰਨ ਵਾਲਾ ਮੰਨਦੇ ਹਨ। ਇਹ ਸੰਗ ਬਾਵਲਾ ਕਰ ਦਿੰਦਾ ਹੈ। ਗੁਰੂ ਅਮਰਦਾਸ ਜੀ ਨੇ ਕੁਸੰਗ ਵਿਚ ਪਏ ਮਨ ਦੀ ਤੁਲਨਾ ਮਦ ਮਸਤ ਹਾਥੀ ਨਾਲ ਕੀਤੀ, ਜਿਸ ਨੂੰ ਮਹਾਵਤ ਦਾ ਭਾਲਾ ਭਾਵ ਗੁਰੂ ਦੇ ਗਿਆਨ ਦਾ ਅੰਕੁਸ਼ ਹੀ ਵੱਸ ’ਚ ਕਰ ਸਕਦਾ ਹੈ। ਗੁਰੂ ਦਾ ਗਿਆਨ ਹੈ ਕਿ ਮਨ ਕੁਸੰਗ ਦਾ ਤਿਆਗ ਕਰ ਦੇਵੇ।

ਆਪਣੀ ਮਤਿ, ਮਨ ਦੀ ਮਤਿ ਵੀ ਕੁਸੰਗ ਹੈ। ਆਪਣੀ ਮਤਿ ਅਨੁਸਾਰ ਜੀਵਨ ਬਤੀਤ ਕਰਨਾ ਮਨਮੁਖ ਦਾ ਲੱਖਣ ਹੈ। ਇਹ ਸੰਗ ਵੀ ਪ੍ਰਮਾਤਮਾ ਤੋਂ ਬੇਮੁਖ ਕਰਨ ਵਾਲਾ ਹੈ। ਗੁਰੂ ਰਾਮਦਾਸ ਜੀ ਨੇ ਵਚਨ ਕੀਤਾ ਕਿ ਆਪਣੀ ਮਤਿ, ਸਿਆਣਪ, ਜੁਗਤ ਦਾ ਤਿਆਗ ਕਰਨ ਵਿਚ ਹੀ ਹਿੱਤ ਹੈ ਪਰ ਇਹ ਤਿਆਗ ਬਹੁਤ ਕਠਿਨ ਹੈ “ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥”। ਹਰਿ ਜਨ ਨੂੰ ਸ਼ੋਭਾ ਨਹੀਂ ਦਿੰਦਾ ਕਿ ਉਹ ਕੁਸੰਗ ਕਰੇ। ਗੁਰੂ ਅਰਜਨ ਸਾਹਿਬ ਨੇ ਭਗਤ ਸੂਰਦਾਸ ਜੀ ਦੀ ਬਾਣੀ ਦੀ ਵਿਆਖਿਆ ਕਰਦਿਆਂ ਕਿਹਾ ਕਿ ਹਰਿ ਦੇ ਜਨ ਕੇਵਲ ਹਰਿ ਦਾ ਸੰਗ ਕਰਦੇ ਹਨ। ਹਰਿ ਦਾ ਸੰਗ ਹੀ ਹਰਿ ਨਾਲ ਜੋੜਨ ਵਾਲਾ ਹੈ।



ਪ੍ਰਮਾਤਮਾ ਤੋਂ ਬੇਮੁਖ ਕਰਨ ਵਾਲੇ ਉਹ ਲੋਕ ਵੀ ਹਨ, ਜੋ ਆਪ ਪ੍ਰਮਾਤਮਾ ਤੋਂ ਟੁੱਟੇ ਹੋਏ ਹਨ, ਜਿਨ੍ਹਾਂ ਦੇ ਮਨ ਅੰਦਰ, ਆਚਾਰ ਵਿਚ ਪ੍ਰਮਾਤਮਾ ਲਈ ਕੋਈ ਭਾਵਨਾ ਨਹੀਂ ਹੈ। ਉਹ ਪ੍ਰਮਾਤਮਾ ਤੋਂ ਉਲਟ ਹੀ ਸੋਚ ਰੱਖਦੇ ਹਨ ਜਾਂ ਪ੍ਰਮਾਤਮਾ ਨਾਲ ਪ੍ਰੀਤਿ ਦਾ ਢੋਂਗ ਕਰਦੇ ਹਨ ਪਰ ਪ੍ਰਮਾਤਮਾ ਨਾਲ ਜੁੜੇ ਨਹੀਂ ਹਨ। ਭਗਤ ਕਬੀਰ ਜੀ ਨੇ ਅਜਿਹੇ ਲੋਕਾਂ ਬਾਰੇ ਸੁਚੇਤ ਕੀਤਾ ਕਿ ਨਾ ਤਾਂ ਉਹ ਪ੍ਰਮਾਤਮਾ ਦਾ ਜਸ ਸੁਣਦੇ ਹਨ, ਨਾ ਹੀ ਗਾਂਵਦੇ ਹਨ, ਬਸ ਗੱਲਾਂ ਨਾਲ ਹੀ ਆਪਣੀ ਸ੍ਰੇਸ਼ਟਤਾ ਸਿੱਧ ਕਰਨ ’ਚ ਰੁਚੀ ਰੱਖਦੇ ਹਨ। ਆਪ ਕੁਝ ਨਹੀਂ ਕਰਦੇ, ਬਸ ਧਰਮ ਦੇ ਮਾਰਗ ’ਤੇ ਚੱਲਣ ਵਾਲਿਆਂ ਦੀ ਨਿੰਦਾ ਹੀ ਕਰਦੇ ਰਹਿੰਦੇ ਹਨ। ਭਗਤ ਕਬੀਰ ਜੀ ਨੇ ਵਚਨ ਕੀਤਾ ਕਿ ਪ੍ਰਮਾਤਮਾ ਨੇ ਆਪ ਹੀ ਅਜਿਹੇ ਲੋਕਾਂ ਨੂੰ ਆਪਣੀ ਭਗਤੀ ਤੋਂ ਬਾਹਰ ਕੱਢ ਦਿੱਤਾ ਹੈ। ਭਗਤ ਸੂਰਦਾਸ ਜੀ ਦੀ ਪ੍ਰੇਰਣਾ ਇਨ੍ਹਾਂ ਲੋਗਾਂ ਦੇ ਕੁਸੰਗ ਤੋਂ ਦੂਰ ਰਹਿਣ ਦੀ ਹੈ।

ਗੁਰਬਾਣੀ ਦੀ ਦ੍ਰਿਸ਼ਟੀ ਵਿਚ ਸਾਕਤ ਦਾ ਸੰਗ ਵੀ ਪ੍ਰਮਾਤਮਾ ਤੋਂ ਦੂਰ ਕਰਦਾ ਹੈ। ਸਾਕਤ ਤੋਂ ਭਾਵ ਹੈ ਆਪਣੇ ਬਲ, ਦੌਲਤ, ਅਸਰ ਦੇ ਹੰਕਾਰ ਵਿਚ ਜਿਊਣ ਵਾਲਾ ਤੇ ਆਪਣੀ ਇੱਛਾ ਸਮਾਜ ’ਤੇ ਲਾਗੂ ਕਰਨ ਦਾ ਚਾਹਵਾਨ। ਗੁਰੂ ਅਰਜਨ ਸਾਹਿਬ ਨੇ ਸਾਕਤ ਦੇ ਸੰਗ ਤੋਂ ਵਰਜਿਆ “ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ॥”। ਗੁਰੂ ਰਾਮਦਾਸ ਸਾਹਿਬ ਨੇ ਕਿਹਾ ਕਿ ਸਾਕਤ ਤੋਂ ਪ੍ਰਾਪਤ ਹੋਣ ਵਾਲੀ ਕੀਮਤੀ ਵਾਸਤੂ, ਵਡਿਆਈ ਵੀ ਮਨੁੱਖ ਦੀ ਪਤਿ ਨੂੰ ਢਾਹ ਲਾਉਣ ਵਾਲੀ ਹੈ। ਸਾਕਤ ਦਾ ਸੰਗ ਨਾਸ਼ ਦਾ ਕਾਰਣ ਬਣਦਾ ਹੈ “ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ॥”। ਭਗਤ ਕਬੀਰ ਜੀ ਨੇ ਤਾਂ ਸਾਕਤ ਨੂੰ ਵੇਖਦਿਆਂ ਦੂਰੋਂ ਹੀ ਭੱਜ ਜਾਣ, ਭਾਵ ਉਸ ਦਿਸ਼ਾ ਦਾ ਹੀ ਤਿਆਗ ਕਰਨ ਲਈ ਕਿਹਾ, ਤਾਂ ਜੋ ਮੁਲਾਕਾਤ ਹੀ ਨਾ ਹੋਵੇ “ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥” ।

ਹਕੀਕਤ ਇਹ ਹੈ ਕਿ ਕੁਸੰਗ ਤੋਂ ਬਚਨਾ ਬਹੁਤ ਹੀ ਕਠਿਨ ਹੈ। ਕੁਸੰਗ ਮਨ ਤੋਂ ਆਰੰਭ ਹੋਇਆ ਹੈ ਤੇ ਜੀਵਨ, ਸਮਾਜ ਤੱਕ ਪਸਰਿਆ ਹੋਇਆ ਹੈ। ਹਰ ਥਾਂ ਇਹ ਮਨੁੱਖ ਨੂੰ ਭਰਮਾ ਕੇ, ਲੁਭਾ ਕੇ ਕੁਰਾਹੇ ਪਾਉਣ ਦੇ ਅਵਸਰ ਲੱਭ ਰਿਹਾ ਹੈ। ਕੁਸੰਗ ਦਾ ਅਰਥ ਹੈ ਜੀਵਨ ਦੀ ਖੁਆਰੀ। ਗੁਰੂ ਨਾਨਕ ਸਾਹਿਬ ਨੇ ਕੁਸੰਗ ਨੂੰ ਦੁਸ਼ਟ ਸਭਾ ਕਿਹਾ, ਜੋ ਬਿਖ ਦੀ ਤਰਹ ਮਾਰੂ ਅਸਰ ਕਰਦੀ ਹੈ “ਦੁਸਟੀ ਸਭਾ ਵਿਗੁਚੀਐ ਬਿਖੁ ਵਾਤੀ ਜੀਵਣ ਬਾਦ॥”। ਭਗਤ ਸੂਰਦਾਸ ਜੀ ਨੇ ਇੱਕ ਪੰਕਤੀ ਵਿਚ ਹੀ ਮਨੁੱਖ ਦੇ ਜੀਵਨ ਨੂੰ ਗਿਆਨ ਦੀ ਰੌਸ਼ਨੀ ਨਾਲ ਭਰਪੂਰ ਕਰ ਦਿੱਤਾ। ਗੁਰੂ ਅਰਜਨ ਸਾਹਿਬ ਨੇ ਭਗਤ ਸੂਰਦਾਸ ਜੀ ਦੀ ਇੱਕ ਪੰਕਤੀ ਨੂੰ ਵੱਡਾ ਸਨਮਾਨ ਦਿੱਤਾ ਕਿਉਂਕਿ ਗੁਰੂ ਸਾਹਿਬਾਨ ਦਾ ਜੀਵਨ ਦਰਸ਼ਨ ਸਾਧ ਸੰਗਤ ’ਤੇ ਆਧਾਰਿਤ ਸੀ। ਸੰਸਾਰ ਅੰਦਰ ਜੀਵਨ ਦੇ ਦੋ ਹੀ ਢੰਗ ਹਨ, ਇੱਕ ਸਾਧ ਸਭਾ, ਦੂਜਾ ਦੁਸ਼ਟ ਸਭਾ। ਦੁਸ਼ਟ ਸਭਾ ਦੇ ਬਿਖ ਤੋਂ ਬਚਨਾ ਹੈ, ਤਾਂ ਮਨੁੱਖ ਸਾਧ ਸਭਾ ਲਈ ਪ੍ਰਮਾਤਮਾ ਅੱਗੇ ਪੂਰਨ ਸਮਰਪਣ ਕਰ ਦੇਵੇ। ਭਗਤ ਸੂਰਦਾਸ ਜੀ ਦੇ ਕਥਨ ਦਾ ਭਾਵ ਪ੍ਰਗਟ ਕਰਦਿਆਂ ਕਿਹਾ “ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ॥”। ਪ੍ਰਮਾਤਮਾ ਅੱਗੇ ਸੰਪੂਰਨ ਸਮਰਪਣ ਦੁਸ਼ਟ ਸਭਾ ਦੇ ਬਿਖ ਤੋਂ ਬਚਾਉਣ ਵਾਲਾ ਹੈ। ਬਿਖ ਤੋਂ ਬੱਚ ਕੇ ਜਿਵੇਂ ਆਨੰਦ ਦਾ ਅਨੁਭਵ ਹੁੰਦਾ ਹੈ, ਪ੍ਰਮਾਤਮਾ ਨੂੰ ਸਮਰਪਿਤ ਹੋ ਮਨੁੱਖ ਪ੍ਰਫੁੱਲਤਾ ਨਾਲ ਭਰ ਉੱਠਦਾ ਹੈ। ਜੀਵਨ ਦੇ ਖੁਆਰ ਹੋਣ ਦੀ ਕੋਈ ਚਿੰਤਾ ਨਹੀਂ ਰਹਿੰਦੀ। ਵਿਕਾਰ, ਮਾਇਆ, ਮਨਮਤਿ, ਮਨਮੁਖ, ਸਾਕਤ ਤੋਂ ਦੂਰ ਹੋਣ ਤੋਂ ਬਾਅਦ ਇੱਕ ਪ੍ਰਮਾਤਮਾ ਹੀ ਬਚਦਾ ਹੈ, ਜੋ ਸਾਧ ਸੰਗਤ ਤੇ ਪ੍ਰਤਾਪ, ਗੁਰੂ ਦੀ ਕਿਰਪਾ ਨਾਲ ਮਨ ਅੰਦਰ ਰੂਪਮਾਨ ਹੋ ਵਿਖਾਈ ਦੇਣ ਲੱਗਦਾ ਹੈ। ਗੁਰੂ ਅਰਜਨ ਸਾਹਿਬ ਨੇ ਵਿਆਖਿਆ ਨੂੰ ਅਗਾਂਹ ਤੋਰਦਿਆਂ ਕਿਹਾ ਕਿ ਅੰਤਰ ਮਨ ’ਚ ਪ੍ਰਮਾਤਮਾ ਦਾ ਦਰਸ਼ਨ “ਨਿਰਬਿਖਈ” ਕਰਨ ਵਾਲਾ ਹੈ। ਇਸ ਅਵਸਥਾ ਵਿਚ ਪੁੱਜ ਕੇ ਮਨੁੱਖ ਨੂੰ ਬੋਧ ਹੁੰਦਾ ਹੈ ਕਿ ਇਹ ਜੀਵਨ ਦੀ ਸਭ ਤੋਂ ਸ੍ਰੇਸ਼ਟ ਪ੍ਰਾਪਤੀ ਹੈ। ਇਸ ਦਾ ਕੋਈ ਬਦਲ ਨਹੀਂ ਹੈ। ਪ੍ਰਮਾਤਮਾ ਦੇ ਰੂਬਰੂ ਹੋਣ ਤੋਂ ਬਾਅਦ ਕਿਸੇ ਹੋਰ ਪ੍ਰਾਪਤੀ ਦੀ ਕਾਮਨਾ ਹੀ ਨਹੀਂ ਰਹਿੰਦੀ। ਬੈਕੁੰਠ ਦੇ ਜਿਸ ਸੁੱਖ ਦੀ ਆਸ ਮਨੁੱਖ ਸੰਸਾਰ ਤੋਂ ਵਿਦਾ ਹੋਣ ਤੋਂ ਬਾਅਦ ਰੱਖਦਾ ਹੈ, ਪਰਲੋਕ ਦਾ ਉਹ ਸੁੱਖ ਇਸ ਲੋਕ ਵਿਚ ਹੀ, ਇਸ ਜੀਵਨ ਵਿਚ ਹੀ ਪ੍ਰਾਪਤ ਹੋ ਜਾਂਦਾ ਹੈ।

ਭਗਤ ਸੂਰਦਾਸ ਜੀ ਦੀ ਇਹ ਇੱਕ ਪੰਕਤੀ “ਛਾਡਿ ਮਨ ਹਰਿ ਬਿਮੁਖਨ ਕੋ ਸੰਗੁ॥” ਸਿੱਖੀ ਦੇ ਫਲਸਫੇ ਦੇ ਪ੍ਰਵਾਹ ਨਾਲ ਜੋੜਨ ਵਾਲੀ ਹੈ।

# ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਦਿਵਸ, ਗੁਰਤਾਗੱਦੀ ਤੇ ਜੋਤੀ-ਜੋਤਿ ਦਿਵਸ ਕਿਵੇਂ ਮਨਾਈਏ?

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲUSA



ਜਦੋਂ ਇਸ ਸ੍ਰਿਸ਼ਟੀ ਉੱਤੇ ਅਕਹਿ ਅਤੇ ਅਸਹਿ ਅੱਤਿਆਚਾਰਾਂ ਦੀ ਹਨੇਰੀ ਝੁੱਲ ਪਵੇ ਅਤੇ ਮਨੁੱਖ ਅਗਿਆਨਤਾ, ਮੂਰਖਤਾ ਅਤੇ ਸਵਾਰਥ ’ਚ ਮਨੁੱਖੀ ਕਦਰਾਂ-ਕੀਮਤਾਂ ਭੁੱਲ ਜਾਣ ਤਾਂ ਪ੍ਰਮਾਤਮਾ ਵੱਲੋਂ ਕਿਸੇ ਮਹਾਂਪੁਰਖ ਦਾ ਇਸ ਸ੍ਰਿਸ਼ਟੀ ਤੇ ਪ੍ਰਕਾਸ਼ ਹੁੰਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਅਜਿਹੇ ਸਮੇਂ ਹੀ ਹੋਇਆ, ਜਦੋਂ ਸਮਾਜ ਦੇ ਹਰ ਖੇਤਰ ’ਚ ਭ੍ਰਿਸ਼ਟਾਚਾਰ, ਜਬਰ, ਜ਼ੁਲਮ ਤੇ ਅਨਿਆਂ ਸਿਖਰਾਂ ’ਤੇ ਪਹੁੰਚ ਚੁੱਕਾ ਸੀ। ਇਸਤਰੀ ਜਾਤੀ ਦੀ ਬੜੀ ਭੈੜੀ ਦਸ਼ਾ ਨੂੰ ਦੇਖ ਕੇ ਵੀ ਉਨ੍ਹਾਂ ਨੇ ਫੁਰਮਾਇਆ ਸੀ:-

ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸਾਰੀ ਲੋਕਾਈ ਵਹਿਮਾਂ-ਭਰਮਾਂ ਵਿਚ ਪਈ ਹੋਈ ਸੀ। ਸਾਰਾ ਸਮਾਜ ਜਾਤਾਂ-ਪਾਤਾਂ ਵਿਚ ਵੰਡਿਆ ਹੋਇਆ ਸੀ। ਹਰ ਪਾਸੇ ਮਨੁੱਖ, ਮਨੁੱਖ ਨਾਲ ਘ੍ਰਿਣਾ ਕਰਦਾ ਸੀ। ਨਿਰਧਨ ਤੇ ਕਮਜ਼ੋਰ, ਅਮੀਰ ਤੇ ਤਕੜੇ ਦੀ ਧੱਕੇਸ਼ਾਹੀ ਦੇ ਸ਼ਿਕਾਰ ਸਨ। ਸਮਾਜ ਦੀ ਰਾਜਨੀਤਿਕ ਦਸ਼ਾ ਵੀ ਬਹੁਤ ਭੈੜੀ ਸੀ, ਰਾਜੇ ਕਿਵੇਂ ਆਪਣੀ ਪਰਜਾ ਤੇ ਅੱਤਿਆਚਾਰ ਕਰਦੇ ਸਨ, ਭਾਵ ਲੋਕਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਸਿਰਫ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਹ ਇਕ ਕ੍ਰਾਂਤੀਕਾਰੀ ਵੀ ਸਨ। ਜਦੋਂ ਬਾਬਰ ਨੇ ਭਾਰਤ ’ਤੇ ਹਮਲਾ ਕੀਤਾ, ਤਾਂ ਬਿਨਾਂ ਕਿਸੇ ਡਰ ਤੋਂ ਉਨ੍ਹਾਂ ਨੇ ਬਾਬਰ ਨੂੰ ਲਲਕਾਰਿਆ ਸੀ:

ਰਾਜੇ ਸ਼ੀਂਹ ਮੁਕੱਦਮ ਕੁੱਤੇ।

ਉਨ੍ਹਾਂ ਨੂੰ ਇਨਾ ਜ਼ੁਲਮ ਹੁੰਦਾ ਦੇਖ ਕੇ ਇਹ ਵੀ ਕਹਿਣਾ ਪਿਆ ਸੀ:

ਏਤੀ ਮਾਰ ਪਈ ਕੁਰਲਾਣੈ
ਤੈ ਕੀ ਦਰਦ ਨਾ ਆਇਆ।

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦੀ ਮਹਾਨਤਾ ਨੂੰ ਇਵੇਂ ਪ੍ਰਗਟ ਕੀਤਾ ਸੀ:

“ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ॥”

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਵਿਚਾਰਾਂ ਦਾ ਪ੍ਰਚਾਰ ਚਾਰ ਉਦਾਸੀਆਂ ਵਿਚ ਕੀਤਾ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ ਵਿਚੋਂ ਕੱਢਿਆ। ਉਨ੍ਹਾਂ ਨੇ ਭ੍ਰਿਸ਼ਟ ਪਾਖੰਡੀਆਂ ਦਾ ਸੁਧਾਰ ਕੀਤਾ। ਇਸ ’ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਸਿੱਖਿਆਵਾਂ, ਉਦੇਸ਼ਾਂ ਤੇ ਉਪਦੇਸ਼ਾਂ ਦਾ ਲੋਕਾਂ ’ਤੇ ਕਾਫੀ ਪ੍ਰਭਾਵ ਪਿਆ।

ਉਨ੍ਹਾਂ ਨੇ ਸਿੱਖ ਧਰਮ ਦੀ ਨੀਂਹ ਰੱਖੀ ਅਤੇ ਇਸ ਧਰਮ ਦਾ ਮੁੱਢਲਾ ਸਿਧਾਂਤ ਸੀ ਕਿ ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

ਨਾਮ ਜਪਣ ਤੇ ਨਾਲ=ਨਾਲ ਸ਼ੁੱਭ ਕਰਮਾਂ ’ਤੇ ਵੀ ਜ਼ੋਰ ਦਿੱਤਾ ਕਿਉਂਕਿ ਸ਼ੁੱਭ ਕਰਮਾਂ ਤੋਂ ਬਿਨਾਂ ਮਨੁੱਖ ਦੀ ਮੁਕਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਉੱਚਾ ਤੇ ਸੁੱਚਾ ਕਿਰਦਾਰ ਰੱਖਣ ਦੀ ਸਿੱਖਿਆ ਦਿੱਤੀ, ਜਿਵੇਂ ਉਨ੍ਹਾਂ ਨੇ ਫੁਰਮਾਇਆ ਹੈ:

ਗਲੀਂ ਅਸੀਂ ਚੰਗੀਆ ਅਚਾਰੀ ਬੁਰੀਆਹਿ॥

ਮਜ਼ਲੂਮਾਂ, ਨਿਰਧਨਾਂ, ਨਿਰਦੋਸ਼ਾਂ ਦੀ ਸਹਾਇਤਾ ਕਰਨੀ ਮਨੁੱਖ ਦਾ ਪਹਿਲਾ ਨੈਤਿਕ ਫਰਜ਼ ਹੈ। ਉਨ੍ਹਾਂ ਨੇ ਹੰਕਾਰ ਨੂੰ ਸਭ ਰੋਗਾਂ ਦਾ ਕਾਰਨ ਦੱਸਿਆ ਤੇ ਨਿਮਰਤਾ ਸਾਰੇ ਗੁਣਾਂ ਦਾ ਨਿਚੋੜ ਹੈ:

ਮਿਠਤੁ ਨੀਵੀਂ ਨਾਨਕਾ,
ਗੁਣ ਚੰਗਿਆਈਆ ਤੱਤੁ॥

ਉਨ੍ਹਾਂ ਨੇ ਕਿਰਤ ਕਰਕੇ ਜੀਵਨ ਗੁਜ਼ਾਰਨ ਦਾ ਉਪਦੇਸ਼ ਦਿੱਤਾ। ਛਲ, ਫਰੇਬ ਕਰਕੇ ਕਮਾਏ ਧਨ ਦਾ ਖੰਡਨ ਕੀਤਾ। ਜਿਵੇਂ ਉਨ੍ਹਾਂ ਨੇ ਫਰਮਾਇਆ:

ਹੱਕ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ॥

ਮਨੁੱਖ ਦੇ ਅਮਲ ਚੰਗੇ ਹੋਣੇ ਚਾਹੀਦੇ ਹਨ:

ਮੰਦੇ ਕੰਮੀਂ ਨਾਨਕਾ ਜਦ ਕਦ ਮੰਦਾ ਹੋਇ॥

ਪਰ ਦੇਖਣ ਦੀ ਗੱਲ ਇਹ ਹੈ ਕਿ ਇਸ ਵੇਲੇ ਦਾ ਸਮਾਜ ਹੁਣ ਵੀ ਉਹੀ ਨਹੀਂ, ਭਾਵ ਮਨੁੱਖੀ ਸੋਚ ਵਿਚ ਕੋਈ ਪਰਿਵਰਤਨ ਆਇਆ ਹੈ? ਮਨੁੱਖੀ ਕਦਰਾਂ-ਕੀਮਤਾਂ ਅਜੇ ਵੀ ਓਹੀ ਹਨ, ਸਗੋਂ ਨੈਤਿਕਤਾ ਪੱਖੋਂ ਦਿਨ-ਬ-ਦਿਨ ਨਿਘਾਰ ਹੀ ਆ ਰਿਹਾ ਹੈ। ਪਰਿਵਾਰਕ ਤੇ ਸਮਾਜਿਕ ਕਦਰਾਂ-ਕੀਮਤਾਂ ਫਿਰ ਬਦਲ ਰਹੀਆਂ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ, ਰਿਸ਼ਤੇਦਾਰਾਂ ਵਿਚ ਉਹ ਭਾਵਨਾਤਮਕ ਸਾਂਝ ਨਹੀਂ ਰਹੀ। ਪਰ ਮਨੁੱਖ ਸਵਾਰਥੀ ਤੇ ਪਦਾਰਥਵਾਦੀ ਬਣਦਾ ਜਾ ਰਿਹਾ ਹੈ। ਸਮਾਜ ਦੇ ਬਾਕੀ ਖੇਤਰਾਂ, ਧਰਮ ਰਾਜਨੀਤੀ ਤੇ ਵਿਦਿਅਕ ਸਭ ਖੇਤਰਾਂ ਵਿਚ ਨਿਘਾਰ ਆ ਚੁੱਕਾ ਹੈ। ਪਹਿਲੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਚਾਰੇ ਪਾਸੇ ਭ੍ਰਿਸ਼ਟਾਚਾਰ, ਬੇਈਮਾਨੀ ਅਤੇ ਅਮਾਨਵੀ ਕਦਰਾਂ-ਕੀਮਤਾਂ ਵਧ ਰਹੀਆਂ ਹਨ। ਗੁਰੂ ਘਰ ਦੀ ਕੀ ਦਸ਼ਾ ਹੈ? ਲੜਾਈਆਂ ਝਗੜੇ ਨਿੱਤ ਹੁੰਦੇ ਹਨ। ਚੌਧਰ ਦੀ ਖਾਤਰ ਕਮੇਟੀਆਂ ਦੇ ਕੇਸ ਕੋਰਟਾਂ ’ਚ ਚੱਲ ਰਹੇ ਹਨ। ਇਹ ਕਮਜ਼ੋਰੀਆਂ ਤੇ ਬੁਰਾਈਆਂ ਜਿਹੜੀਆਂ ਸਮਾਜ ’ਚ ਆਈਆਂ, ਇਨ੍ਹਾਂ ਦੇ ਪਿੱਛੇ ਕੀ ਕਾਰਨ ਹਨ? ਇਨ੍ਹਾਂ ਦਾ ਕਾਰਨ ਇਕੋ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼, ਉਦੇਸ਼, ਸਿਧਾਂਤ ਤੇ ਸਿੱਖਿਆਵਾਂ ਮਨੁੱਖ ਨੂੰ ਦਿੱਤੇ ਸਨ, ਮਨੁੱਖ ਨੇ ਉਨ੍ਹਾਂ ਨੂੰ ਆਪਣੇ ਜੀਵਨ ਦਾ ਆਧਾਰ ਨਹੀਂ ਬਣਾਇਆ।

ਗੁਰਬਾਣੀ ਪੜ੍ਹਨ ਤੇ ਸੁਣਨ ਤੱਕ ਹੀ ਸੀਮਤ ਰਹੀ ਹੈ। ਉਸ ਉੱਤੇ ਅਮਲ ਨਹੀਂ ਹੋਇਆ। ਸ਼ੁੱਭ ਅਮਲਾਂ ਬਿਨਾਂ ਕੁੱਝ ਵੀ ਨਹੀਂ। ਸਾਡੇ ਪ੍ਰਚਾਰਕ, ਧਾਰਮਿਕ ਆਗੂ, ਨਾ ਉਹ ਆਪ ਇਨ੍ਹਾਂ ਸਿਧਾਂਤਾਂ ਨੂੰ ਜੀਵਨ ਵਿਚ ਅਮਲੀ ਰੂਪ ਦੇ ਸਕੇ ਅਤੇ ਨਾ ਲੋਕਾਂ ਨੂੰ ਇਨ੍ਹਾਂ ਦੀ ਪ੍ਰੇਰਨਾ ਦੇ ਸਕੇ। ਇਸ ਲਈ ਜਿਹੜੇ ਦਿਵਸ, ਅਸੀਂ ਗੁਰੂਆਂ ਦੇ ਮਨਾਉਂਦੇ ਹਾਂ, ਬਹੁਤ ਹੀ ਚੰਗੀ ਗੱਲ ਹੈ। ਸਾਨੂੰ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਪਰ ਇੰਨਾ ਹੀ ਕਾਫੀ ਨਹੀਂ। ਜਿੰਨੀ ਦੇਰ ਅਸੀਂ ਉਨ੍ਹਾਂ ਦੇ ਪੂਰਨਿਆਂ ’ਤੇ ਨਹੀਂ ਚੱਲਦੇ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ’ਤੇ ਨਹੀਂ ਚੱਲਦੇ, ਸਮਾਜ ਦਾ ਸੁਧਾਰ ਨਹੀਂ ਹੋ ਸਕਦਾ।

ਉਨ੍ਹਾਂ ਦੇ ਪ੍ਰਕਾਸ਼ ਉਤਸਵ ਮਨਾਉਣੇ ਬੇਅਰਥ ਨਹੀਂ ਹਨ। ਇਸ ਲਈ ਜਿੰਨੀ ਦੇਰ ਮਨੁੱਖੀ ਕਿਰਦਾਰ ਉੱਚਾ ਤੇ ਸੁੱਚਾ ਨਹੀਂ ਹੁੰਦਾ, ਤਾਂ ਮਨੁੱਖੀ ਜੀਵਨ ਸ਼ਾਂਤਮਈ, ਸੁਖਦਾਇਕ ਅਤੇ ਖੁਸ਼ਹਾਲ ਨਹੀਂ ਹੋ ਸਕਦਾ। ਲੋੜ ਹੈ ਹਰ ਮਨੁੱਖ ਆਪਣੇ ਅੰਦਰ ਝਾਂਤੀ ਮਾਰੇ ਕਿ ਮੈਂ ਗੁਰੂ ਸਾਹਿਬਾਨਾਂ ਦੇ ਦਿੱਤੇ ਉਪਦੇਸ਼ਾਂ ’ਤੇ ਚੱਲ ਰਿਹਾ ਹਾਂ?


# 'ਦਿਲਾਂ ਦੀ ਜੂਹ'

## ਕਾਂਡ 12

-ਸ਼ਿਵਚਰਨ ਜੱਗੀ ਕੁੱਸਾ

ਪੰਜਾਬ ਮੇਲ USA






ਅੱਜ ਗਿਆਨੀ ਦੇ ਮੁੰਡੇ ਦਾ ਵਿਆਹ ਸੀ।

ਜੰਨ ਚੜ੍ਹਨੀ ਸੀ।

ਅਜੇ ਪਹੁ ਫ਼ਟੀ ਹੀ। ਅੰਮ੍ਰਿਤ ਵੇਲ਼ੇ ਦਾ ਸ਼ਾਂਤ ਮਾਹੌਲ ਸੀ। ਗੁਰਦੁਆਰਾ ਸਾਹਿਬ ਦਾ ਗ੍ਰੰਥੀ ਅਜੇ ਪਾਠ ਕਰਨ ਲੱਗਿਆ ਨਹੀਂ ਸੀ। ਉਸਤਾਦ ਗਾਇਕ ਲਾਲ ਚੰਦ ਯਮਲਾ ਜੀ ਦਾ ਮਸ਼ਹੂਰ ਗੀਤ, "ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ, ਨੀਝਾਂ ਲਾ-ਲਾ ਦੇਂਹਦੀ ਦੁਨੀਆਂ ਸਾਰੀ ਏ...!" ਲੱਗਣ ਤੋਂ ਬਾਅਦ ਸਪੀਕਰ ਵਾਲ਼ੇ ਨੇ ਬਰਾਤ ਜਾਣ ਵਾਲ਼ੇ ਬਰਾਤੀਆਂ ਨੂੰ ਸੱਦੇ ਦੇਣੇਂ ਸ਼ੁਰੂ ਕਰ ਦਿੱਤੇ।

ਜਦ ਗਿੰਦਰ ਤਿਆਰ ਹੋ ਕੇ ਵਿਆਹ ਵਾਲ਼ੇ ਘਰ ਪਹੁੰਚਿਆ ਤਾਂ ਮੁੰਡੇ ਦੀ "ਨ੍ਹਾਈ-ਧੋਈ" ਹੋ ਰਹੀ ਸੀ।

-"ਆਂਗਣ ਚਿੱਕੜ ਕੀਹਨੇ ਕੀਤਾ ਵੇ, ਕੀਹਨੇ ਡੋਲ੍ਹਿਆ ਪਾਣੀ..!"

-"ਦਾਦੇ ਦਾ ਪੋਤੜਾ 'ਨ੍ਹਾਤੜਾ ਨੀ, ਓਹਨੇ ਡੋਹਲ੍ਹਿਆ ਪਾਣੀ..!" ਦੇ ਗੀਤ ਗਾਏ ਜਾ ਰਹੇ ਸਨ।

ਪਿੰਡ ਦੇ ਬਾਕੀ ਬੰਦਿਆਂ ਨਾਲ਼ ਗਿੰਦਰ ਮੰਜੇ 'ਤੇ ਜਾ ਬੈਠਾ। ਵਿਚੋਲੇ ਦਾ ਮੁੰਡਾ ਗਿੰਦਰ ਨੂੰ ਚਾਹ ਦਾ ਗਿਲਾਸ ਫ਼ੜਾ ਗਿਆ। ਪਰਨੇਂ ਦੇ ਲੜ ਨਾਲ਼ ਗਿਲਾਸ ਫ਼ੜ ਕੇ ਗਿੰਦਰ ਅਜੇ ਚਾਹ ਪੀਣ ਹੀ ਲੱਗਿਆ ਸੀ ਕਿ ਅਚਾਨਕ ਕੇਹਰਾ ਆ ਗਿਆ।

-"ਉਰ੍ਹੇ ਈ ਆ'ਜਾ..!" ਜੁੰਡੀ ਦੇ ਯਾਰ ਕੇਹਰੇ ਨੂੰ ਦੇਖ ਕੇ ਗਿੰਦਰ ਲੇਹ ਦੇ ਫ਼ੁੱਲ ਵਾਂਗ ਖਿੜ ਗਿਆ।

ਕੇਹਰਾ ਵੀ ਬਾਗੋ-ਬਾਗ ਹੋ ਗਿਆ ਸੀ।

ਮੁੰਡਾ ਚਾਹ ਫ਼ੜਾ ਗਿਆ।

-"ਔਹ ਗੋਰਾ ਜਿਆ ਕੌਣ ਬੈਠੈ, ਆਪਣੇ ਪਿੰਡ ਦਾ ਤਾਂ ਲੱਗਦਾ ਨੀ..!"

-"ਜਿਹੜਾ ਟੋਪੀ ਜੀ ਲਈ ਬੈਠੈ..?"

-"ਆਹੋ..!"

-"ਉਹ ਗਿਆਨੀ ਦਾ ਸਰਬੰਧੀ ਐ, ਰਾਤ ਮੇਰੇ ਕੋਲ਼ੋਂ ਈ ਬੋਤਲ ਲੈ ਕੇ ਆਏ ਸੀ, ਪੰਜਾਹ ਸਾਲਾਂ ਬਾਅਦ ਪਹਿਲੀ ਆਰੀ ਆਬਦੇ ਦੇਸ਼ ਆਇਐ..!"

-"ਰਹਿੰਦਾ ਕਿਹੜੇ ਮੁਲਕ 'ਚ ਐ..?"

-"ਮਰੀਕਾ 'ਚ ਰਹਿੰਦੈ, ਪੁਰਾਣਾ ਗਿਆ ਵਿਐ, ਪੰਜਾਹੀਂ ਸਾਲੀਂ ਗੇੜਾ ਮਾਰਿਐ..!"

-"ਸੁਰਗਾਂ 'ਚੋਂ ਨਿਕਲਣ ਨੂੰ ਕੀਹਦਾ ਜੀਅ ਕਰਦੈ ਕੇਹਰਿਆ..! ਐਥੇ ਤਾਂ ਨਰਕ ਐ, ਜਿੰਨਾਂ ਮਰਜ਼ੀ ਐ ਭੋਗੀ ਜਾਹ..!"

-"ਕੋਈ ਲੱਡੂ-ਲੁੱਡੂ ਵੀ ਦੇਹ ਭਤੀਜ, ਵਿਆਹ ਆਲ਼ਾ ਘਰ ਐ, ਸੁੱਕੀ ਚਾਹ ਈ ਪਿਆਈ ਜਾਨੈਂ..!" ਕੇਹਰੇ ਨੇ ਵਰਤਾਵੇ ਮੁੰਡੇ ਨੂੰ ਟਾਂਚ ਕੀਤੀ। ਮੁੰਡਾ ਅੰਦਰੋਂ ਰਲ਼ਵੀਂ ਮਠਿਆਈ ਦਾ ਥਾਲ਼ ਰੱਖ ਗਿਆ।

-"ਗੋਰੀ ਮੇਮ ਨਾਲ਼ ਵਿਆਹਿਆ ਵਿਐ..!"

-"ਲੈ ਫ਼ੇਰ ਤਾਂ ਧਰਤੀ 'ਤੇ ਈ ਸੁਰਗ ਮਾਣਦੈ ਜਿਉਣ ਜੋਕਰਾ, ਫ਼ੇਰ ਐਥੇ ਆ ਕੇ ਇਹਨੇ ਕੀ ਗੁਲਗਲੇ ਲੈਣੇ ਐਂ..? ਜ਼ਿੰਦਗੀ ਦਾ ਨਜ਼ਾਰਾ ਤਾਂ ਕਹਿੰਦੇ ਮੇਮ ਨਾਲ਼ ਰਹਿਣ ਦਾ ਐ..! ਆਪਣੇ ਆਲ਼ੀਆਂ ਤਾਂ ਸਾਲ਼ੀਆਂ ਮੱਝਾਂ ਐਂ..!"

-"ਐਸ਼ ਵੀ ਕਹਿੰਦੇ ਬਥੇਰੀ ਕਰਵਾਉਂਦੀਐਂ, ਤੇ ਰੱਖਦੀਆਂ ਵੀ ਚੰਡ ਕੇ ਐ..!"

-"ਜਦੋਂ ਬੰਦੇ ਨੂੰ ਐਸ਼ ਮਿਲੂ, ਬੰਦਾ ਵਿਗੜੂ ਕਿਉਂ..? ਉਹ ਤਾਂ ਆਪ ਈ ਚੰਡਿਆ ਰਹਿੰਦੈ..! ਆਬਦੀ ਖ਼ੁਸ਼ੀ 'ਚ ਤਾਂ ਕੋਈ ਕਮਲ਼ਾ ਈ ਭੰਗਣਾਂ ਪਾਊ..! ਤੂੰ ਦੱਸ ਬਈ ਜੇ ਬੰਦਾ ਆਬਦੇ ਘਰੇ ਰੰਗਾਂ 'ਚ ਵਸਦਾ ਹੋਊ, ਘਰ ਨੂੰ ਉਜਾੜੂ ਕਿਉਂ..?" ਉਸ ਨੇ ਚਾਹ ਦਾ ਗਿਲਾਸ ਖਾਲੀ ਕਰ ਕੇ ਮੰਜੇ ਦੇ ਪਾਵੇ ਨਾਲ਼ ਰੱਖ ਦਿੱਤਾ, "ਮੇਮ ਵੀ ਨਾਲ਼ ਈ ਆਈ ਐ..?" ਗਿੰਦਰ ਨੂੰ ਟੇਕ ਨਹੀਂ ਆ ਰਹੀ ਸੀ। ਉਸ ਦਾ ਉਸ ਬੰਦੇ ਦੇ ਚਰਨੀਂ ਹੱਥ ਲਾਉਣ ਨੂੰ ਜੀਅ ਕਰਦਾ ਸੀ, ਜੋ ਧਰਤੀ 'ਤੇ ਹੀ ਸਵਰਗ 'ਮਾਣ' ਰਿਹਾ ਸੀ। ਗਿੰਦਰ ਉਨ੍ਹਾਂ ਹੱਥਾਂ ਨੂੰ ਚੁੰਮਣਾ ਚਾਹੁੰਦਾ ਸੀ, ਜੋ ਮੇਮ ਨੂੰ ਲੱਗਦੇ ਸਨ।

-"ਆਪਾਂ ਤਾਂ ਕੇਹਰਿਆ ਧੰਦ ਪਿੱਟਦਿਆਂ ਨੇ ਈ ਮਰ ਜਾਣੈਂ..!" ਗਿੰਦਰ ਨੇ ਸਲੂਣੀਂ ਪਕੌੜੀ ਮੂੰਹ 'ਚ ਪਾ ਕੇ, ਕਸੀਸ ਵੱਟ ਕੇ ਚੱਬੀ ਸੀ।

-"ਝੋਰਿਆ ਦਾ ਕੀ ਫ਼ਾਇਦਾ ਬਾਈ..? ਸਿਆਣੇ ਕਹਿੰਦੇ ਨੀ ਹੁੰਦੇ...? ਪੱਕਾ ਦੇਖ ਕੇ ਕੱਚਾ ਨੀ ਢਾਹੁੰਣਾਂ, ਰੱਖਣਾਂ ਤਾਂ ਤੇਰੀ ਮਰਜ਼ੀ..! ਅਰਸ਼ੋਂ ਤਾਂ ਉਹ ਵੀ ਨੀ ਉੱਤਰੀ, ਹੈ ਤਾਂ ਮੇਮ ਵੀ ਇਨਸਾਨ ਈ, ਰੱਬ ਤਾਂ ਉਹ ਵੀ ਹੈਨ੍ਹੀ..!"

-"ਇਨਸਾਨ - ਇਨਸਾਨ ਵਿਚ ਵੀ ਫ਼ਰਕ ਹੁੰਦੈ ਕੇਹਰਿਆ, ਚੰਗੇ ਦੇਸ਼ਾਂ ਦੇ ਇਨਸਾਨ ਚੰਗੇ ਈ ਹੁੰਦੇ ਐ..! ਆਪਣੇ ਆਲ਼ੀਆਂ ਬਿਨਾਂ ਗੱਲੋਂ ਮਿਲਟ 'ਚ ਝੱਜੂ ਪਾ ਲੈਂਦੀਐਂ, ਨਿੱਕੀ-ਨਿੱਕੀ ਗੱਲ ਤੋਂ ਲੀੜੇ ਪਾੜਨ ਤੱਕ ਜਾਣਗੀਆਂ, ਅਗਲੀਆਂ ਦੀ ਤਾਂ 'ਵਾਜ ਈ ਕਹਿੰਦੇ ਬੰਝਲੀ ਅਰਗੀ ਮਿੱਠੀ ਤੇ ਸੁਰੀਲੀ ਹੁੰਦੀ ਐ..!" ਗਿੰਦਰ ਕਿਸੇ ਆਨੰਦ ਨਾਲ਼ ਮਸਤ ਹੋ ਗਿਆ ਸੀ।

-"ਚਲੋ ਬਈ, ਬੈਠੋ ਬੱਸ 'ਚ..! ਕੁਵੇਲ਼ਾ ਹੋਈ ਜਾਂਦੈ..!" ਵਿਚੋਲੇ ਨੇ ਆ ਕੇ ਗਿੰਦਰ ਦੀ ਮਸਤੀ ਤੋੜੀ। ਗਿੰਦਰ ਦਾ ਦਿਲ ਕੀਤਾ ਵਿਚੋਲੇ ਦੇ ਸਿਰ ਵਿਚ ਇੱਟ ਮਾਰੇ! ਪਰ ਉਹ ਅਤੇ ਕੇਹਰਾ ਜੰਨ ਵਾਲ਼ੀ ਬੱਸ ਵੱਲ ਨੂੰ ਤੁਰ ਪਏ।

ਗੁਰਦੁਆਰੇ ਮੱਥਾ ਟੇਕ ਕੇ ਬਰਾਤ ਵਿਦਾਅ ਹੋ ਗਈ।

-"ਮਰੀਕਾ ਆਲ਼ਾ ਨੀ ਦੀਂਹਦਾ ਬੱਸ 'ਚ..!" ਗਿੰਦਰ ਨੇ ਉਠ ਕੇ ਮੋਟੀ ਜਿਹੀ ਨਜ਼ਰ ਮਾਰੀ।

-"ਹੈ ਕਮਲ਼ਾ..! ਅਗਲੇ ਉਹਨੂੰ ਵਿਆਹ ਆਲ਼ੀ ਕਾਰ 'ਚ ਲੈ ਕੇ ਜਾਣਗੇ..! ਅਗਲਾ 'ਮਰੀਕਾ 'ਚੋਂ ਆ ਕੇ ਆਪਣੇ ਨਾਲ਼ ਬੱਸ 'ਚ ਜਾਊ...? ਕਿਉਂ ਕਮਲ਼ਿਆਂ ਆਲ਼ੀਆਂ ਗੱਲਾਂ ਕਰਦੈਂ ਬਾਈ ਗਿੰਦਰਾ..?"

-"ਗੱਲ ਤਾਂ ਤੇਰੀ ਵੀ ਠੀਕ ਐ..!"

ਬੱਸ ਵਿਚ ਟੇਪ ਵੱਜ ਰਹੀ ਸੀ।

ਗੀਤਾਂ ਦਾ ਆਨੰਦ ਲੈਂਦੇ ਉਹ ਟਿਕਾਣੇਂ ਪੁੱਜ ਗਏ।

ਆਨੰਦ ਕਾਰਜਾਂ ਤੋਂ ਬਾਅਦ ਬਰਾਤ-ਘਰ ਵਿਚ ਦਾਰੂ ਸ਼ੁਰੂ ਹੋ ਗਈ। ਸਪੀਕਰ ਵੱਜ ਰਿਹਾ ਸੀ। ਦੇਸੀ ਦਾਰੂ ਪਾਣੀ ਵਾਂਗ ਵਰਤਾਈ ਜਾ ਰਹੀ ਸੀ। 'ਚੱਕਵੇਂ' ਗੀਤ ਸੁਣਦੇ ਬਰਾਤੀ ਹੱਥ ਵਿਚ ਦਾਰੂ ਦੇ ਗਿਲਾਸ ਫ਼ੜੀ ਨੱਚ ਰਹੇ ਸਨ। ਕੋਈ ਸਿਰ ਉਪਰ ਗਿਲਾਸ ਰੱਖ ਕੇ ਗੇੜਾ ਦੇ ਰਿਹਾ ਸੀ।

-"ਚਲੋ ਪਿੰਡ ਵਿਚ ਦੀ ਗੇੜਾ ਤਾਂ ਦੇਈਏ..!"

-"ਆਹੋ, ਅੱਖ ਤਾਂ ਤੱਤੀ ਕਰਨੀ ਚਾਹੀਦੀ ਐ, ਜੰਨ ਆਏ ਐਂ, ਮਕਾਣ ਥੋੜ੍ਹੋ ਆਏ ਐਂ...!"

ਉਹ ਡੱਬ ਵਿਚ ਬੋਤਲ ਦੇ ਕੇ ਚਾਰ-ਪੰਜ ਜਾਣੇਂ ਪਿੰਡ ਵਿਚ ਨੂੰ ਤੁਰ ਪਏ।

ਜਦੋਂ ਵਿਆਹ ਵਾਲ਼ੇ ਘਰ ਵਾਲ਼ੀ ਵੀਹੀ ਵੜੇ, ਤਾਂ ਉਨ੍ਹਾਂ ਨੂੰ ਮਠਿਆਈ ਵਾਲ਼ੀਆਂ ਪਰਾਂਤਾਂ ਚੁੱਕੀ ਆਉਂਦੀਆਂ ਮੇਲਣਾਂ ਟੱਕਰ ਪਈਆਂ।

-"ਸਦਕੇ ਥੋਡੀ ਸ਼ੌਕੀਨੀ ਦੇ..!" ਸਰਪੰਚ ਨੇ ਲੈਚੀਆਂ ਵਾਲ਼ਾ ਮੂੰਹ ਖੋਲ੍ਹ ਕੇ ਕਿਹਾ।

-"ਐਹਨੂੰ ਤੁੱਕੇ ਚਾਰੋ ਨੀ, ਟੀਰੇ ਬੋਕ ਨੂੰ..!" ਇੱਕ ਮੇਲਣ ਨੇ ਬੋਲੀ ਮਾਰੀ।

ਬਾਕੀ ਸਾਰੀਆਂ ਉੱਚੀ-ਉੱਚੀ ਹੱਸ ਪਈਆਂ।

-"ਸ਼ਕਲ 'ਤੇ ਨਾ ਜਾਹ, ਦਿਲ ਦੇਖ ਦਿਲ..!" ਸਰਪੰਚ ਨੇ ਅੱਡੀ 'ਤੇ ਘੁਕ ਕੇ ਮੋਰ ਬੁਲਾਇਆ।

-"ਖੱਖਰ ਖਾਧਾ ਜਿਆ ਝਾਕਦਾ ਦੇਖ ਕਿਵੇਂ ਐਂ, ਜਿਵੇਂ ਧਿਆਇਆ ਗਧਾ ਛੱਪੜ ਵੱਲ ਝਾਕਦੈ..!"

ਮੇਲਣਾਂ ਫ਼ਿਰ ਹੱਸ ਪਈਆਂ।

-"ਚੜ੍ਹ ਘਨ੍ਹੇੜਿਆਂ 'ਤੇ, ਤੈਨੂੰ ਸਾਰੇ ਪਿੰਡ ਦਾ ਚੱਕਰ ਲੁਆਵਾਂ...!"

-"ਹੋਰ ਤੈਨੂੰ ਗਧੇ ਨੂੰ ਕੀ ਆਉਣਾ ਸੀ...?" ਮੇਲਣ ਨੇ ਬੁੱਲ੍ਹ ਕੱਢੇ।

-"ਆ ਜੱਫ਼ੀ ਪਾ ਫ਼ੇਰ...!"

-"ਤੈਨੂੰ ਜੱਫ਼ੀ ਪਾਉਂਦੀ ਐ ਮੇਰੀ ਜੁੱਤੀ...! ਕਾਣਾ ਬੋਕ..!"

-"ਮਜਨੂੰ ਦੀ ਆਖਤ, ਤੇਰੀ ਅੱਖ ਨੀ ਦੇਖਣ ਵਾਲ਼ੀ...!"

ਮੇਲਣਾਂ ਅੱਗੇ ਲੰਘ ਗਈਆਂ।

ਉਹ ਭਲਵਾਨੀ ਗੇੜਾ ਦੇ ਕੇ ਮੁੜ ਬਰਾਤ-ਘਰ ਆ ਗਏ।

-"ਚਲੋ ਬਈ, ਰੋਟੀ ਦਾ ਸੱਦਾ ਆ ਗਿਆ..!"

ਵਾਜੇ ਵਾਲ਼ਿਆਂ ਦੇ ਪਿੱਛੇ-ਪਿੱਛੇ ਬਰਾਤੀ ਰੋਟੀ ਖਾਣ ਤੁਰ ਪਏ। ਨਸ਼ੇ ਦੀ ਲੋਰ ਵਿਚ ਹੁਣ ਅਮਰੀਕਾ ਵਾਲ਼ਾ ਵੀ ਨੱਚ ਰਿਹਾ ਸੀ। ਹੋਰ ਬਰਾਤੀ ਵੀ ਨੱਚ ਕੇ ਹੱਡ ਮੋਕਲ਼ੇ ਕਰ ਰਹੇ ਸਨ।

-"ਚਾਹੇ 'ਮਰੀਕਾ ਆਲ਼ੇ ਦੇ ਪੈਂਟ ਪਾਈ ਵੀ ਐ, ਨੱਚਦਾ ਪਤੰਦਰ ਚਾਦਰੇ ਆਲ਼ੀ ਚਾਲ ਈ ਐ..!"

-"...........।" ਕੇਹਰਾ ਹੱਸ ਪਿਆ।

-"ਕੁਤਰੇ ਆਲ਼ੀ ਮਸ਼ੀਨ ਮਾਂਗੂੰ ਨਾਚ 'ਚ ਵੀ ਦੂਰੋਂ ਰੁੱਗ ਲਾਉਂਦੈ..!"

-"ਚਾਲ ਮੋਟੀ ਐ ਨ੍ਹਾਂ..!"

-"ਮਰੀਕਾ ਕੀ, ਚਾਹੇ ਅਸੀਂ ਚੰਦ 'ਤੇ ਚਲੇ ਜਾਈਏ, ਚਾਲ ਸਾਡੀ ਦੇਸੀ ਤੇ ਮੋਟੀ ਰਹਿਣੀ ਐਂ..!"

-"ਆਪਣੀ ਗਰਾਰੀ ਜਿਉਂ ਮੋਟੀ ਐ..!"

ਕੇਹਰਾ ਸਿਰ 'ਤੇ ਬੋਤਲ ਰੱਖ ਕੇ ਗੇੜਾ ਦੇਣ ਲੱਗਿਆ, ਤਾਂ ਗਿੰਦਰ ਨੇ ਰੋਕ ਲਿਆ।

-"ਨੱਚਣ ਦੇ ਚਾਅ 'ਚ ਤੂੰ ਆਪਣੀ ਬੋਤਲ ਦੀ ਬਲੀ ਨਾ ਦੇ-ਦੀਂ..! ਮੈਨੂੰ ਲੱਗਦੈ ਹੋਰ ਹੁਣ ਮਿਲਣੀ ਵੀ ਨੀ..!" ਗਿੰਦਰ ਨੇ ਕੇਹਰੇ ਦੇ ਕੰਨ 'ਚ ਕਿਹਾ। ਕੇਹਰੇ ਨੇ ਬੋਤਲ ਸਿਰ ਤੋਂ ਲਾਹ ਕੇ ਡੱਬ 'ਚ ਦੇ ਲਈ। ਉਸ ਨੂੰ ਵੀ ਪਤਾ ਸੀ ਕਿ ਜੇ ਬੋਤਲ ਟੁੱਟ ਗਈ, ਫ਼ਿਰ ਮਿਲਣੀ ਮੁਸ਼ਕਿਲ ਸੀ ਕਿਉਂਕਿ ਬੋਰੀ ਵਿਚੋਂ ਬੋਤਲਾਂ ਖਤਮ ਹੋ ਚੁੱਕੀਆਂ ਸਨ।

ਰੋਟੀ ਖਾਂਦੀ ਬਰਾਤ ਵਿਚ ਪਤਾ ਨਹੀਂ ਕਿਸ ਗੱਲੋਂ, ਅਚਾਨਕ ਬਰਾਤੀ ਲੜ ਪਏ। ਪਹਿਲਾਂ ਗਾਲ਼ੀ-ਗਲ਼ੋਚ, ਫ਼ਿਰ ਹੱਥੋਪਾਈ ਅਤੇ ਫ਼ਿਰ ਕੌਲੀਆਂ-ਥਾਲ਼ ਚੱਲਣ ਲੱਗ ਪਏ। ਤਮਾਸ਼ਬੀਨ ਪਾਸੇ ਖੜ੍ਹ ਕੇ ਦੇਖਣ ਲੱਗ ਪਏ। ਕੌਲੀਆਂ ਅਤੇ ਥਾਲ਼ ਨਿਰੰਤਰ ਚੱਲੀ ਜਾ ਰਹੇ ਸਨ। ਉਨ੍ਹਾਂ ਨੂੰ ਦੇਖ ਕੇ ਅਮਰੀਕਾ ਵਾਲ਼ਾ ਬਰਾਤੀ ਵੀ ਕੌਲੀਆਂ ਅਤੇ ਥਾਲ਼ ਵਗਾਹ-ਵਗਾਹ ਮਾਰਨ ਲੱਗ ਪਿਆ।

-"ਓਏ ਖੇਮਾਂ ਸਿਆਂ, ਤੂੰ ਕੀ ਕਰੀ ਜਾਨੈਂ..?" ਵਿਚੋਲੇ ਨੇ ਆ ਕੇ ਅਮਰੀਕਾ ਵਾਲ਼ੇ ਖੇਮ ਸਿਉਂ ਨੂੰ ਰੋਕਿਆ। ਉਹ ਸਰਕਸ ਵਾਲ਼ਿਆਂ ਵਾਂਗ ਭਾਂਡੇ ਚਲਾਈ ਜਾ ਰਿਹਾ ਸੀ ਅਤੇ ਭਾਂਡੇ ਗੋਲ਼ੀ ਬਣੇ ਜਾ ਰਹੇ ਸਨ।

-"ਔਹ ਕੀ ਕਰਦੇ ਐ..?" ਖੇਮ ਸਿਉਂ ਨੇ ਥਾਲ਼-ਕੌਲੀਆਂ ਚਲਾਉਂਦੇ ਬਰਾਤੀਆਂ ਵੱਲ ਹੱਥ ਕਰ ਕੇ ਪੁੱਛਿਆ।

-"ਉਨ੍ਹਾਂ ਨੂੰ ਤਾਂ ਅਲ਼ੱਥ ਚੜ੍ਹਿਐ, ਉਹ ਤਾਂ ਲੜਦੇ ਐ, ਪਰ ਤੂੰ ਲੜਾਈ 'ਚ ਪੰਗਾ ਕਿਉਂ ਲੈਨੈ..? ਤੇਰਾ ਤਾਂ ਕਿਸੇ ਨਾਲ਼ ਕੋਈ ਵੈਰ ਨੀ..!" ਵਿਚੋਲੇ ਨੇ ਸਮਝਾਇਆ।

-"ਕੀ ਕਿਹਾ..?? ਉਹ ਲੜਦੇ ਆ...?" ਅਮਰੀਕਾ ਵਾਲ਼ਾ ਖੇਮ ਸਿਉਂ ਦੰਗ ਸੀ। ਹੈਰਾਨੀ ਵਿਚ ਉਸ ਦਾ ਮੂੰਹ ਖੁੱਲ੍ਹਾ ਸੀ।

-"ਤੇ ਹੋਰ ਕੀ ਸੁਆਹ ਕਰਦੇ ਐ..?"

-"ਮੈਂ ਤਾਂ ਸੋਚਿਆ ਸੀ ਕਿਤੇ ਵਿਆਹਾਂ 'ਚ ਭਾਂਡੇ ਚਲਾਉਣ ਦਾ ਕੋਈ ਨਵਾਂ ਰਿਵਾਜ਼ ਚੱਲ ਪਿਆ..!" ਉਹ ਛਿੱਥਾ ਜਿਹਾ ਪਿਆ ਥਾਲ਼ ਸੁੱਟ ਕੇ ਇੱਕ ਖੂੰਜੇ ਨੂੰ ਤੁਰ ਪਿਆ।

ਲੜਨ ਵਾਲ਼ੇ ਲੜਨੋਂ ਹਟਾ ਦਿੱਤੇ ਗਏ। ਉਨ੍ਹਾਂ ਨੂੰ ਅੱਡੋ-ਅੱਡ ਕਰਕੇ ਹੱਥ ਮਿਲਵਾ ਦਿੱਤੇ।

ਕੇਹਰਾ ਅਤੇ ਗਿੰਦਰ ਇੱਕ ਪਾਸੇ ਰੋਟੀ ਖਾਂਦੇ ਮੁਛਕੜੀਏਂ ਹੱਸ ਰਹੇ ਸਨ।

0 0 0 0 0 0 0

ਹਫ਼ਤੇ ਕੁ ਬਾਅਦ ਪਿੰਡ ਦੇ ਡਾਕੀਏ ਨੇ ਆ ਘਰ ਦਾ ਦਰਵਾਜ਼ਾ ਖੜਕਾਇਆ।

ਗਿੰਦਰ ਬਲ਼ਦਾਂ ਨੂੰ ਸੰਨ੍ਹੀਂ ਰਲ਼ਾ ਕੇ ਹਟਿਆ ਸੀ।

-"ਗਿੰਦਰਾ ਉਰ੍ਹੇ ਨੇੜੇ ਹੋ ਮਾੜਾ ਜਿਆ..!" ਡਾਕੀਏ ਨੇ ਅਵਾਜ਼ ਦਿੱਤੀ।, "ਚੰਡੀਗੜ੍ਹੋਂ ਰਜਿਸਟਰੀ ਆਈ ਐ, ਹਰਜਿੰਦਰ ਕੌਰ ਦੇ ਨਾਂ 'ਤੇ..!" ਡਾਕੀਏ ਨੇ ਦੱਸਿਆ ਤਾਂ ਸਾਰਿਆਂ ਦੇ ਚਿਹਰਿਆਂ 'ਤੇ ਖ਼ੁਸ਼ੀ ਦੀ ਲਹਿਰ ਛਾ ਗਈ।

-"ਪਾਸਪੋਰਟ ਆਇਆ ਹੋਣੈਂ..?" ਗਿੰਦਰ ਟੋਕਰਾ ਸੁੱਟ ਕੇ ਬੋਲਿਆ।

-"..............।" ਸੁਣ ਕੇ ਸ਼ਾਮ ਕੌਰ ਨੇ ਧਰਤੀ ਨੂੰ ਨਮਸਕਾਰ ਕੀਤਾ।

-"ਕਰਾ ਕੁੜੀ ਤੋਂ ਦਸਤਖ਼ਤ..!"

-"ਕੁੜ੍ਹੇ ਜਿੰਦਰ..! ਆ ਕੇ 'ਦਸਕਤ' ਕਰ ਪੁੱਤ..!"

ਜਿੰਦਰ ਨੇ ਦਸਤਖ਼ਤ ਕਰਕੇ ਪਾਸਪੋਰਟ ਵਾਲ਼ੀ ਰਜਿਸਟਰੀ ਫ਼ੜ ਲਈ ਅਤੇ ਅੰਦਰ ਚਲੀ ਗਈ।

-"ਚਾਹ ਪੀਵੇਂਗਾ..?" ਗਿੰਦਰ ਨੇ ਪੁੱਛਿਆ।

-"ਚੰਡੀਗੜ੍ਹੋਂ ਆਇਆ ਹੋਵੇ ਕੁੜੀ ਦਾ ਪਾਸਪੋਰਟ, ਤੇ ਪੁੱਛਦਾ ਫ਼ਿਰੇਂ ਸਿਰਫ਼ ਚਾਹ...? ਜੱਟਾਂ ਆਲ਼ੀ ਗੱਲ ਕਰ ਗਿੰਦਰਾ, ਜੱਟਾਂ ਆਲ਼ੀ..! ਯਾਰੀ ਹਾਥੀਆਂ ਨਾਲ਼, ਤੇ ਬਾਰ ਭੀੜ੍ਹੇ..?"

-"ਆਥਣੇ ਕੇਹਰੇ ਦੇ ਆਜੀਂ..! ਓਥੇ ਲਾਉਨੇ ਐਂ ਮੋਰਚਾ..!"

-"ਅੱਜ ਡੰਝਾਂ ਲਾਹੁੰਣੀਐਂ..!"

-"ਮਖਿਆ ਨੁਹਾ ਦਿਆਂਗੇ, ਗੱਲਾਂ ਕਿਹੜੀਆਂ ਕਰਦੈਂ..?"

ਖ਼ੁਸ਼ੀ ਵਿਚ ਗੜੁੱਚ ਡਾਕੀਆ ਤੁਰ ਗਿਆ।

ਉਸ ਦੇ ਜਾਣ ਤੋਂ ਬਾਅਦ ਸਾਰੇ ਟੱਬਰ ਨੇ ਵਾਰੋ-ਵਾਰੀ ਪਾਸਪੋਰਟ ਦੇਖਿਆ। ਸਾਰੇ ਪ੍ਰੀਵਾਰ ਦੀ ਖ਼ੁਸ਼ੀ ਦੀ ਕੋਈ ਸੀਮਾਂ ਨਹੀਂ ਸੀ। ਪਾਸਪੋਰਟ ਉਨ੍ਹਾਂ ਨੇ ਪਹਿਲੀ ਵਾਰ ਦੇਖਿਆ ਸੀ।

-"ਮੈਖਿਆ ਥੇਹ ਹੋਣਾਂ ਪਾਸਪੋਰਟ ਪਤਾ ਨੀ ਕੇਹੋ ਜਿਆ ਹੋਊ..? ਇਹ ਤਾਂ ਰੇਹ ਆਲ਼ੀ ਕਾਪੀ ਅਰਗਾ ਈ ਐ..!"

-"ਹੋਰ ਤੇਰੇ ਭਾਅ ਦਾ ਪਾਸਪੋਰਟ 'ਰਾਸ਼ਣ-ਕਾਟ' ਅਰਗਾ ਹੋਊ..?" ਖ਼ੁਸ਼ੀ ਗਿੰਦਰ ਦੀਆਂ ਕੱਛਾਂ ਵਿਚ ਦੀ ਡੁੱਲ੍ਹ ਰਹੀ ਸੀ।

-"ਇਹਨੂੰ ਸਾਂਭ ਕੇ ਰੱਖ ਦੇ, ਕਿਤੇ ਪਾਣੀ ਦਾ ਛਿੱਟਾ ਨਾ ਪੈਜੇ..!"

-"ਸਾਂਭਦੀ ਐਂ..!"

ਦਿਨ ਛੁਪਦੇ ਨਾਲ਼ ਹੀ ਗਿੰਦਰ ਕੇਹਰੇ ਦੇ ਘਰ ਪਹੁੰਚ ਗਿਆ।

ਡਾਕੀਆ ਪਹਿਲਾਂ ਹੀ ਆਇਆ ਬੈਠਾ ਸੀ।

-"ਲਾਇਆ ਨੀ ਪੈੱਗ-ਸ਼ੈੱਗ..?" ਗਿੰਦਰ ਬੋਲਿਆ।

-"ਤੇਰੇ ਬਿਨਾਂ ਕਿਵੇਂ ਲਾ ਲੈਂਦੇ..?"

-"ਤੇਰੇ ਬਿਨਾਂ ਤਾਂ ਸਾਡਾ ਜੱਗ ਸੰਪੂਰਨ ਨੀ ਹੁੰਦਾ..!"

-"ਕਰ ਲੈਣਾਂ ਸੀ ਮਹੂਰਤ..!"

-"ਮਹੂਰਤ ਨੂੰ ਅਸੀਂ ਪੰਡਤ-ਪਾਧੇ ਥੋੜ੍ਹੋ ਐਂ..? ਅਸੀਂ ਤਾਂ ਖੁਰਗੋ ਪੱਟਾਂਗੇ..!"

ਸਾਰੇ ਹੱਸ ਪਏ।

-"ਕੱਢ'ਲਾ ਸੀਸੀ..! ਹੁਣ ਵਾਜਿਆਂ ਆਲ਼ੇ 'ਡੀਕਦੈਂ..?"

-"ਦਾਰੂ ਦੇ ਨਾਂ ਨੂੰ ਪਤੰਦਰ ਈ ਬਣ ਜਾਨੈਂ..!" ਕੇਹਰਾ ਬੋਤਲ ਚੁੱਕ ਲਿਆਇਆ।

-"ਯਾਰ ਪਤੰਦਰ ਕੀ ਹੁੰਦੈ..? ਪਤੈ ਕਿਸੇ ਨੂੰ..?"

-"ਤੂੰ ਪੈੱਗ ਪਾ, ਮੈਂ ਦੱਸਦੈਂ..!" ਡਾਕੀਏ ਨੇ ਕਿਹਾ।

-"ਪੈੱਗ ਦੇ ਨਾਂ ਨੂੰ ਹੀਂਗਣਾਂ ਈ ਛੁੱਟ ਪਿਆ..!" ਕੇਹਰਾ ਹੱਸ ਪਿਆ।

-"ਤੇਰ੍ਹਵਾਂ ਰਤਨ ਐਂ, ਮੰਦਾ ਬੋਲ ਨਾ ਬੋਲ..!"

-"ਪਤੰਦਰ ਦਾ ਮਤਲਬ ਹੁੰਦੈ; ਮਤਰੇਆ ਪਿਉ..!"

-"ਅੱਛਾ..!" ਉਨ੍ਹਾਂ ਪੈੱਗ ਖਾਲੀ ਕਰ ਦਿੱਤੇ।

-"ਪੁਰਾਣੇਂ ਸਮਿਆਂ 'ਚ ਜਦੋਂ ਕਿਸੇ ਔਰਤ ਦੇ ਘਰਵਾਲ਼ੇ ਦੀ ਮੌਤ ਹੋ ਜਾਂਦੀ ਸੀ, ਤਾਂ ਪਤੀ ਦੇ ਭਰਾ, ਜਾਂ ਕਿਸੇ ਨੇੜਲੇ ਰਿਸ਼ਤੇਦਾਰ ਵੱਲੋਂ ਉਸ ਘਰ 'ਚ ਹੀ, ਮਤਲਬ ਘਰ ਦੀ 'ਪਤ' ਨੂੰ ਘਰ 'ਅੰਦਰ' ਹੀ ਰੱਖਣ, ਭਾਵ ਚਾਦਰ ਪਾਉਣ ਦੀ ਰਸਮ ਕਰਕੇ ਉਸ ਵਿਧਵਾ ਔਰਤ ਨੂੰ ਅਪਣਾ ਲਿਆ ਜਾਂਦਾ ਸੀ, ਉਸ ਔਰਤ ਦੇ ਨਵੇਂ ਪਤੀ ਦਾ ਰਿਸ਼ਤਾ ਉਸ ਦੇ ਬੱਚਿਆਂ ਦਾ 'ਨਵਾਂ ਪਿਤਾ' ਮਤਲਬ "ਪਤੰਦਰ" ਬਣਦਾ...! ਪਰ ਸਾਡੇ ਲੋਕ ਇਸ ਸ਼ਬਦ ਦਾ ਅਰਥ ਜਾਣੇ ਬਿਨਾਂ ਈ ਇਸ ਨੂੰ ਆਮ ਵਰਤੀ ਜਾਂਦੇ ਐ..!"

-"ਲੈ, ਆਹ ਤਾਂ ਪਤਾ ਈ ਨੀ ਸੀ..!"

-"ਡਾਕੀਆ ਤਾਂ ਸਾਡਾ ਬਾਈ ਗੁਣਾਂ ਦੀ ਗੁਥਲੀ ਐ..!"

-"ਘਾਟ-ਘਾਟ ਦਾ ਪਾਣੀ ਪੀਤੈ..!"

-"ਆਪਾਂ ਨੂੰ ਕਿਸੇ ਗੱਲ ਦਾ ਵੀ ਸਲੀਕਾ ਨੀ ਆਉਣਾ ਬਾਈ...!" ਡਾਕੀਏ ਨੂੰ ਹਿੱਚਕੀ ਲੱਗ ਗਈ।

-"ਕਿਵੇਂ...?"

-"ਹਿੰਦੀ ਬੋਲਣ ਆਲ਼ੇ ਆਬਦੇ ਜੁਆਕਾਂ ਨੂੰ ਰਾਤ ਨੂੰ ਪੈਣ ਵੇਲ਼ੇ ਕਹਿਣਗੇ; ਸੋ ਜਾ ਬੇਟੇ, ਰਾਤ ਬਹੁਤ ਹੋ ਗਈ, ਅਬ ਸੋ ਜਾਓ, ਸੁਭਾਹ ਉਠ ਕਰ ਸਕੂਲ ਜਾਨਾ ਹੈ, ਸ਼ੁਭ ਰਾਤਰੀ ਮੇਰੇ ਬੱਚੇ...! ਮੁਸਲਮਾਨ ਕਹਿਣਗੇ; ਅਰਾਮ ਕਰੋ ਬੇਟਾ, ਸ਼ੱਬਾ ਖ਼ੈਰ...! ਆਪਣੇ ਆਲ਼ੀ ਦੇਸੀ ਕਹੂਗੀ; ਸੌਂ ਜਾ ਟੁੱਟ ਪੈਣਿਆਂ, ਸੌਂ ਜਾ, ਔਧਰ ਤੇਰੇ ਪਿਉ ਨੂੰ 'ਅੱਗ ਲੱਗੀ' ਐ...!"

ਸਾਰੇ ਹੱਸ ਪਏ।

ਉਨ੍ਹਾਂ ਦਾਰੂ ਪੀਂਦਿਆਂ ਵੱਡੀ ਰਾਤ ਕਰ ਦਿੱਤੀ।

-ਚੱਲਦਾ

# ਡੇਲੀ ਚੈੱਕ ਕਰਨ ਬਲੱਡ-ਪ੍ਰੈਸ਼ਰ ਹਾਈਪਰਟੈਨਸ਼ਨ ਦੇ ਰੋਗੀ

**"ਲਗਾਤਾਰ ਸਟਰੈਸ ਰਹਿਣਾ, ਗੰਭੀਰ ਬਲੱਡ ਪ੍ਰੈਸ਼ਰ ਦੀ ਹਾਲਤ ਵਿਚ ਸਿਰ ਪੀੜ, ਥਕਾਵਟ, ਉਲਝਣ, ਛਾਤੀ ਵਿਚ ਦਰਦ, ਸਾਹ ਲੈਣ ਵਿਚ ਮੁਸ਼ਕਲ, ਦਿਲ ਦੀ ਤੇਜ਼ ਧੜਕਨ, ਘਬਰਾਹਟ, ਪਸੀਨਾ, ਚੱਕਰ ਆਉਣੇ, ਨੱਕ 'ਚੋਂ ਅਤੇ ਪਿਸ਼ਾਬ ਨਾਲ ਖੂਨ ਆਉਣਾ, ਅੱਖਾਂ 'ਤੇ ਜ਼ੋਰ ਪੈਣਾ, ਅੱਖਾਂ ਲਾਲ ਦਿਸਣਾ, ਨੀਂਦ ਮੁਸ਼ਕਲ ਵਗੈਰਾ ਲੱਛਣ ਦੇਖਣ ਨੂੰ ਮਿਲਦੇ ਹਨ। ਸਟ੍ਰੋਕ ਅਤੇ ਦਿਲ ਦੇ ਦੌਰੇ ਤੋਂ ਬਚਣ ਜਾਂ ਕਿਸੇ ਵੀ ਗੰਭੀਰ ਲੱਛਣ ਦੀ ਹਾਲਤ ਵਿਚ ਬਿਨਾ ਦੇਰੀ ਮੈਡੀਕਲ ਐਮਰਜੈਂਸੀ ਦੀ ਮਦਦ ਲਵੋ" - ਅਨਿਲ ਧੀਰ**


"ਲੰਬੀ ਹੈਲਦੀ ਜ਼ਿੰਦਗੀ ਲਈ ਹਰ ਆਦਮੀ ਆਪਣੇ ਬਲੱਡ-ਪ੍ਰੈਸ਼ਰ ਨੂੰ ਸਮੇਂ-ਸਮੇਂ 'ਤੇ ਚੈੱਕ ਕਰਨ ਅਤੇ ਕੰਟਰੋਲ ਕਰਨਾ ਹੀ ਹਾਈਪਰਟੈਨਸ਼ਨ ਜਾਗਰੂਕਤਾ ਮਹੀਨੇ 2024 ਦਾ ਥੀਮ ਹੈ" ਵਿਸ਼ਵ ਭਰ 'ਚ ਹਾਈਪਰਟੈਨਸ਼ਨ ਜਾਗਰੂਕਤਾ ਮਹੀਨਾ ਮਨਾ ਕੇ ਲੋਕਾਂ ਨੂੰ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ


ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
healthmedia1@hotmail.com
ਪੰਜਾਬ ਮੇਲUSA



ਹੈ। ਇਸ ਮਹੀਨੇ ਦੇ ਦੌਰਾਣ ਤੰਦਰੁਸਤ ਅਤੇ ਰੋਗੀਆਂ ਨੂੰ ਸਮੇਂ-ਸਮੇਂ 'ਤੇ ਆਪਣੇ ਬਲੱਡ-ਪ੍ਰੈਸ਼ਰ ਚੈੱਕ ਕਰਨ, ਹਾਲਾਤ ਮੁਤਾਬਿਕ ਕੰਟਰੋਲ ਕਰਕੇ ਹੈਲਦੀ ਲੰਬੀ ਜ਼ਿੰਦਗੀ ਜਿਊਣ ਲਈ ਜਾਗਰੂਕ ਕੀਤਾ ਜਾਂਦਾ ਹੈ। ਜਾਗਰੂਕ ਕਰਨ ਦਾ ਮਕਸਦ, ਹਾਰਟ ਅਟੈਕ, ਸਟ੍ਰੋਕ, ਕਾਰਨ ਮੌਤ ਦਾ ਅੰਕੜਾ ਘੱਟ ਕਰਨਾ ਵੀ ਹੈ।

ਵਿਸ਼ਵ ਸਿਹਤ ਸੰਸਥਾ ਅਤੇ ਅਮਰੀਕਨ ਹਾਰਟ ਐਸੋਸੀਏਸ਼ਨ ਮੁਤਾਬਿਕ ਵਿਸ਼ਵ ਭਰ ਵਿਚ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਨ ਹਾਈਪਰਟੈਨਸ਼ਨ ਹੈ। ਅੱਜ ਕਰੀਬਨ 1.15 ਬਿਲੀਅਨ, ਘੱਟ ਅਤੇ ਮੱਧ ਆਮਦਨੀ ਵਾਲੇ ਦੇਸ਼ਾਂ ਵਿਚ ਰਹਿਣ ਵਾਲੇ ਲੋਕ ਹਾਈਪਰਟੈਨਸ਼ਨ ਦੇ ਸ਼ਿਕਾਰ ਹਨ। ਜਿਨ੍ਹਾਂ ਵਿਚ ਹਰ ਤੀਜਾ ਆਦਮੀ 'ਤੇ ਹਰ ਦੂਜੀ ਔਰਤ ਹਾਈ ਬਲੱਡ ਪ੍ਰੈਸ਼ਰ ਦੇ ਘੇਰੇ ਵਿਚ ਹਨ। ਗੈਰ-ਮੁਸ਼ਕਿਲ ਬਿਮਾਰੀਆਂ ਲਈ ਅੰਤਰਰਾਸ਼ਟਰੀ ਪੱਧਰ 'ਤੇ 2026 ਤੱਕ ਹਾਈਪਰਟੈਨਸ਼ਨ ਦੇ ਪ੍ਰਸਾਰ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਤੇਜ਼ੀ ਨਾਲ ਬਦਲ ਰਿਹਾ ਲਾਈਫ ਸਟਾਈਲ ਦੇ ਰਿਹਾ ਹੈ-ਹਾਈ ਬਲੱਡ ਪ੍ਰੈਸ਼ਰ ਯਾਨਿ ਹਾਈਪਰਟੈਨਸ਼ਨ। ਬੱਚੇ, ਨੌਜਵਾਨ, ਔਰਤਾਂ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਬਿਮਾਰੀ ਦਾ ਅੰਕੜਾ ਵੱਧ ਰਿਹਾ ਹੈ। ਗੰਭੀਰ ਹਾਈ ਬਲੱਡ ਪ੍ਰੈਸ਼ਰ ਨਾਲ ਵੱਧ ਰਹੀਆਂ ਹਨ, ਦਿਲ, ਦਿਮਾਗ ਤੇ ਗੁਰਦੇ ਦੀਆਂ ਬਿਮਾਰੀਆਂ। ਹਾਈ ਬਲੱਡ ਪ੍ਰੈਸ਼ਰ ਦੀ 50 ਤੋਂ ਵੱਧ ਉਮਰ ਦੇ ਮਰਦਾਂ ਅਤੇ 45 ਦੀ ਉਮਰ 'ਚ ਔਰਤਾਂ ਵਿਚ ਸੰਭਾਵਨਾ ਬਰਾਬਰ ਬਣੀ ਰਹਿੰਦੀ ਹੈ।




ਪ੍ਰਾਇਮਰੀ ਹਾਈ ਬਲੱਡ ਪ੍ਰੈਸ਼ਰ ਸਮੇ ਨਾਲ ਹੌਲੀ-ਹੌਲੀ ਵੱਧਦਾ ਰਹਿੰਦਾ ਹੈ। ਕੁੱਝ ਲੋਕਾਂ ਦਾ ਹਾਈ ਬਲੱਡ ਪ੍ਰੈਸ਼ਰ ਬਾਰਡਰ ਲਾਈਨ ਰਹਿਣ ਨੂੰ ਸੈਕੰਡਰੀ ਹਾਈਪਰਟੈਨਸ਼ਨ ਵੀ ਕਿਹਾ ਜਾਂਦਾ ਹੈ। ਵੱਖ-ਵੱਖ ਦਵਾਈਆਂ, ਲਗਾਤਾਰ ਸਟ੍ਰੈਸ ਅਤੇ ਸਦਮੇ ਨਾਲ ਵੀ ਬਲੱਡ ਪ੍ਰੈਸ਼ਰ ਹਾਈ ਹੋ ਜਾਂਦਾ ਹੈ। ਹਾਈ ਬਲੱਡ ਪ੍ਰੈਸ਼ਰ ਖੂਨ ਦੀਆਂ ਨਾੜੀਆਂ ਕਮਜ਼ੋਰ ਕਰਕੇ ਐਨਿਉਰਿਜ਼ਮ ਬਣਾ ਦਿੰਦਾ ਹੈ। ਜੇ ਐਨਿਉਰਿਜ਼ਮ ਫੱਟ ਜਾਵੇ, ਤਾਂ ਜਾਨਲੇਵਾ ਵੀ ਹੋ ਸਕਦਾ ਹੈ।

ਜਦੋਂ ਦਿਲ ਧਮਨੀਆਂ ਰਾਹੀਂ ਖੂਨ ਨੂੰ ਪੰਪ ਕਰਦਾ ਹੈ, ਤਾਂ ਖੂਨ ਧਮਨੀਆਂ ਦੀ ਵਾਲਜ਼ (ਕੰਧਾਂ) 'ਤੇ ਪੈਣ ਵਾਲੇ ਦਬਾਅ ਨੂੰ ਬਲੱਡ ਪ੍ਰੈਸ਼ਰ ਕਿਹਾ ਦਿੱਤਾ ਜਾਂਦਾ ਹੈ। ਬਲੱਡ ਪ੍ਰੈਸ਼ਰ ਤੁਹਾਡੇ ਨਾੜੀਆਂ ਦੀਆਂ ਵਾਲਜ਼ (ਕੰਧਾਂ) ਦੇ ਖਿਲਾਫ ਖੂਨ ਦਾ ਦਬਾਅ ਹੁੰਦਾ ਹੈ। ਨਾੜੀਆਂ ਇਨਸਾਨੀ ਦਿਲ ਤੋਂ ਖੂਨ ਸਰੀਰ ਦੇ ਬਾਕੀ ਹਿੱਸਿਆਂ 'ਚ ਲੈ ਜਾਂਦੀਆਂ ਹਨ। ਖੂਨ ਦੇ ਵੱਧ ਰਹੇ ਦਬਾਅ ਨੂੰ ਸਿਸਟੋਲਿਕ ਬਲੱਡ ਪ੍ਰੈਸ਼ਰ ਅਤੇ ਘੱਟ ਰਹੇ ਪ੍ਰੈਸ਼ਰ ਨੂੰ ਡਾਇਸਟੋਲਿਕ ਬਲੱਡ ਪ੍ਰੈਸ਼ਰ ਕਿਹਾ ਜਾਂਦਾ ਹੈ। ਤੰਦਰੁਸਤ ਵਿਅਕਤੀ ਦਾ ਉਪਰਲਾ (ਸਿਸਟੋਲਿਕ) ਬਲੱਡ ਪ੍ਰੈਸ਼ਰ 120 ਅਤੇ ਥੱਲੇ ਦਾ ਯਾਨੀ ਡਾਇਸਟੋਲਿਕ ਬਲੱਡ ਪ੍ਰੈਸ਼ਰ 80 ਦੱਸਿਆ ਜਾਂਦਾ ਹੈ। ਉਮਰ ਮੁਤਾਬਿਕ ਅਤੇ ਸਰੀਰਕ-ਮਾਨਸਿਕ ਗਤੀਵਿਧੀਆਂ ਦੇ ਆਧਾਰ 'ਤੇ ਇਹ ਨੰਬਰ ਬਦਲਦਾ ਰਹਿੰਦਾ ਹੈ। ਮਾਹਿਰਾਂ ਵੱਲੋਂ ਸਿਸਟੋਲਿਕ ਅਤੇ ਡਾਇਸੀਟੋਲਿਕ ਬਲੱਡ ਪ੍ਰੈਸ਼ਰ ਦੇ ਲੈਵਲ ਦੀ ਸਮੀਖਿਆ ਕਰਕੇ ਦਿਸ਼ਾ-ਨਿਰਦੇਸ਼ਾਂ ਨਾਲ ਰੋਗੀ ਦੇ ਇਲਾਜ ਵਿਚ ਮਦਦ ਕੀਤੀ ਜਾ ਰਹੀ ਹੈ।

ਆਮ ਬਲੱਡ ਪ੍ਰੈਸ਼ਰ ਰਹਿਣ ਵਾਲਿਆਂ ਨੂੰ ਬਰਾਬਰ ਜਾਂਚ ਅਤੇ ਇਲਾਜ ਲਈ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਹਾਈਪਰਟੈਨਸ਼ਨ ਦੇ ਰੋਗੀ ਰੋਜ਼ਾਨਾ 1 ਵਾਰ ਆਪਣੇ ਘਰ ਵਿਚ ਰੱਖੇ ਬੀ.ਪੀ. ਅਪਰੇਟਸ ਨਾਲ ਬਲੱਡ ਪ੍ਰੈਸ਼ਰ ਜ਼ਰੂਰ ਚੈੱਕ ਕਰਨ। ਡੇਲੀ 8 ਘੰਟੇ ਦੀ ਨੀਂਦ ਸਰੀਰ ਅੰਦਰ ਬਲੱਡ ਸਰਕੂਲੇਸ਼ਨ ਠੀਕ ਕਰਕੇ ਸਟ੍ਰੋਕ, ਦਿਲ ਦੇ ਦੌਰਾ ਤੇ ਹਾਈ ਬਲੱਡ ਪ੍ਰੈਸ਼ਰ ਦੇ ਖਤਰੇ ਨੂੰ ਘੱਟ ਕਰਦੀ ਹੈ।

## ਖਿਆਲ ਰੱਖੋ ਆਪਣਾ :

- ਬਿਮਾਰੀ ਦੀ ਗੰਭੀਰ ਹਾਲਤ ਤੋਂ ਬਚਣ ਲਈ ਪਰੋਪਰ ਇਲਾਜ, ਪੌਸ਼ਟਿਕ ਖੁਰਾਕ, ਸਾਈਕਲਿੰਗ, ਸੈਰ, ਕਸਰਤ ਅਤੇ ਜੀਵਨ ਸ਼ੈਲੀ ਵਿਚ ਤਬਦੀਲੀ ਲਿਆਓ। ਆਪਣੇ ਸਰੀਰ ਦਾ ਵਜ਼ਨ ਨਾ ਵਧਨ ਨਾ ਦਿਓ। ਭੋਜਣ ਤੋਂ ਬਾਅਦ ਰੋਜ਼ਾਨਾ ਘੱਟੋ-ਘੱਟ ਅੱਧਾ ਘੰਟਾ ਸੈਰ ਜ਼ਰੂਰ ਕਰੋ। ਬਚਪਨ ਤੋਂ ਹੀ ਬੱਚਿਆਂ ਨੂੰ ਖੇਡਾਂ, ਯੋਗਾ, ਸਾਈਕਲਿੰਗ ਅਤੇ ਮਾਨਿਸਿਕ ਐਕਟੀਵਿਟੀ ਲਈ ਤਿਆਰ ਕਰੋ।
- ਹਾਈਪਰਟੈਨਸ਼ਨ ਦੀ ਫੈਮਿਲੀ ਹਿਸਟਰੀ ਵਾਲਿਆਂ ਨੂੰ, ਮੋਟਾਪੇ ਦੇ ਸ਼ਿਕਾਰ, ਗੈਰਕਨੂੰਨੀ ਨਸ਼ੀਲੀ ਦਵਾਈਆਂ ਤੇ ਸ਼ਰਾਬ ਦੀ ਵਾਧੂ ਵਰਤੋਂ, ਲਗਾਤਾਰ ਜੰਕ ਫੂਡ ਲੈਣਾ, ਬਿਨਾ ਮਤਲਬ ਸਟ੍ਰੈਸ ਰਹਿਣਾ, ਅਚਾਨਕ ਜ਼ਿਆਦਾ ਗੁੱਸਾ ਅਤੇ ਹਰ ਆਦਮੀ ਤੋਂ ਸ਼ਿਕਾਇਤ ਰੱਖਣ ਦੀ ਆਦਤ ਨੂੰ ਛੱਡਣ ਦੀ ਲੋੜ ਹੈ।
- ਗਰਭਵਤੀ ਔਰਤਾਂ ਅੰਦਰ ਪਲ ਰਹੇ ਬੱਚੇ ਦੀ ਸੇਫਟੀ ਲਈ ਗੈਰਕਨੂੰਨੀ ਨਸ਼ੇ, ਵਾਈਨ, ਸਿਗਾਰ ਦੀ ਵਰਤੋਂ ਤੋਂ ਪ੍ਰਹੇਜ਼ ਕਰਨ। ਅਜਿਹਾ ਨਾ ਕਰਨ ਨਾਲ ਪੈਦਾ ਹੋਣ ਵਾਲਾ ਬੱਚਾ ਵਿਕਲਾਂਗ ਤੇ ਦਿਮਾਗੀ, ਦਿਲ ਦੇ ਰੋਗ ਲੈ ਕੈ ਆ ਸਕਦਾ ਹੈ।
- ਸਸਤਾ ਸਨੈਕ ਕੇਲੇ ਖਾਓ। ਕੇਲੇ ਅੰਦਰ ਮੌਜੂਦ ਪੋਟਾਸ਼ੀਅਮ 10% ਤੱਕ ਖੂਨ ਦੇ ਦਬਾਅ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਤਾਜ਼ੇ ਦਹੀਂ ਵਿਚ ਕੇਲਾ ਮੈਸ਼ ਕਰਕੇ ਖੁਦ ਅਤੇ ਬੱਚਿਆਂ ਨੂੰ ਡੇਲੀ ਖਿਲਾਓ।
- ਵਿਟਾਮਿਨ, ਹਰਬਲ ਸਪਲੀਮੈਂਟਸ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਸ਼ਾਮਲ ਕਰੋ।
- ਡੇਲੀ ਖੁਰਾਕ ਵਿਚ ਜ਼ਿਆਦਾ ਨਮਕ (ਸੋਡੀਅਮ) ਬਲੱਡ ਪ੍ਰੈਸ਼ਰ ਵਧਾ ਦਿੰਦਾ ਹੈ। ਪੋਟਾਸ਼ੀਅਮ ਸਰੀਰ ਅੰਦਰ ਸੈੱਲਾਂ ਵਿਚ ਸੋਡੀਅਮ ਦੀ ਮਾਤਰਾ ਸੰਤੁਲਿਤ ਕਰਨ 'ਚ ਮਦਦ ਕਰਦਾ ਹੈ। ਪੌਸ਼ਟਿਕ ਖੁਰਾਕ ਵਿਚ ਤਾਜ਼ੇ ਫਲ ਅਤੇ ਸਬਜ਼ੀਆਂ ਸਲਾਦ ਦੀ ਸ਼ਕਲ 'ਚ ਅਤੇ ਪੋਟਾਸ਼ੀਅਮ, ਫਾਈਬਰ, ਪ੍ਰੋਟੀਨ ਨੂੰ ਸ਼ਾਮਲ ਕਰੋ। ਤਾਜ਼ਾ ਚੁਕੰਦਰ ਅਤੇ ਚੁਕੰਦਰ ਦੇ ਜੂਸ ਅੰਦਰ ਮੌਜੂਦ ਨਾਈਟ੍ਰੇਟਸ ਖੂਨ ਦੀਆਂ ਨਾੜੀਆਂ ਰੀਲੈਕਸ ਕਰ ਕੇ ਵਧੇ ਹੋਏ ਬਲੱਡ ਪ੍ਰੈਸ਼ਰ ਨੂੰ ਘਟਾ ਦਿੰਦਾ ਹੈ।

**ਨੋਟ** : ਬਲੱਡ-ਪ੍ਰੈਸ਼ਰ ਦਾ ਵੱਧਣਾ ਘੱਟ ਹੋਣਾ ਜਾਨਲੇਵਾ ਹੋ ਸਕਦਾ ਹੈ। ਵੱਧ-ਘੱਟ ਦੀ ਹਾਲਤ 'ਚ ਬਿਨਾਂ ਦੇਰੀ ਆਪਣੇ ਫੈਮਿਲੀ ਡਾਕਟਰ ਦੀ ਮਦਦ ਲਵੋ।

# ਸੋਸ਼ਲ ਮੀਡੀਆ ਦੇ ਵੱਧਦੇ ਪਸਾਰ ਨੇ ਬੱਚੇ ਕੀਤੇ ਕਿਤਾਬਾਂ ਤੋਂ ਦੂਰ

ਸਾਹਿਤ (ਸਾ+ਹਿਤ) ਦੋ ਸ਼ਬਦਾਂ ਦਾ ਸੁਮੇਲ ਹੈ। ਉਹ ਰਚਨਾ ਜੋ ਸਾਰਿਆਂ ਦੇ ਹਿੱਤ ਨੂੰ ਧਿਆਨ 'ਚ ਰੱਖ ਕੇ ਰਚੀ ਜਾਵੇ, ਉਹੀ ਅਸਲ ਸਾਹਿਤ ਅਖਵਾਉਂਦਾ ਹੈ। ਸਾਹਿਤ ਦੀਆਂ ਪ੍ਰਮੁੱਖ ਵੰਨਗੀਆਂ ਹਨ, ਗਦ ਅਤੇ ਪਦ। ਗਦ ਅਧੀਨ ਸਾਡਾ ਵਾਰਤਕ ਸਾਹਿਤ ਹੁੰਦਾ ਹੈ ਤੇ ਪਦ ਅਧੀਨ ਕਵਿਤਾ, ਗ਼ਜ਼ਲ, ਰੁਬਾਈ ਆਦਿ ਸ਼ਾਮਲ ਹਨ। ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਸਾਹਿਤ ਨੂੰ ਸੱਤਿਅਮ, ਸ਼ਿਵਮ, ਸੁੰਦਰਮ ਕਿਹਾ ਗਿਆ ਹੈ। ਸੱਤਿਅਮ ਦਾ ਅਰਥ ਹੈ ਸੱਚ, ਸ਼ਿਵਮ ਦਾ ਅਰਥ ਹੈ ਕਲਿਆਣਕਾਰੀ ਤੇ ਸੁੰਦਰਮ ਦਾ ਅਰਥ ਹੈ ਸੁੰਦਰ ਅਤੇ ਸੁਹਜਮਈ। ਬਾਲ ਸਾਹਿਤ ਬਾਲਾਂ ਲਈ ਰਚਿਆ ਜਾਣ ਵਾਲਾ ਸਾਹਿਤ ਹੈ। ਬਾਲ ਸਾਹਿਤ ਦੀ ਰਚਨਾ ਬਾਲਾਂ ਨੂੰ ਹੀ ਧੁਰਾ ਮੰਨ ਕੇ ਕੀਤੀ ਜਾਂਦੀ ਹੈ। ਇਹ ਮੁੱਢ ਤੋਂ ਹੀ ਮੌਖਿਕ ਰੂਪ 'ਚ ਚੱਲਦਾ ਰਿਹਾ ਹੈ। ਛਾਪਾਖ਼ਾਨਾ ਆਉਣ ਤੋਂ ਬਾਅਦ ਇਹ ਲਿਖਤੀ ਰੂਪ 'ਚ ਸਾਹਮਣੇ ਆਇਆ ਹੈ।

## ਕੀ ਹੁੰਦੀ ਹੈ ਸਾਹਿਤਕ ਰੁਚੀ ?

ਰੁਚੀ ਦਾ ਅਰਥ ਹੈ ਕਿਸੇ ਚੀਜ਼ ਪ੍ਰਤੀ ਦਿਲਚਸਪੀ ਰੱਖਣਾ। ਹਰ ਇਨਸਾਨ ਦੀਆਂ ਵੱਖਰੀਆਂ-ਵੱਖਰੀਆਂ ਰੁਚੀਆਂ ਹੁੰਦੀਆਂ ਹਨ। ਜੋ ਵਿਅਕਤੀ ਸਾਹਿਤ ਪੜ੍ਹਨ-ਲਿਖਣ ਜਾਂ ਸੁਣਨ ਪ੍ਰਤੀ ਮੋਹ-ਪਿਆਰ ਰੱਖਦਾ ਹੈ, ਇਹ ਉਸ ਦੀ ਸਾਹਿਤਕ ਰੁਚੀ ਅਖਵਾਉਂਦੀ ਹੈ। ਇਹ ਤਿੰਨ ਪ੍ਰਕਾਰ ਦੀਆਂ ਰੁਚੀਆਂ ਵਿਚੋਂ ਇਕ ਵੀ ਹੋ ਸਕਦੀ ਹੈ, ਦੋ ਵੀ ਹੋ ਸਕਦੀਆਂ ਹਨ ਤੇ ਤਿੰਨੋਂ ਵੀ ਹੋ ਸਕਦੀਆਂ ਹਨ।

## ਸਹਿਤਕ ਮੋਹ-ਪਿਆਰ ਦੀ ਸਥਿਤੀ

ਅਜੋਕੇ ਸਮੇਂ 'ਚ ਸਾਹਿਤਕ ਰੁਚੀਆਂ ਦੀ ਸਥਿਤੀ ਬਹੁਤੀ ਸੰਤੋਖਜਨਕ ਨਹੀਂ ਹੈ। ਸੋਸ਼ਲ ਮੀਡੀਆ ਦੇ ਪਸਾਰ ਨੇ ਬੱਚਿਆਂ ਨੂੰ ਤਾਂ ਕਿਤਾਬਾਂ ਤੋਂ ਦੂਰ ਕੀਤਾ

-ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ,
ਐਜੂਕੇਸ਼ਨਲ ਕਲਮਨਇਸਟ,
ਮਲੋਟ
ਪੰਜਾਬ ਮੇਲUSA



ਹੀ ਹੈ, ਸਗੋਂ ਬੱਚਿਆਂ ਨੇ ਖ਼ੁਦ ਨੂੰ ਵੀ ਸਵੈ-ਕੇਂਦਰਿਤ ਕਰ ਲਿਆ ਹੈ। ਬੱਚੇ ਤਾਂ ਬੱਚੇ, ਸਗੋਂ ਬਾਲਗ ਵੀ ਇਸ ਦੀ ਲਪੇਟ 'ਚ ਆ ਰਹੇ ਹਨ ਤੇ ਪਾਠਕਾਂ ਦੀ ਗਿਣਤੀ ਘੱਟ ਰਹੀ ਹੈ।

## ਬੱਚੇ ਦਾ ਬਣਨਾ ਪੈਂਦਾ ਹਾਣੀ

ਬਾਲ ਸਾਹਿਤ ਹਾਲੇ ਉਸ ਪੱਧਰ 'ਤੇ ਨਹੀਂ ਰਚਿਆ ਜਾ ਰਿਹਾ, ਜਿਸ ਪੱਧਰ ਤੱਕ ਲਿਖਿਆ ਜਾਣਾ ਚਾਹੀਦਾ ਹੈ ਪਰ ਚੰਗੀ ਗੱਲ ਇਹ ਹੈ ਕਿ ਰਚਿਆ ਜਾ ਰਿਹਾ ਹੈ। ਜੇ ਬਾਲ ਸਾਹਿਤ ਲੇਖਕਾਂ ਦੀ ਗੱਲ ਕਰੀਏ ਤਾਂ ਬਹੁਤ ਹੀ ਗਿਣਵੇਂ-ਚੁਣਵੇਂ ਨਾਂ ਸਾਡੇ ਸਾਹਮਣੇ ਆਉਂਦੇ ਹਨ, ਜਿਵੇਂ ਡਾ. ਦਰਸ਼ਨ ਸਿੰਘ ਆਸ਼ਟ, ਮੋਹਨ ਸਿੰਘ ਦਾਊਂ, ਸਤਪਾਲ ਭੀਖੀ, ਬਲਜਿੰਦਰ ਮਾਨ ਆਦਿ। ਬਾਲ ਸਾਹਿਤ ਦੀ ਸਿਰਜਣਾ ਕਰਨੀ ਬੜਾ ਔਖਾ ਕੰਮ ਹੈ। ਇਸ ਦੀ ਰਚਨਾ ਕਰਨ ਲਈ ਸਾਨੂੰ ਬੱਚੇ ਦੇ ਪੱਧਰ 'ਤੇ ਆ ਕੇ ਉਸ ਦੇ ਹਾਣ ਦਾ ਬਣਨਾ ਪੈਂਦਾ ਹੈ। ਉਨ੍ਹਾਂ ਦੇ ਪੱਧਰ ਦੀ ਬੋਲੀ ਤੇ ਭਾਸ਼ਾ ਦੀ ਵਰਤੋਂ ਕਰਨੀ ਪੈਂਦੀ ਹੈ। ਓਨਾ ਜ਼ੋਰ ਬਾਲਗ ਸਾਹਿਤ ਲਿਖਣ ਵੇਲੇ ਨਹੀਂ ਲੱਗਦਾ, ਜਿੰਨਾ ਬਾਲ ਸਾਹਿਤ ਦੀ ਰਚਨਾ ਕਰਨ ਵੇਲੇ ਲੱਗਦਾ ਹੈ।

## ਕਿਹੋ ਜਿਹੇ ਹੋਣੇ ਚਾਹੀਦੇ ਬਾਲ ਸਾਹਿਤ ਦੇ ਵਿਸ਼ੇ

ਬਾਲਾਂ ਸਬੰਧੀ ਵਿਸ਼ਿਆਂ ਦਾ ਘੇਰਾ ਬਹੁਤ ਵਿਸ਼ਾਲ ਹੈ। ਪ੍ਰਸਿੱਧ ਮਨੋਵਿਗਿਆਨੀ ਫਰਾਇਡ



ਅਨੁਸਾਰ ਬੱਚੇ ਦੇ ਮੁੱਢਲੇ ਸਾਲ ਬਹੁਤ ਮਹੱਤਵਪੂਰਨ ਹੁੰਦੇ ਹਨ, ਜਿਸ ਦੇ ਆਧਾਰ 'ਤੇ ਉਹਦੀ ਪੂਰੀ ਜ਼ਿੰਦਗੀ ਨਿਰਭਰ ਕਰਦੀ ਹੈ। ਬਾਲ ਸਾਹਿਤ ਦੇ ਵਿਸ਼ੇ ਸੂਝ ਨੂੰ ਵਿਕਸਿਤ ਕਰਨ ਵਾਲੇ ਹੋਣੇ ਚਾਹੀਦੇ ਹਨ। ਕਲਪਨਾ-ਸ਼ਕਤੀ ਨੂੰ ਪ੍ਰਚੰਡ ਕਰਨ ਵਾਲੇ ਹੋਣੇ ਚਾਹੀਦੇ ਹਨ। ਅਜਿਹੇ ਵਿਸ਼ੇ ਚੁਣਨੇ ਚਾਹੀਦੇ ਹਨ, ਜਿਸ ਨਾਲ ਉਸ ਦਾ ਸਰਬਪੱਖੀ ਵਿਕਾਸ ਹੋ ਸਕੇ।

## ਲੇਖਕ ਦੀ ਮਨੋਦਸ਼ਾ

ਲੇਖਕ ਦੀ ਮਨੋਦਸ਼ਾ ਬਾਲਕਾਂ ਦੀ ਮਨੋਦਸ਼ਾ ਦੇ ਹਾਣ ਦੀ ਹੋਣੀ ਚਾਹੀਦੀ ਹੈ। ਲੇਖਕ ਆਪਣੀਆਂ ਰਚਨਾਵਾਂ ਵਿਚ ਔਖੀ ਸ਼ਬਦਾਵਲੀ ਨਾ ਵਰਤੇ। ਇਹ ਨਾ ਹੋਵੇ ਕਿ ਲੇਖਕਾਂ ਦੀਆਂ ਲਿਖੀਆਂ ਹੋਈਆਂ ਰਚਨਾਵਾਂ ਉਨ੍ਹਾਂ ਦੇ ਸਮਝ ਨਾ ਆਵੇ। ਜੇ ਔਖੇ ਸ਼ਬਦ ਵਰਤੇ ਜਾਣਗੇ, ਤਾਂ ਪੱਲੇ ਨਹੀਂ ਪੈਣਗੇ, ਜਿਸ ਕਰਕੇ ਬੱਚਿਆਂ ਦਾ ਮੋਹ ਕਿਤਾਬਾਂ ਨਾਲ ਨਹੀਂ ਪਵੇਗਾ।

## ਮਾਪਿਆਂ ਦੀ ਜ਼ਿੰਮੇਵਾਰੀ

ਜੇ ਮਾਪੇ ਖ਼ੁਦ ਸਾਹਿਤਕ ਰੁਚੀ ਨਹੀਂ ਰੱਖਦੇ, ਤਾਂ ਬੱਚੇ ਨੂੰ ਸਾਹਿਤ ਨਾਲ ਕਿਵੇਂ ਜੋੜ ਸਕਦੇ ਹਨ। ਸਾਡੇ ਘਰਾਂ 'ਚ ਸਕੂਲੀ ਕਿਤਾਬਾਂ ਤੋਂ ਇਲਾਵਾ ਕੋਈ ਹੋਰ ਕਿਤਾਬੀ ਕੋਨਾ ਨਹੀਂ ਹੁੰਦਾ, ਜਿੱਥੇ ਸਿਲੇਬਸ ਤੋਂ ਬਾਹਰੀ ਕਿਤਾਬਾਂ ਸ਼ਾਮਿਲ ਹੋਣ। ਮਾਪਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਘਰ ਵਿਚ ਮਿੰਨੀ ਲਾਇਬ੍ਰੇਰੀ ਸਥਾਪਿਤ ਕਰਨ। ਪੁਸਤਕ ਮੇਲੇ 'ਚ ਬੱਚਿਆਂ ਨੂੰ ਨਾਲ ਲਿਜਾ ਕੇ ਉਨ੍ਹਾਂ ਦੀਆਂ ਪਸੰਦ ਦੀਆਂ ਕਿਤਾਬਾਂ ਖ਼ਰੀਦ ਕੇ ਦੇਣ। ਇਹ ਕਿਤਾਬਾਂ ਨਾਲ ਜੋੜਨ ਦਾ ਵੱਡਾ ਉਪਰਾਲਾ ਹੋ ਸਕਦਾ ਹੈ।

## ਲੇਖਕਾਂ ਦੀ ਜ਼ਿੰਮੇਵਾਰੀ

ਲੇਖਕ ਬਾਲ ਸਾਹਿਤ ਦੀ ਰਚਨਾ ਵੀ ਵੱਧ ਤੋਂ ਵੱਧ ਕਰਨ, ਤਾਂ ਜੋ ਵਿਦਿਆਰਥੀ ਵੱਧ ਤੋਂ ਵੱਧ ਸਾਹਿਤ ਨਾਲ ਜੁੜ ਸਕਣ। ਸਾਹਿਤਕਾਰ ਬੌਧਿਕ ਸੋਚ ਵਾਲੇ ਵਿਸ਼ੇ ਦੀ ਚੋਣ ਕਰਨ। ਜਿੰਨ, ਭੂਤ, ਪਰੀਆਂ, ਰਾਖ਼ਸ਼ਾਂ ਆਦਿ ਪਾਤਰਾਂ ਨੂੰ ਤਿਲਾਂਜਲੀ ਦੇਣੀ ਚਾਹੀਦੀ ਹੈ। ਇਸ ਵਲਗਣ ਨੂੰ ਤੋੜਨਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

## ਸੱਚੀਆਂ ਦੋਸਤ ਹੁੰਦੀਆਂ ਹਨ ਕਿਤਾਬਾਂ

ਪਹਿਲਾਂ ਸਕੂਲਾਂ ਵਿਚ ਬਾਲ ਸਭਾਵਾਂ ਲੱਗਦੀਆਂ ਸਨ। ਬੱਚੇ ਆਪਣੀਆਂ ਛੋਟੀਆਂ-ਛੋਟੀਆਂ ਰਚਨਾਵਾਂ ਪੇਸ਼ ਕਰਦੇ ਸਨ ਪਰ ਹੁਣ ਇਹ ਰਿਵਾਜ਼ ਖ਼ਤਮ ਹੋ ਰਿਹਾ ਹੈ। ਕਈ ਵਾਰ ਵਿਦਿਆਰਥੀ ਕੁਝ ਅਜਿਹੀ ਪੇਸ਼ਕਾਰੀ ਕਰਦੇ ਹਨ, ਜਿਸ ਨੂੰ ਸੁਣ ਕੇ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ। ਧਾਰਮਿਕ ਸਮਾਗਮਾਂ ਵਿਚ ਬੱਚੇ ਸ਼ਬਦ-ਕੀਰਤਨ ਵੀ ਵਧੀਆ ਢੰਗ ਨਾਲ ਕਰਦੇ ਹਨ। ਕਵੀਸ਼ਰੀ ਗਾਉਂਦੇ ਵੀ ਵੇਖੇ ਜਾ ਸਕਦੇ ਹਨ। ਪਿਛਲੇ ਸਮੇਂ 'ਚ ਵਿਆਹ-ਸ਼ਾਦੀਆਂ ਦੇ ਪ੍ਰੋਗਰਾਮ ਸਮੇਂ ਛੋਟੀਆਂ ਬੱਚੀਆਂ ਸਿੱਖਿਆ ਬੋਲਦੀਆਂ ਸਨ ਪਰ ਇਹ ਰਿਵਾਜ਼ ਵੀ ਬਿਲਕੁਲ ਖ਼ਤਮ ਹੋ ਚੁੱਕਾ ਹੈ। ਕਿਤਾਬਾਂ ਸਾਡੀਆਂ ਸੱਚੀਆਂ ਦੋਸਤ ਹੁੰਦੀਆਂ ਹਨ, ਜੋ ਸਾਡੇ ਨਾਲ ਜ਼ਿੰਦਗੀ ਦੇ ਤਜ਼ਰਬੇ ਸਾਂਝੇ ਕਰਦੀਆਂ ਹਨ। ਸਾਨੂੰ ਚੰਗੇ ਮਾਪਿਆਂ ਵਾਂਗ ਸਿੱਖਿਆ ਦੇਣ ਦਾ ਕੰਮ ਕਰਦੀਆਂ ਹਨ। ਸੋ ਬਾਲਕਾਂ ਤੇ ਬਾਲਗਾਂ ਦੋਵਾਂ ਵਰਗਾਂ ਨੂੰ ਵੱਧ ਤੋਂ ਵੱਧ ਸਾਹਿਤ ਨਾਲ ਜੁੜਨਾ ਚਾਹੀਦਾ ਹੈ।

## ਸੰਸਥਾਵਾਂ ਤੇ ਅਧਿਆਪਕਾਂ ਦੀ ਭੂਮਿਕਾ

ਪਿਛਲੇ ਕੁਝ ਸਾਲਾਂ ਤੋਂ ਸਿੱਖਿਆ ਵਿਭਾਗ ਨੇ ਬਹੁਤ ਵੱਡਾ ਉਪਰਾਲਾ ਕੀਤਾ ਹੈ ਕਿ ਪ੍ਰਾਇਮਰੀ ਤੋਂ ਸੈਕੰਡਰੀ ਸਕੂਲ ਪੱਧਰ ਤੱਕ ਲਾਇਬ੍ਰੇਰੀ ਗ੍ਰਾਂਟ ਜਾਰੀ ਕੀਤੀ ਜਾ ਰਹੀ ਹੈ, ਤਾਂ ਜੋ ਵਿਦਿਆਰਥੀ ਕਿਤਾਬਾਂ ਨਾਲ ਜੁੜ ਸਕਣ ਤੇ ਸਾਹਿਤਕ ਰੁਚੀਆਂ ਪੈਦਾ ਹੋ ਸਕਣ। ਜਿੱਥੋਂ ਤਕ ਅਧਿਆਪਕਾਂ ਦੀ ਭੂਮਿਕਾ ਹੈ, ਉਸ ਦਾ ਪ੍ਰਭਾਵ ਵਿਦਿਆਰਥੀ ਵੱਧ ਕਬੂਲਦੇ ਹਨ। ਜੇ ਅਧਿਆਪਕ ਵੀ ਲੇਖਕ ਹੋਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਇਕ ਅਧਿਆਪਕ ਬਾਲ-ਲੇਖਕ ਵੀ ਪੈਦਾ ਕਰ ਸਕਦਾ ਹੈ। ਸਕੂਲ 'ਚ ਪੁਸਤਕ ਪ੍ਰਦਰਸ਼ਨੀਆਂ ਵੀ ਲਾਈਆਂ ਜਾ ਸਕਦੀਆਂ ਹਨ। ਕਿਸੇ ਨਾ ਕਿਸੇ ਲੇਖਕ ਨੂੰ ਬੱਚਿਆਂ ਦੇ ਰੂਬਰੂ ਵੀ ਕਰਵਾਉਣਾ ਚਾਹੀਦਾ ਹੈ। ਸਾਹਿਤਕ ਰੁਚੀ ਦੀ ਕੋਈ ਉਮਰ ਨਹੀਂ ਹੁੰਦੀ।

## ਗ਼ਜ਼ਲ

*(ਮਹਾਨ ਕਵੀ ਡਾ. ਸੁਰਜੀਤ ਪਾਤਰ ਨੂੰ ਮੁਖ਼ਾਤਿਬ)*

ਸਾਹਿਤ ਦਾ ਗੁਲਜ਼ਾਰ ਬਣਾਇਆ ਪਾਤਰ ਨੇ।
ਇੱਕ ਵੱਖਰਾ ਸੰਸਾਰ ਬਣਾਇਆ ਪਾਤਰ ਨੇ।
ਸਿਰਜਣ ਵਾਲੀ ਸ਼ਕਤੀ ਭਗਤੀ ਉਸ ਵਿਚ ਸੀ,
ਬਿੰਬਾ ਦਾ ਕਿਰਦਾਰ ਬਣਾਇਆ ਪਾਤਰ ਨੇ
ਗ਼ਜ਼ਲਾਂ ਲੇਖਾਂ ਵਾਲੀ ਕਰਕੇ ਸਿਰਜਨਤਾ,
ਬੋਲੀ ਦਾ ਸਤਿਕਾਰ ਬਣਾਇਆ ਪਾਤਰ ਨੇ।
ਦੇਸ਼ ਵਿਦੇਸ਼ਾਂ ਵਿਚ ਪੰਜਾਬੀ ਦਾ ਸੂਰਜ ,
ਆਰ ਬਣਾਇਆ ਪਾਰ ਬਣਾਇਆ ਪਾਤਰ ਨੇ।
ਇਸ ਦੇ ਸਿਰ ’ਤੇ ਕਲਗੀ ਲਾ ਕੇ ਸਿਰਜਨ ਦੀ,
ਪੰਜਾਬੀ ਨੂੰ ਸਰਦਾਰ ਬਣਾਇਆ ਪਾਤਰ ਨੇ।
ਸਾਹਿਤ ਸਭਾਵਾਂ ਤੇ ਲਿਖਤਾਂ ਦੀ ਜ਼ੁਰਰਤ ਨਾਲ,
ਕਿਰਤਾਂ ਨੂੰ ਹੱਕਦਾਰ ਬਣਾਇਆ ਪਾਤਰ ਨੇ।
ਆਕਾਸ਼ ਬਾਣੀ ਤੇ ਦੂਰਦਰਸ਼ਨ ਦੀ ਪ੍ਰਤਿਭਾ,
ਪ੍ਰਤਿਸ਼ਠਾ ਨੂੰ ਦਮਦਾਰ ਬਣਾਇਆ ਪਾਤਰ ਨੇ।
ਮਾਂ ਬੋਲੀ ਦੀ ਰੱਜ-ਰੱਜ ਸੇਵਾ ਕੀਤੀ ਹੈ,
ਇੱਕ ਸੱਚਾ ਕਿਰਦਾਰ ਬਣਾਇਆ ਪਾਤਰ ਨੇ।
ਮਰਮਸਪਰਸ਼ੀ ਗਜ਼ਲਾਂ ਗੀਤਾਂ ਦੇ ਰਾਹੀਂ,
ਗਾਇਕਾਂ ਨੂੰ ਫਲਕਾਰ ਬਣਾਇਆ ਪਾਤਰ ਨੇ।
ਸਾਹਿਤ ਦੀ ਝੋਲੀ ਵਿਚ ਪਾ ਕੇ ਪੋਥੀਆਂ,
ਇੱਕ ਸੋਹਣਾ ਉਪਹਾਰ ਬਣਾਇਆ ਪਾਤਰ ਨੇ।
ਬੁਣਤੀ ਲੈ ਕੇ ਨਵਯੁੱਗ ਦੇ ਹਾਲਾਤਾਂ ਦੀ,
ਵੱਖਰਾ ਸੱਭਿਆਚਾਰ ਬਣਾਇਆ ਪਾਤਰ ਨੇ।
ਕ੍ਰਿਤੀਤਵ ਤੇ ਵਿਅਕਤੀਤਵ ਦੇ ਫੁੱਲ ਲੈ ਕੇ,
ਸਾਂਝਾਂ ਵਾਲਾ ਹਾਰ ਬਣਾਇਆ ਪਾਤਰ ਨੇ।
ਭਾਸ਼ਾ ਵਾਲੇ ਆਧੁਨਿਕ ਗਹਿਣੇ ਪਾ-ਪਾ ਕੇ,
ਦੁਲਹਨ ਦਾ ਸ਼ਿੰਗਾਰ ਬਣਾਇਆ ਪਾਤਰ ਨੇ।
ਬਾਲਮ ਅੱਖਰ ਜਨਨੀ ਰਾਹੀਂ ਚੁਣ-ਚੁਣ ਕੇ,
ਸ਼ਬਦਾਂ ਦਾ ਭੰਡਾਰ ਬਣਾਇਆ ਪਾਤਰ ਨੇ।



ਬਲਵਿੰਦਰ ਬਾਲਮ ਗੁਰਦਾਸਪੁਰ
ਓਕਾਰ ਨਗਰ ਗੁਰਦਾਸਪੁਰ ਪੰਜਾਬ
ਮੋਬਾਇਲ : 98156-25409

ਪੰਜਾਬ ਮੇਲ USA

## ਦਿਲ ਲਗੀ

ਕੋਈ ਦਸਤਕ ਦੇ ਕੇ ਮੁੜ ਗਿਆ, ਦਿਲ ਦੇ ਦਰਵਾਜ਼ੇ,
ਦਿਲ ਰਹਿ ਗਿਆ ਕੁੱਛ ਲਾਂਵਦਾ, ਕਿਆਫ਼ੇ ਅੰਦਾਜ਼ੇ।

ਕੌਣ ਸੀ ਉਹ ਅਜਨਬੀ, ਅਤੇ ਕਿਉਂ ਸੀ ਆਇਆ,
ਸਵਾਲ ਜਵਾਬ ਕਈ ਉੱਭਰਦੇ, ਕੱਸਣ ਆਵਾਜ਼ੇ।

ਕੀ ਕਿਸੇ ਨੇ ਕੀਤੀਆਂ ਕੋਸ਼ਿਸ਼ਾਂ, ਦਿਲਬਰੀ ਦੀਆਂ ?
ਜਾਂ ਕਰ ਰਿਹਾ ਸੀ ਦਿਲ ਲਗੀ, ਹੋ ਆਸੇ ਪਾਸੇ ?

ਟੁੰਬੀਆਂ ਗਈਆਂ ਕਈ ਸੱਧਰਾਂ, ਪਣਪੀਆਂ ਉਮੀਦਾਂ,
ਸਵਾਦ ਸਵਾਦ ਮਨ ਹੋ ਗਿਆ, ਜਿਵੇਂ ਸ਼ਹਿਦ ਪਤਾਸੇ।

ਸ਼ਹਿ ਮਿਲੀ ਜਜ਼ਬਾਤਾਂ ਨੂੰ, ਫਿਰ ਪ੍ਰਬਲ ਹੋਣ ਦੀ,
ਮਿਲ ਜਾਵਣ ਕਿਤੇ ਰੂਹ ਨੂੰ, ਮੁਸਕਰਾਹਟਾਂ ਹਾਸੇ।

ਹਾਏ ! ਆਵੇ ਫੇਰ ਉਹ ਪਰਤ ਕੇ, ਕਿਤੇ ਭੁੱਲ ਭੁਲੇਖੇ,
ਮਿਲ ਜਾਵਣ ਕਿਤੇ ਜਿੰਦ ਨੂੰ, ਤਸੱਲੀਆਂ ਤੇ ਦਿਲਾਸੇ।

ਹੁਣ ਯਾਦ ਹੀ ਬਾਕੀ ਰਹਿ ਗਈ, ਜਾਂ ਭਰਮ ਨੇ ਪੱਲੇ,
ਦਿੰਦਾ ਰਹਿ ਦਿਲਾ ਆਪ ਨੂੰ, ਹੁਣ ਝੂਠੇ ਧਰਵਾਸੇ।

ਜੰਗਲ ਗਏ ਨਾ ਬਹੁੜਦੇ, ਜਾ ਇੱਛਰਾਂ ਨੂੰ ਪੁੱਛੋ,
ਯੋਗ ਸਨ ਜੋ ਦਿਲਾਂ ਦੇ, ਤੋੜ ਗਏ ਪਰਭਾਸੇ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.

ਪੰਜਾਬ ਮੇਲ USA

## ਪਾਣੀ

ਪਾਣੀ ਨਾਲ ਜਿਉਂਦਾ ਹਰ ਪ੍ਰਾਣੀ
ਤਾਹੀਉਂ ਪਵਣੁ ਗੁਰੂ ਪਾਣੀ ਪਿਤਾ

ਮਾਤਾ ਧਰਿਤ ਮਹਤੁ
ਸ਼ਬਦ ਲਿਖੇ ਗਏ ਵਿਚ ਗੁਰਬਾਣੀ

ਪਾਣੀ ਹੈ ਜੀਵਨ ਦੀ ਅਸਲ ਆਸ
ਪਾਣੀ ਬਚਾਉਣ ਦਾ ਲੋਕੋ ਕਰੋ ਪਰਿਆਸ

ਪਾਣੀ ਦੀ ਜੇਕਰ ਕਰੋਗੇ ਰੱਖਿਆ
ਸੰਕਟ ਸਮੇਂ ਵਿਚ ਕੋਈ ਨਾ ਫਸਿਆ

ਬੂੰਦ-ਬੂੰਦ ਨਾਲ ਭਰ ਜਾਂਦਾ ਸਾਗਰ
ਸਾਗਰ ਤੋਂ ਬਣ ਜਾਂਦੇ ਨੇ ਮਹਾਸਾਗਰ

ਪਾਣੀ ਨਾਲ ਹੈ ਥਾਂ-ਥਾਂ ਹਰਿਆਲੀ
ਬਿਨ ਪਾਣੀ ਤੋਂ ਹੈ ਹਾਲਤ ਮੰਦਹਾਲੀ

ਪਾਣੀ ਹੈ ਜ਼ਿੰਦਗੀ ਦਾ ਅਸਲ ਸੋਨਾ
ਬਿਨ ਪਾਣੀ ਤੋਂ ਪੈ ਸਕਦਾ ਰੋਣਾ

ਪਾਣੀ ਹੈ ਹਰ ਪ੍ਰਾਣੀ ਦੀ ਜਾਨ
ਪਾਣੀ ਨਾਲ ਹੈ ਸਾਡਾ ਦੇਸ ਮਹਾਨ

‘ਜਸਵਿੰਦਰ ਰਾਜਲਹੇੜੀ’ ਰਹੀ ਪਾਣੀ ਬਚਾਉਂਦਾ
ਇਹੋ ਹੈ ਲੋਕੋ ਸਾਡਾ ਅਸਲ ਗਿਆਨ



-ਜਸਵਿੰਦਰ ਰਾਜਲਹੇੜੀ
88721-24001

ਪੰਜਾਬ ਮੇਲ USA

## ਦਰਦ-ਏ-ਪਾਤਰ (ਤੇਰੇ ਬਾਝੋਂ ਪੰਜਾਬ)

### ਸ਼ਰਧਾਂਜਲੀ

ਤੇਰੇ ਬਾਝੋਂ ਪੰਜਾਬ ਤੋਂ ਮਿਰਚਾ ਵਾਰੂ ਕੌਣ
ਮਖਮਲੀ ਆਵਾਜ਼ ਵਿਚ ਕਵਿਤਾ ਉਚਾਰੂ ਕੌਣ
ਖੁਦ ਨੀਵਾਂ ਰਹਿ ਕੇ ਮਾਂ ਬੋਲੀ ਉੱਚੀ ਕਰ ਗਿਆ
ਇੰਨਾ ਭਾਰਾ ਕਰਜ਼ਾ ਉਤਾਰੂਗਾ ਕੌਣ।

ਸੁੰਨਿਆ ਰਾਹਾਂ ਵਿਚ ਪੈੜਾਂ ਦੀਆਂ ਕਰ ਬਾਤਾਂ
ਮਜ਼ਲੂਮਾਂ ਦੇ ਹਿੱਤਾਂ ਲਈ ਤਪਦਾ ਸੀ ਜੋ ਰਾਤਾਂ
ਬਦੇਸਾਂ ’ਚ ਰੁਲਦੇ ਜਾਂ ਬਿਰਖ ਹੋਏ ਬੰਦਿਆਂ
ਇਹ ਸਭਨਾਂ ਦੇ ਦੁੱਖੜੇ ਨਿਹਾਰੂਗਾ ਕੌਣ।

ਤੂੰ ਜਿੱਧਰ ਵੀ ਤੁਰਿਆ ਤਾਂ ਰਾਹ ਬਣ ਗਏ ਨੇ
ਉਹ ਰਾਹ ਮੀਲ ਪੱਥਰ ਦੀ ਥਾਂ ਬਣ ਗਏ ਨੇ
ਸਿਆਸੀ ਕਰਿੰਦੇ ਲੱਗੇ ਦਰਿਆ ਮਕਾਉਣ
ਪਾਣੀ, ਕੁਦਰਤ ਤੇ ਸ਼ਾਂਤੀ ਦੇ ਨਾਰਾ ਲਾਊਗਾ ਕੌਣ।

ਸ਼ਬਦਾਂ ਦਾ ਜਾਦੂਗਰ ਸੀ ਨਾ ਪਾਤਰ ਹੋਰ ਹੋਣਾ
ਉਹਦੇ ਅੱਖਰ ਤੇ ਬੋਲਾਂ ਦੀ ਦੁਨੀਆਂ ਸੀ ਅਨਭੋਲ
ਜਦ ਤੁਰੰਨਮ ’ਚ ਗਾਉਂਦਾ ਤਾਂ ਲੋਕੀਂ ਹੁੰਦੇ ਸੀ ਮੌਨ
ਉਹ ਪਿਆਰੇ ਦੋਸਤੋ ਹੁਣ ਨਾ ਲੱਗਣੇ ਉਹ ਗੌਣ।

ਕਲਮਾਂ ਲਈ ਭਾਵੇਂ ਥਾਂ ਲੱਭਣ ਦੂਰ ਤੁਰ ਗਿਆ
ਪਰ ਪ੍ਰਵਾਸੀ ਨੰਦ ਦੇ ਬਾਬਤ ਵੀ ਕੱਢ ਤਾਂ ਨਿਚੋੜ
ਧਾਲੀਵਾਲ ਨੂੰ ਵਿਸ਼ਵਾਸ ਨਾ ਕਿ ਲਿਖਦੂ ਸਤਰਾਂ ਕੁਝ ਹੋਰ
ਇਹ ਮੇਰੇ ਜਜ਼ਬਾਤ ਸੀ ਬਸ ਲਿਖਤੋਂ ਅੱਖਰ ਜੋੜ।

ਤੇਰੇ ਬਾਝੋਂ ਪੰਜਾਬ ਤੋਂ ਮਿਰਚਾ ਵਾਰੂਗਾ ਕੌਣ
ਮਖਮਲੀ ਆਵਾਜ਼ ਵਿਚ ਕਵਿਤਾ ਉਚਾਰੂਗਾ ਕੌਣ ?
ਪਾਤਰ ਤੇਰਾ ਕਰਜਾ ਉਤਾਰੂਗਾ ਕੌਣ।



-ਐਡਵੋਕੇਟ ਰਵਿੰਦਰ ਸਿੰਘ
ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ. : 78374-90309

ਪੰਜਾਬ ਮੇਲ USA

## ਹਉਮੈ

ਹਉਮੈਂ ਹਿਰਦਾ ਸਾੜ ਦਿੰਦੀ ਹੈ, ਤਹੱਮਲ ਖੁੱਡੇ ਤਾੜ ਦਿੰਦੀ ਹੈ।
ਮੋਢਿਆਂ ਉੱਤੋਂ ਥੁੱਕਾਂ ਥੁੱਕਦੀ, ਧੌਣ ਵਿਚ ਕਿੱਲਾ ਵਾੜ ਦਿੰਦੀ ਹੈ।

ਨੱਕ ’ਚੋਂ ਠੂਹੇਂ ਕੇਰਨ ਲੱਗਦੀ, ਭ੍ਰਿਸ਼ਟ ਮਲੀਨ ਹਵਾੜ੍ਹ ਦਿੰਦੀ ਹੈ।
ਬੰਦੇ ’ਚੋਂ ਬੰਦਾ ਕਰ ਕੇ ਮਨਫ਼ੀ, ਜੀਵਨ ਜੁਗਤ ਮੁਤਾੜ ਦਿੰਦੀ ਹੈ।

ਮਾਣ ਮਗ਼ਰੂਰੀ ਮੈਂ ਮੈਂ ਕਰਦੀ, ਬੋਲ ਬਾਣੀ ਪੱਥਰ ਪਾੜ ਦਿੰਦੀ ਹੈ।
ਦੌਲਤ ਸ਼ੁਹਰਤ ਹਰਾਮ ਕਮਾਈ, ਧੰਦੇ ਨਾਜਾਇਜ਼ ਉਜਾੜ ਦਿੰਦੀ ਹੈ।

ਬਲਾਤ ਹਿੰਸਾ ਨੂੰ ਉਕਸਾਉਂਦੀ, ਧੀ ਭੈਣ ਦੀ ਇੱਜ਼ਤ ਲਤਾੜ ਦਿੰਦੀ ਹੈ।
ਇਖ਼ਲਾਕ ਹੀਣੇ ਜੁਰਮ ਕਰਾਉਂਦੀ, ਮਾਣ ਮਰਯਾਦਾ ਝਾੜ ਦਿੰਦੀ ਹੈ।

ਅੰਨ੍ਹੀ ਘੇਸਲੀ ਗੁੰਗੀ ਬੋਲੀ, ਨੈਤਿਕ ਪ੍ਰਥਾ ਕਰ ਖਿਲਵਾੜ ਦਿੰਦੀ ਹੈ।
ਸਕਤੇ ਦੇ ਛਿੱਤਰ ਤੋਂ ਡਰਦੀ, ਮਾੜੇ ਨੂੰ ਗਿੱਦੜ-ਦਹਾੜ ਦਿੰਦੀ ਹੈ।

ਵਡੱਪਣ ਕਿਸੇ ਦੀ ਜਰ ਨਾ ਹੁੰਦੀ, ਰਕੀਬਾਂ ਦਾ ਹੱਕ ਪਛਾੜ ਦਿੰਦੀ ਹੈ।
ਕਾਤਲਾਂ ਦੇ ਹੱਕ ਵਕਾਲਤ ਕਰਦੀ, ਬੇਦੋਸ਼ੇ ਸੂਲੀ ਚਾੜ੍ਹ ਦਿੰਦੀ ਹੈ।

ਫਫੇਕੁਟਣੀ ਅਫ਼ਵਾਹਾਂ ਦੀ ਨਾਨੀ, ਰਾਈ ਦਾ ਬਣਾ ਪਹਾੜ ਦਿੰਦੀ ਹੈ।
ਅਸਮਾਨੋਂ ਤਾਰੇ ਤੋੜਨ ਲੱਗਦੀ, ਕੁੱਤੀਆਂ ਗਹੀਰੇ ਚਾੜ੍ਹ ਦਿੰਦੀ ਹੈ।

ਹਿੰਸਾ ਨਫ਼ਰਤ ਦੇ ਬੀਜ ਬੀਜਦੀ, ਵਿਹੜੇ ਨੂੰ ਕਰ ਦੁਫਾੜ ਦਿੰਦੀ ਹੈ।
ਮੌਕਾ ਪ੍ਰਸਤ ਸਮਾਂ ਤਾੜਦੀ, ਬਿਗਾਨੀ ਅੱਗ ’ਤੇ ਮੰਡੇ ਰਾੜ੍ਹ ਦਿੰਦੀ ਹੈ।

ਹਰਨਾਖਸ਼ ਹਰਿਆ ਹਉਮੈਂ ਹੱਥੋਂ, ਰਾਵਣ ਦੀ ਲੰਕਾ ਸਾੜ ਦਿੰਦੀ ਹੈ।
ਹੰਕਾਰਿਆ ਸੋ ਮਾਰਿਆ ਕਹਿੰਦੇ, ਤਬਾਹੀ ਦਾ ਪੰਨੂ
ਜੁਗਾੜ ਦਿੰਦੀ ਹੈ।



-ਚਰਨਜੀਤ ਸਿੰਘ ਪੰਨੂ ਸਖੀਰਾ,
ਕੈਲੀਫੋਰਨੀਆ

ਪੰਜਾਬ ਮੇਲ USA

## ਵੋਟ

ਗੱਲ ਜ਼ਰੂਰੀ ਸਭਨਾਂ ਨੂੰ ਜਾ ਕੇ ਸਮਝਾਉਣੀ ਏ
ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਖ਼ਤਮ ਭ੍ਰਿਸ਼ਟਾਚਾਰ ਜੇ ਕਰਨਾ
ਪਾੜ ਅਮੀਰ ਗਰੀਬ ਦਾ ਭਰਨਾ
ਵੇਖੀਂ ਵੋਟ ਨੇ ਜਾਦੂ ਕਰਨਾ
ਫੇਰ ਨਾ ਕਿਧਰੇ ਲੱਗਣਾ ਧਰਨਾ
ਬੇਰੁਜ਼ਗਾਰੀ ਦੀ ਜੇ ਚਾਹੁੰਦੇ ਅਲਖ ਮਿਟਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਮਾਵਾਂ ਦੇ ਪੁੱਤ ਉਮਰ ਹੰਢਾਵਣ
ਉੱਦਮੀ ਬਣਨ ਭਵਿੱਖ ਸਜਾਵਣ
ਚਿੱਟੇ ਵਾਲੀ ਦਲਦਲ ਵਿਚੋਂ
ਹਿੰਮਤ ਕਰਕੇ ਬਾਹਰ ਆਵਣ
ਨਸ਼ਿਆਂ ਦੇ ਦਰਿਆ ਨੂੰ ਜੇਕਰ ਰੋਕ ਲਗਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਚਾਹੁੰਦੇ ਜੇ ਬਦਲਾਵ ਲਿਆਉਣਾ
ਸਹੀ ਨਿਜ਼ਾਮ ਅਸਾਂ ਜੇ ਪਾਉਣਾ
ਦੁਨੀਆਂ ਵਾਲੇ ਨਕਸ਼ੇ ਉੱਤੇ
ਭਾਰਤ ਦਾ ਜੇ ਨਾਂ ਚਮਕਾਉਣਾ
ਸ਼ਾਨ ਤਿਰੰਗੇ ਦੀ ਜੇ ਜੱਗ ’ਤੇ ਹੋਰ ਵਧਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

ਧਰਮ ਜਾਤ ਨੂੰ ਨਾ ਭੜਕਾਈਏ
ਦੇਸ਼ ਦੀ ਖਾਤਰ ਫਰਜ਼ ਨਿਭਾਈਏ
ਹਿੰਸਾ ਖ਼ੂਨ ਖ਼ਰਾਬੇ ਛੱਡ ਕੇ
ਸ਼ਾਂਤਮਈ ਚੋਣਾਂ ਕਰਵਾਈਏ
ਲੋਕਤੰਤਰੀ ਢੰਗ ਨਾਲ ਗੁੱਥੀ ਹਰ ਸੁਲਝਾਉਣੀ ਏ
ਤਾਂ ਇੱਕ ਜੂਨ ਨੂੰ ਸਭ ਤੋਂ ਪਹਿਲਾਂ ਵੋਟ ਹੀ ਪਾਉਣੀ ਏ

- ਨਿਰਮਲ ਸਿੰਘ ਰੱਤਾ।
84270-07623

ਪੰਜਾਬ ਮੇਲ USA

## ਫੁੱਲ

ਫੁੱਲ ਕਬਰਾਂ ਦੇ ਖਿੜੇ ਨਾ ਕਿਸੇ ਕੰਮ ਆਉਂਦੇ,
ਭਾਵੇਂ ਦੇਣ ਖੁਸ਼ਬੋਈਆਂ ਲੱਖ ਕਬਰਾਂ ਤਾਂਈ।
ਫੁੱਲਾਂ ਦੇ ਢੇਰ ਬਜ਼ਾਰਾਂ ਵਿਚ ਲੱਗੇ ਬੜੇ ਵੇਖੇ,
ਖੁਸ਼ੀ ਦੇ ਮੌਕੇ ਲੈ ਜਾਂਦੇ ਲੋਕ ਚਾਂਈ ਚਾਂਈ।

ਕਈ ਜੋੜੇ ਫੁੱਲ ਇਕ ਦੂਜੇ ਨੂੰ ਭੇਟ ਕਰਦੇ,
ਕਈ ਫੁੱਲ ਪੀਰਾਂ ਦੀ ਦਰਗਾਹ ’ਤੇ ਜਾ ਚੜ੍ਹਦੇ।
ਕਈ ਮੁਰਦਿਆਂ ’ਤੇ ਫੁੱਲਾਂ ਦੀ ਕਰਨ ਵਰਖਾ,
ਕਈ ਸਤਿਕਾਰ ਲਈ ਗੁਲਦਸਤੇ ਨੇ ਭੇਟ ਕਰਦੇ।

ਕਈ ਖੁਸ਼ਬੂਦਾਰ ਫੁੱਲਾਂ ਦੀ ਮਹਿਕ ਨੇ ਭੋਰੇ ਪੱਟੇ,
ਰਾਤੀ ਫੁੱਲ ਸੁੰਗੜ ਦਿਆਂ ਵਿਚ ਕੈਦ ਹੋ ਗਏ।
ਮੌਤ ਹੋ ਗਈ ਅੰਦਰ ਜਦ ਸਾਹ ਨਾ ਆਇਆ,
ਆਪਾ ਕਰਕੇ ਕੁਰਬਾਨ ਫੁੱਲਾਂ ਵਿਚ ਸਮੋਅ ਗਏ।

ਸੁਖ ਮੁੱਲਾਪੁਰ ਵੀ ਫੁੱਲਾਂ ਨੂੰ ਪਿਆਰ ਕਰਦਾ,
ਬੀਜ ਬੈਠਾ ਘਰ ਵਿਚ ਤਰ੍ਹਾਂ ਤਰ੍ਹਾਂ ਦੇ ਫੁੱਲ ਸੋਹਣੇ।
ਸੁਵੱਖਤੇ ਸੁਗੰਧੀਆਂ ਲੈਣ ਲਈ ਕੋਲੇ ਜਾ ਬਹਿੰਦਾ,
ਫਿਰ ਕਰ ਦਿੰਦੇ ਦਿਲ ਖੁਸ਼ ਇਹ ਫੁੱਲ ਮਨ ਮੋਹਣੇ।



-ਸੁਖਵਿੰਦਰ ਸਿੰਘ ਮੁੱਲਾਂਪੁਰ
ਮੋਬ: +91-99141-84794

ਪੰਜਾਬ ਮੇਲ USA

## ਨਕਲੀ ਚਿਹਰੇ

ਨਕਲੀ ਚਿਹਰੇ ਵਿੱਚੋਂ ਹੋਰ
ਠਿੱਬੀ ਲਾਉਣ ਨੂੰ ਲਾਉਂਦੇ ਜ਼ੋਰ
ਸਾਹਮਣੇ ਕਰਨ ਉਹ ਜੈ ਜੈਕਾਰ
ਪਿੱਛੋਂ ਕਰਨ ਹੋਰ ਦੀ ਹੋਰ

ਮੂੰਹ ਦੇ ਮਿੱਠੜੇ ਕਲਾਵੇ ਲੈਣ
ਦਿਲ ਦੇ ਵਿਚ ਕੋਈ ਖੋਟ ਹੋਰ
ਕਹਿਣ ਭਾਵੇਂ ਉਹ ਅਸੀਂ ਹਾਂ ਤੇਰੇ
ਅੰਦਰੋਂ ਨੇ ਉਹ ਵੱਡੇ ਚੋਰ

ਮੁਖੌਟਾ ਲਾ ਕੇ ਵਿਚਰਨ ਉਹ
ਕੀਤਾ ਨਾ ਕਦੇ ਇਸ 'ਤੇ ਗੌਰ
ਭੇਤ ਨ ਪਵੇ ਕਦੇ ਕਿਸੇ ਦਾ
ਲਾ ਲਓ ਭਾਵੇਂ ਜਿੰਨਾ ਜ਼ੋਰ

'ਰੰਧਾਵਾ' ਨਹੀਂ ਹੈ ਇੱਡਾ ਭੋਲਾ
ਰਹਿੰਦਾ ਹਰ ਦਮ ਆਪਣੀ ਟੌਰ
ਦੁਨੀਆਂ ਦੇਖੀ ਹੰਡੀ ਵਰਤੀ
ਤੂੰ ਨਹੀਂ ਤਾਂ ਬਥੇਰੇ ਹੋਰ

-ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
ਫੋਨ: +1 (916) 320-9444



ਪੰਜਾਬ ਮੇਲUSA

## ਯੁੱਧ ਹਿੰਦ ਪੰਜਾਬ ਦਾ

(ਬਲੂ ਸਟਾਰ ਉਪਰੇਸ਼ਨ)

ਤਪਦੀ ਪਈ ਰੁੱਤ ਉੱਤੋਂ ਜੂਨ ਦਾ ਮਹੀਨਾ ਸੀ,
ਕੜਕਦੀ ਧੁੱਪ ਤਿਪ ਤਿਪ ਚੋਂਦਾ ਪਸੀਨਾ ਸੀ।
ਸੰਗਤ 'ਕੱਠੀ ਸ਼ਹੀਦੀ ਪੁਰਬ ਮਨਾਉਂਦੀ ਸੀ,
ਜ਼ਾਲਮਾਂ ਨੂੰ ਨ ਇਹੋ ਗੱਲ ਕਦੇ ਭਾਉਂਦੀ ਸੀ।

ਚਾਰੇ ਪਾਸੇ ਰਾਤੋ ਰਾਤ ਕਰਫਿਊ ਸੀ ਲਾ 'ਤਾ,
ਨੂੜਕੇ ਪੰਜਾਬ ਚੱਕਰਵਿਊ 'ਚ ਸੀ ਫਸਾ 'ਤਾ।
ਚੁਫ਼ੇਰੇ ਪੁਲਿਸ ਨੇ ਪਾ ਲਈਆਂ ਛਾਉਣੀਆਂ,
ਪਰ ਜਨਤਾ ਹੈਰਾਨ ਤੱਕ ਇਹ ਅਨਹੋਣੀਆਂ।

ਕੇਸਗੜ੍ਹ ਸਣੇ ਸੌ ਗੁਰਦਵਾਰੇ ਸੀ ਘੇਰ ਲਏ,
ਹਰਮੰਦਿਰ ਸਾਹਿਬ ਨਾਕਾ ਲਾ ਕੇ ਵੈਰ ਲਏ।
ਜੰਗ ਸਿੰਘਾਂ ਨਾਲ ਕਰਨ ਦੀ ਤਿਆਰੀ ਸੀ,
ਇੰਦਰਾ ਦੀ ਤਾਂ ਸਮਝੋ ਗਈ ਮੱਤ ਮਾਰੀ ਸੀ।

ਚੁੱਕ ਰੂਸ, ਇੰਗਲੈਂਡ ਦੀ 'ਚ ਝੱਟ ਆਈ ਸੀ,
ਘਰ ਦੇ ਹੀ ਭੇਤੀਆਂ ਨੇ ਸੱਦਕੇ ਬੁਲਾਈ ਸੀ।
ਬਲਦੀ 'ਤੇ ਤੇਲ ਰਕੀਬਾਂ ਆਣ ਪਾਇਆ ਸੀ,
ਬਲੀ ਦੇ ਬੱਕਰੇ ਅਣਭੋਲਾਂ ਨੂੰ ਬਣਾਇਆ ਸੀ।

ਨਾ ਕੋਈ ਚਿਤਾਵਨੀ ਅਗਾਊਂ ਸੁਣਾਈ ਕਿਤੇ,
ਬਿਜਲੀ ਤੇ ਪਾਣੀ ਦੇ ਕੁਨੈਕਸ਼ਨ ਕੱਟ ਦਿੱਤੇ।
ਸੰਗਤਾਂ ਨੇ ਪਰਿਕਰਮਾ 'ਚ ਜਾਪ ਸ਼ੁਰੂ ਕਰ 'ਤੇ,
ਵਾਹਿਗੁਰੂ ਵਾਹਿਗੁਰੂ ਦੇ ਅਲਾਪ ਸ਼ੁਰੂ ਕਰ 'ਤੇ।

ਕੀ ਭਾਣਾ ਵਰਤੇਗਾ ਨ ਇਲਮ ਕਿਸੇ ਤਾਂਈ ਸੀ,
ਜਪੁਜੀ ਸੁਖਮਨੀ ਦੀ ਧੁਨ ਦਿੰਦੀ ਸੁਣਾਈ ਸੀ।
ਤਾੜ ਤਾੜ ਦੀਆਂ ਅਵਾਜ਼ਾਂ ਇੱਕਦਮ ਆਈਆਂ,
ਬੁਛਾੜ ਗੋਲੀਆਂ ਨੇ ਝੱਟ ਭਾਜੜਾਂ ਸੀ ਪਾਈਆਂ।

ਲਾਸ਼ਾਂ ਦੇ ਸਕਿੰਟਾਂ ਵਿਚ ਹੀ ਲੱਗ ਗਏ ਢੇਰ ਸੀ,
ਲੱਥਪੱਥ ਪਰਿਕਰਮਾ ਲਾਲ ਰੰਗੇ ਗਏ ਫੇਰ ਸੀ।
ਹੋਈ ਬੰਬਾਰੀ ਬਾਹਲੀ ਉੱਡਦੇ ਗਏ ਸੀ ਲੋਥੜੇ,
ਬੁੱਢੇ, ਜਵਾਨ, ਬੱਚੇ ਮਰੇ ਉਤੇੜ ਜਿਨ੍ਹਾਂ ਦੇ ਪੋਤੜੇ।

ਹਾਹਾਕਾਰ ਮਚੀ ਸਰੋਵਰ ਲਾਸ਼ਾਂ ਨਾਲ ਭਰਿਆ,
ਅਕਾਲ ਤਖ਼ਤ, ਹਰਿਮੰਦਰ ਛਲਣੀ ਸੀ ਕਰਿਆ।
ਸੁਬੇਗ ਸਿੰਘ ਸੰਤ ਜਰਨੈਲ ਸਿੰਘ ਸ਼ਹੀਦ ਹੋਏ,
ਹੰਝੂਆਂ ਦੇ ਬੁੱਕ ਭਰ ਸਿੱਖ ਸੰਗਤਾਂ ਨੇ ਫੇਰ ਰੋਏ।

ਅਨਮੋਲ ਹੀਰੇ ਕੌਮ ਦੇ ਅੰਜਾਈਂ ਮੌਤੇ ਰੁੜ੍ਹ ਗਏ,
ਨਵੇਂ ਵਿਭੀਸ਼ਨ ਪਿੱਛੋਂ ਵਜ਼ੀਰੀਆਂ 'ਤੇ ਡੁੱਲ੍ਹ ਗਏ।
ਚਾਰ ਦਿਨ ਚਾਰ ਰਾਤਾਂ ਬੀਤਦੀ ਅਣਹੋਣੀ ਰਹੀ,
ਮਰੀਆਂ ਜ਼ਮੀਰਾਂ ਬੰਦ ਜ਼ੁਬਾਨੋਂ ਅਣਕਹੀ ਰਹੀ।

ਤੱਕ ਕੇ ਸਿੱਖਾਂ ਦੇ ਸੀਨੇ ਤਪੇ ਵਾਂਗਰਾਂ ਤੰਦੂਰ ਸੀ,
ਅੱਖਾਂ 'ਚ ਖ਼ੂਨ ਪਰ ਚੇਹਰਾ ਹੋਇਆ ਬੇਨੂਰ ਸੀ।
ਬੇਸ਼ਕੀਮਤੀ ਤੋਸ਼ਾਖ਼ਾਨਾ ਹੋਏ ਸੜ ਕੇ ਸੁਆਹ ਸੀ,
ਸਿੱਖ ਕੇਂਦਰੀ ਲਾਇਬ੍ਰੇਰੀ ਸੜ ਹੋਈ ਤਬਾਹ ਸੀ।

ਵਿਰਸੇ ਦਾ ਅਨਮੋਲ ਖ਼ਜ਼ਾਨਾ ਫੌਜਾਂ ਸੀ ਲੁੱਟਿਆ,
ਨ ਕੋਈ ਖੁਰਾ ਖੋਜ ਹੈ ਕਿੱਥੇ ਲਿਜਾ ਕੇ ਸੁੱਟਿਆ।
ਕਰਕੇ ਭੰਡੀ ਪ੍ਰਚਾਰ ਵੈਰੀ ਵਤਨ ਦਾ ਬਣਾ ਦਿੱਤਾ,
ਜਿਹਦੇ ਧਰਮ ਬਚਾਏ, ਉਨ੍ਹਾਂ ਫੈਸਲਾ ਸੁਣਾ ਦਿੱਤਾ।

ਹਿੰਦ ਅਤੇ ਪੰਜਾਬ ਵਾਲਾ ਯੁੱਧ ਇੰਝ ਹੋਇਆ ਸੀ,
ਆਪਣਿਆਂ ਨੇ ਆਪਣੇ ਬੇਰਹਿਮ ਹੋ ਕੋਹਿਆ ਸੀ।
ਵੋਟਾਂ ਵੇਲੇ ਸਿੱਖਾਂ ਨੂੰ ਸਿਆਸਤੀ ਯਾਦ ਕਰਾਂਵਦੇ,
ਪਰ ਵੋਟਾਂ ਪੁਆ ਕੇ ਝੱਟ ਫਿਰ ਉੱਤੇ ਮਿੱਟੀ ਪਾਂਵਦੇ।

-ਸੇਵਾ ਸਿੰਘ "ਨੂਰਪੁਰੀ"



ਪੰਜਾਬ ਮੇਲUSA

## ਸੱਚ ਦੇ ਵਣਜਾਰੇ

ਯਾਰੋ ਅਸੀਂ ਸੱਚ ਦੇ ਵਣਜਾਰੇ ਹਾਂ,
ਚੰਨ ਵਰਗੇ ਨਾ ਸੀ ਪਰ ਤਾਰੇ ਹਾਂ।

ਕਿਸਮਤ 'ਤੇ ਵੀ ਸਾਨੂੰ ਮਾਣ ਨਹੀਂ,
ਜੋ ਵੀ ਬਣੇ ਹਾਂ ਕਿਰਤ ਦੇ ਸਹਾਰੇ ਹਾਂ।

ਡਾਢੇ ਤੋਂ ਅਸੀਂ ਐਵੇਂ ਡਰਦੇ ਨਹੀਂ,
ਨਾ ਕਮਜ਼ੋਰਾਂ 'ਤੇ ਪੈਂਦੇ ਭਾਰੇ ਹਾਂ।

ਨਾ ਜਾਣੇ ਕੀ ਦੋਸ਼ ਹੈ ਇਸ ਜ਼ੀਨ 'ਚੋਂ,
ਪੰਜਾਬੀ ਹਾਂ ਸਹਿੰਦੇ ਘੱਲੂਘਾਰੇ ਹਾਂ।

ਤਕਦੀਰ 'ਤੇ ਚੱਲੇ ਨਾ ਜ਼ੋਰ ਕੋਈ,
ਹਾਰੇ ਹਾਂ ਆਪਣਿਆ ਤੋਂ ਹਾਰੇ ਹਾਂ।

ਸੱਚ ਜਿਉਂਈਏ ਤੇ ਸੱਚ ਹੰਢਾਈਏ ,
ਭਾਵੇਂ ਕੱਚੇ ਜੇਹੇ ਹੀ ਢਾਰੇ ਹਾਂ।

ਗੱਲ ਇਸ਼ਕ ਹਕੀਕੀ ਦੀ ਹੈ ਕਰੀਏ,
ਰੱਬ ਦੀ ਰਜ਼ਾ 'ਚੋਂ ਰਹਿੰਦੇ ਸਾਰੇ ਹਾਂ।

ਇਸ਼ਕ ਦਾ ਵੀ ਯਾਰੋ ਰੋਗ ਹੰਢਾਈਏ
ਰਾਂਝੇ, ਪੰਨੂ ਤੇ ਮਜਨੂੰ ਸਾਰੇ ਹਾਂ।

ਮਨਦੀਪ ਮਿਲੇ ਤਾਂ ਫਿਰ ਗੱਲ ਕਰੀਏ
ਗਿੱਲ ਤੇਰੇ ਤੋਂ ਸੁਣਦੇ ਲਾਰੇ ਹਾਂ।

-ਮਨਦੀਪ ਗਿੱਲ ਧੜਾਕ
99881-11134



ਪੰਜਾਬ ਮੇਲUSA

## ਤਾਂ ਕੀ ਬਣੂੰ

ਸਾਡੀ ਚੁੱਪ ਦਾ ਸ਼ੋਰ ਹੀ ਬਹੁਤ ਹੈ,
ਜਦ ਬੋਲਾਂਗੇ, ਤਾਂ ਕੀ ਬਣੂੰ
ਸਭ ਦਿਲ ਵਿਚ ਦੱਬੀ ਬੈਠੇ ਆਂ ,
ਦਿਲ ਫੋਲਾਂਗੇ, ਤਾਂ ਕੀ ਬਣੂੰ

ਹਾਲੇ ਤਾਂ ਚੁੱਪ ਜਿਹੀ ਵੱਟੀ ਏ,
ਹਾਲੇ ਤਾਂ ਅੱਗ ਜਿਹੀ ਮੱਚੀ ਏ
ਹਾਲੇ ਤਾਂ ਤੱਕੜੀ ਚੱਕੀ ਏ,
ਜਦ ਤੋਲਾਂਗੇ, ਤਾਂ ਕੀ ਬਣੂੰ

ਅਸੀਂ ਹਾਲੇ ਤਾਂ ਮੁਸਕਾਏ ਆਂ,
ਜਦ ਹੱਸਾਂਗੇ, ਤਾਂ ਕੀ ਬਣੂੰ
ਤੁਸੀਂ ਪਹਿਲਾਂ ਈ ਘਬਰਾਏ ਆਂ,
ਤੈਨੂੰ ਤੱਕਾਂਗੇ, ਤਾਂ ਕੀ ਬਣੂੰ

ਆਪਣੇ ਖਾਲਸਾ ਪੰਥ ਦੀਆਂ,
ਓਏ ਵੈਰੀਆ ਤੇਰੇ ਅੰਤ ਦੀਆਂ
ਹਾਲੇ ਤਾਂ ਨੀਹਾਂ ਰੱਖੀਆਂ ਨੇ,
ਘਰ ਛੱਤਾਂਗੇ, ਤਾਂ ਕੀ ਬਣੂੰ

ਹਾਲੇ ਤਾਂ ਗੱਲ ਛੇੜੀ ਏ,
ਤੇਰੇ ਸ਼ਹਿਰ 'ਚ ਮਾਰੀ ਗੇੜੀ ਏ
ਤੈਨੂੰ ਉੱਚੀ ਹਵਾ 'ਚ ਉੱਡਦੇ ਨੂੰ,
ਜਦ ਨੱਪਾਂਗੇ, ਤਾਂ ਕੀ ਬਣੂੰ

ਹਾਲੇ ਦਬਕਾ ਮਾਰਿਆ ਏ,
ਤੇ ਮੁੱਛਾਂ ਨੂੰ ਵੱਟ ਚਾੜ੍ਹਿਆ ਏ
ਗੋਡਾ ਤੇਰੀ ਧੌਣ ਉੱਤੇ,
ਜਦ ਰੱਖਾਂਗੇ, ਤਾਂ ਕੀ ਬਣੂੰ

ਛੇੜੀ ਹੋਈ ਜੰਗ ਦੀਆਂ,
ਤੇਰੇ ਉੱਡਦੇ ਹੋਏ ਪਤੰਗ ਦੀਆਂ,
ਹਾਲੇ ਤਾਂ ਡੋਰਾਂ ਫੜੀਆਂ ਨੇ,
ਜਦ ਕੱਟਾਂਗੇ, ਤਾਂ ਕੀ ਬਣੂੰ

ਹਾਲੇ ਤਾਂ ਭਾਂਬੜ ਬਣਨਾ ਏ,
ਅਸੀਂ ਵਾਂਗ ਮਸ਼ਾਲਾਂ ਬਲਣਾ ਏ
ਅਜੇ ਡਾਨਸੀਵਾਲੀਆ ਧੁਖਦੇ ਆਂ,
ਜਦ ਮੱਚਾਂਗੇ, ਤਾਂ ਕੀ ਬਣੂੰ

ਕੁਲਵੀਰ ਸਿੰਘ ਡਾਨਸੀਵਾਲ,
ਸਰੀ, ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲUSA

## ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ...

1. ਪੰਜਵੇਂ ਗੁਰਾਂ 'ਤੇ ਜ਼ਾਲਮ ਨੇ ਜ਼ੁਲਮ ਕੀਤਾ,
ਤਵੀ ਤੱਤੀ ਦੇ ਦਿੱਤਾ ਬਿਠਾਲ ਉੱਤੇ।
ਹੇਠੋਂ ਅੱਗ ਤੱਤੀ, ਉੱਤੋਂ ਰੇਤ ਤੱਤੀ,
ਸੂਰਜ ਹੋਈ ਜਾਵੇ ਲਾਲੋ ਲਾਲ ਉੱਤੇ।
ਭਾਣਾ ਮੰਨ ਮਿੱਠਾ, ਚਮਕੇ ਨੂਰ ਮੁੱਖ 'ਤੇ,
ਆਉਣ ਦਿੱਤਾ ਨਾ ਰਤਾ ਮਲਾਲ ਉੱਤੇ।
ਸੱਚ-ਧਰਮ ਦੀ ਰੱਖਿਆ ਕਰਨ ਖਾਤਰ,
ਤੇਗ ਖੜਕਣੀ ਚਾਹੀਦੀ ਢਾਲ ਉੱਤੇ।

ਗੁਰੂ ਬਣਦਿਆਂ ਹੀ ਛੇਵੀਂ ਜੋਤ ਨੇ ਤਾਂ,
ਅਮਲ ਕੀਤਾ ਸੀ ਇਸੇ ਖਿਆਲ ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

2. ਪੰਜਵੇਂ ਪਾਤਸ਼ਾਹ ਨੇ ਜਿਵੇਂ ਆਖਿਆ ਸੀ,
ਬਾਬਾ ਬੁੱਢਾ ਜੀ ਬਚਨ ਕਮਾਉਣ ਲੱਗੇ।
ਨਾਨਕ-ਜੋਤ-ਵਾਰਸ ਹਰਿਗੋਬਿੰਦ ਜੀ ਨੂੰ,
ਜ਼ਿੰਮੇਵਾਰੀ ਦਾ ਤਿਲਕ ਲਗਾਉਣ ਲੱਗੇ।
ਬਚਨ ਪਿਤਾ ਦੇ, ਪੁੱਤਰ ਦੀ ਸੂਝ ਦੋਵੇਂ,
ਇੱਕ ਨਵਾਂ ਇਤਿਹਾਸ ਰਚਾਉਣ ਲੱਗੇ।
ਇੱਕ ਖੱਬੇ ਤੇ ਦੂਸਰੀ ਪਾਈ ਸੱਜੇ,
ਤੇਗਾਂ ਦੋ ਦਾਤਾਰ ਸਜਾਉਣ ਲੱਗੇ।

ਕਰਕੇ ਰਸਮ ਪੂਰੀ ਬਾਬੇ ਫਤਹਿ ਬੋਲੀ,
ਨੂਰੀ ਮੁੱਖੜੇ ਚਮਕੇ ਜਲਾਲ ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

3. ਜਦੋਂ ਸਿੱਖਾਂ ਦਾ ਭਟਕਿਆ ਮਨ ਕਿਧਰੇ,
ਗੁਰਾਂ ਗਿਆਨ ਦੇ ਕੇ ਉਹਨੂੰ ਮੋੜਿਆ ਸੀ।
ਹਿਰਦੇ ਵਿਚ ਪ੍ਰੇਮ ਦੀ ਜਾਗ ਲਾ ਕੇ,
ਇੱਕੋ ਰੰਗ ਪ੍ਰਭੂ ਦਾ ਲੋੜਿਆ ਸੀ।
ਵੇਸ, ਭੇਖ, ਪਾਖੰਡ, ਅਗਿਆਨਤਾ ਨੂੰ,
ਸ਼ਬਦ ਬਾਣ ਨੇ ਮੁੱਢੋਂ ਹੀ ਤੋੜਿਆ ਸੀ।
ਅੱਤ ਹੋਈ ਨਾ ਕਿਧਰੇ ਕਠੋਰਤਾ ਦੀ,
ਤਾ ਹੀਂ ਪੀਰੀ ਸੰਗ ਮੀਰੀ ਨੂੰ ਜੋੜਿਆ ਸੀ।

ਵੈਰੀ ਤਾਈਂ ਜਦ ਸੱਚ ਵੰਗਾਰ ਪਾਵੇ,
ਕੜਕ ਤੇਗ ਦੀ ਜਾਪੇ ਜਿਉ ਕਾਲ ਉੱਤੇ।
ਮੀਰੀ ਪੀਰੀ ਦੀਆਂ ਪਹਿਨਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

4. ਛੇਵੇਂ ਗੁਰਾਂ ਨੇ ਸਿੱਖਾਂ ਨੂੰ ਹੁਕਮ ਕੀਤਾ,
ਜਦੋਂ ਜਦੋਂ ਵੀ ਗੁਰੂ ਕੋਲ ਆਵਣਾ ਜੇ।
ਨੇਜੇ, ਤੀਰ, ਤਲਵਾਰ, ਹਥਿਆਰ ਸੱਭੇ,
ਜੋ ਜੋ ਮਿਲੇ ਉਹ ਨਾਲ ਲਿਆਵਣਾ ਜੇ।
ਸ਼ਸ਼ਤਰ-ਵਿਦਿਆ ਵਿਚ ਨਿਪੁੰਨ ਹੋਣਾ,
ਨਾ ਹੀ ਸ਼ਾਸ਼ਤਰ ਮਨੋਂ ਭੁਲਾਵਣਾ ਜੇ।
ਸਿੱਖੋ ਘੋੜ-ਸਵਾਰੀ ਤੇ ਜੰਗ ਕਰਨੀ,
ਸੰਤ ਨਾਲ ਸਿਪਾਹੀ ਕਹਾਵਣਾ ਜੇ।

ਪਹਿਲ ਕਰਨੀ ਨਹੀਂ, ਐਪਰ ਜੇ ਵਾਰ ਹੋਵੇ,
ਚੱਲੇ ਤੇਗ ਫਿਰ ਪੌਣ ਦੀ ਚਾਲ ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

5. ਖੁਦ ਘੋੜੇ 'ਤੇ ਚੜ੍ਹੇ ਹਜੂਰ ਮੇਰੇ,
ਜਾ ਕੇ ਜੰਗਲਾਂ ਵਿਚ ਸ਼ਿਕਾਰ ਕੀਤਾ।
ਸ਼ੇਰ ਨਾਲ ਹੋਇਆ ਕਿਧਰੇ ਟਾਕਰਾ ਜੇ,
ਇੱਕੋ ਝਟਕੇ ਨਾਲ ਉਹਨੂੰ ਸੀ ਪਾਰ ਕੀਤਾ।
ਭਗਤੀ-ਦਰ ਹਰਿਮੰਦਰ ਦੇ ਐਨ ਸਾਹਵੇਂ,
ਉੱਚਾ ਤਖਤ-ਅਕਾਲ ਤਿਆਰ ਕੀਤਾ।
ਦਿਸਣ ਝੂਲਦੇ ਦੋਵੇਂ ਨਿਸ਼ਾਨ ਉੱਚੇ,
ਬੇਗਮ-ਪੁਰੇ ਦਾ ਖਾਕਾ ਤਿਆਰ ਕੀਤਾ।

ਕਦਮਾਂ ਤੇਰਿਆਂ 'ਤੇ ਸਦਾ ਰਹਾਂ ਚੱਲਦਾ,
ਮਿਹਰ ਕਰੇਂ ਜੇ ਦਾਤਾ 'ਰੁਪਾਲ' ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

- ਜਸਵਿੰਦਰ ਸਿੰਘ ਰੁਪਾਲ
ਵਟਸਐਪ ਨੰਬਰ :
+91-98147-15796
ਕੈਲਗਰੀ ਨੰਬਰ :
+1-403-465-1586



ਪੰਜਾਬ ਮੇਲUSA

## ਮੁੱਦਾ

ਜੀਣ ਦੇ ਮੁੱਦੇ ਨੂੰ ਨਾ, ਸਰਦਾ ਕਦੀ ਵੀ ਤੱਜ ਕੇ।
ਘੇਰ ਲੈਣਾ ਜ਼ਿੰਦਗੀ ਨੇ, ਜੋ ਵੀ ਜਾਂਦਾ ਭੱਜ ਕੇ।

ਕੰਵਲ ਫੁੱਲ, ਤੱਕੜੀ ਤੇ ਪੰਜੇ, ਝਾੜੂ ਦਾ ਘਮਸਾਨ ਹੈ,
ਖਫ਼ਾ ਹੋਣਾ ਨਾਅਰਿਆਂ, ਇੱਕ ਦੂਸਰੇ ਵਿਚ ਵੱਜ ਕੇ।

ਮੰਦਰ ਬਣਾ ਕੇ ਰਾਮ ਦਾ, ਜੋ ਵੇਚਦੇ ਨੇ ਵੋਟ ਲਈ,
ਛੱਡ ਜਾਣਾ ਆਸਥਾ ਨੂੰ, ਛੱਜ ਵਿਚ ਉਨ੍ਹਾਂ ਛੱਜ ਕੇ।

ਪੂੰਜੀਪਤ ਬੇਸ਼ਰਮ ਨੇ, ਜੋ ਭੁੱਖਮਰੀ ਹੈ ਵਧ ਰਹੀ,
ਲਹੂ ਪੀਣੀ ਨੀਤ ਹੈ, ਰੱਜਦੀ ਨਹੀਂ ਜੋ ਰੱਜ ਕੇ।

ਹੈ ਅਜ਼ਾਦੀ ਦੀ ਬੜ੍ਹਕ, ਤੇ ਜਸ਼ਨ ਨੇ ਸੰਵਿਧਾਨ ਦੇ,
ਚਿੱਤ ਦੇ ਖੋਟੇ ਕਿਥੇ ਪਰ, ਜਾਣਗੇ ਇਹ ਸਜ ਕੇ।

ਰਿਸਦੇ ਹੀ ਰਿਸਦੇ ਆਖਰਾਂ, ਬਣ ਜਾਣਗੇ ਪੱਕੇ ਨਸੂਰ,
ਕਿੰਨਾ ਵੀ ਕੋਈ ਰੱਖ ਲਏ, ਜ਼ਖਮਾਂ ਨੂੰ ਚਿੱਤੋਂ ਕੱਜ ਕੇ।

ਮਰ ਕੇ ਜਿਊਣੇ ਦਾ ਸੱਚਾ, ਉਹ ਸਬਕ ਸਾਨੂੰ ਦੇ ਗਏ,
ਰਹਿਨੁਮਾ ਜਾਂਦੇ ਰਹੇ, ਮਕਤਲ 'ਚ ਜੋ ਸਜ ਧਜ ਕੇ।

ਚੋਟੀ ਨੇ ਉਹਦਾ ਹੌਂਸਲਾ, ਚੋਟੀ ਦਾ ਕਿਵੇਂ ਪਰਖਣਾ,
ਝੰਡਾ ਹਿਮਾਲੇ ਗੱਡਿਆ, ਜੋ ਸੂਰਮੇ ਨੇ ਗੱਜ ਕੇ।

'ਢੇਸੀ' ਇਹ ਪੁੱਛੇ ਪੰਥ ਤੋਂ, ਕਿੰਝ ਸਰ ਕਰਾਂਗੇ ਮੰਜ਼ਿਲਾਂ,
ਜੇ ਹਿਆਂ ਜਾਂਦਾ ਰਿਹਾ, ਇੱਕ ਦੂਸਰੇ ਵਿਚ ਵੱਜ ਕੇ।

-ਕੁਲਵੰਤ ਸਿੰਘ ਢੇਸੀ,
ਕੁਵੈਂਟਰੀ, ਯੂ.ਕੇ.



ਪੰਜਾਬ ਮੇਲUSA

## ਲੋਕ

ਡੁੱਬਦੇ ਨੂੰ ਵੇਖ ਕੇ ਹੱਸਦੇ ਲੋਕ,
ਡਿੱਗਦੇ ਨੂੰ ਵੇਖ ਕੇ ਨੱਸਦੇ ਲੋਕ।

ਕਿਸੇ ਕੋਲ ਜੇ ਹੋਵਣ ਖੁਸ਼ੀਆਂ,
ਉਸ ਤੋਂ ਖੁਸ਼ੀਆਂ ਖੱਸਦੇ ਲੋਕ।

ਕੋਲ ਹੋਵੇ ਜਿੰਨਾ ਮਰਜ਼ੀ ਧਨ,
ਖ਼ੁਦ ਨੂੰ ਧਨਹੀਣ ਦੱਸਦੇ ਲੋਕ।

ਕੋਈ ਇਨ੍ਹਾਂ ਤੋਂ ਅੱਗੇ ਨਾ ਲੰਘੇ,
ਉਸ ਨੂੰ ਸੱਪ ਬਣ ਡੱਸਦੇ ਲੋਕ।

ਆਪਣੇ ਬਾਰੇ ਚੁੱਪ ਨੇ ਰਹਿੰਦੇ,
ਦਿਲ ਦੀ ਗੱਲ ਨਾ ਦੱਸਦੇ ਲੋਕ।

ਠੀਕ ਰਾਹ 'ਤੇ ਤੁਰਨ ਵਾਲੇ ਨੂੰ,
ਪਾਗਲ ਕਹਿ ਕੇ ਹੱਸਦੇ ਲੋਕ।

ਜਿਸ ਦੇ ਹੱਥ 'ਚ ਹੋਵੇ ਡਾਂਗ,
ਉਸ ਤੋਂ ਡਰ ਕੇ ਨੱਸਦੇ ਲੋਕ।

-ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 9915803554



ਪੰਜਾਬ ਮੇਲUSA



REALTY ONE GROUP

Gurjatinder S. Randhawa

REALTOR CA DRE licence # 01490567



Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com